ਸਿਰਜਣਾ

ਜੁਲਾਈ-ਸਤੰਬਰ 2017 (ਅੰਕ 185)

July- September 2017

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

ਇਜਾਜ਼ਤ
Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: ____________

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43-B, Chandigarh - 160022 India

ਤਾਰੀਕ –Date: 25-10-2014

ਸਿਰਜਣਾ



ਜੁਲਾਈ - ਸਤੰਬਰ 2017 **185** 40 ਰੁਪਏ

ਸਿਰਜਣਾ

185

ਜੁਲਾਈ - ਸਤੰਬਰ 2017

ਸੰਪਾਦਕ : ਰਘਬੀਰ ਸਿੰਘ
Editor : Raghbir Singh

1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

SIRJANA
1728, Sector 43-B,
Chandigarh-160 043
INDIA
Phone : +91-172-2601693
E-mail :
raghbirssirjana@yahoo.com

Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

Account Name
SIRJANA
Account Number:
Current Account
00321100082130
Bank-Branch
Punjab & Sind Bank
17-C, Chandigarh
IFSC Code:
PSIB 0000032

ਟਾਈਟਲ ਚਿੱਤਰ : ਦੇਵ

ਚੰਦਾ-ਦਸ ਅੰਕ : ਦੇਸ : 400 ਰੁਪਏ, ਪੰਜ ਸਾਲ : 800 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 30 ਪੌਂਡ, 50 ਡਾਲਰ, ਪੰਜ ਸਾਲ : 60 ਪੌਡ, 100 ਡਾਲਰ

ਇਸ ਅੰਕ ਵਿਚ

ਸੰਪਾਦਕੀ/ਪੰਜਾਬੀ ਲਈ ਸੰਘਰਸ਼/1

ਦੇਵ/ਗਹਿਰੇ ਰਿਸ਼ਤੇ 'ਚ ਜੁੜੀਆਂ ਕਵਿਤਾਵਾਂ/3

ਗੁਰਦੀਪ ਸਿੰਘ ਢੁੱਡੀ/ਛੇ ਛੋਟੀਆਂ ਕਵਿਤਾਵਾਂ/12

ਗੁਰਚਰਨ/ਦੋ ਨਜ਼ਮਾਂ/14

ਜਤਿੰਦਰ ਸਿੰਘ ਹਾਂਸ/ਕਹਾਣੀ/ਅੰਨ ਬ੍ਰਹਮ ਹੈ/17

ਜਿੰਦਰ/ਕਹਾਣੀ/ਵਿਦਾਅ/26

ਗੁਰਚਰਨ ਸਿੰਘ ਸਹਿੰਸਰਾ/ਕਹਾਣੀ/ਜਦ ਲਾਲ ਪੱਗ ਰੁਲਦ ਵੇਖੀ/35

ਅਜਮੇਰ ਸਿੰਘ ਔਲਖ/ਕਹਾਣੀ/ਮੰਜੇ ਦੀ ਬਾਹੀ/42

ਹੀਊ ਜੇ. ਐਮ. ਜੌਹਨਸਟੋਨ/ਲੇਖ/ਮੇਓ ਸਾਈਡਿੰਗ 'ਤੇ ਔਰਤ ਅਤੇ ਬੱਚੇ/ਅਨੁਵਾਦ ਹਰਪ੍ਰੀਤ ਸੇਖਾ/47

ਸੁਰਜੀਤ ਹਾਂਸ/ਪੈਰਿਸ ਕਮਿਊਨ/ਲੇਖ/59

ਸੁਖਦੇਵ ਸਿੱਧੂ/ਲੇਖ/ਲਾਲ ਝੰਡੇ ਦਾ ਸ਼ਾਇਰ ਹਬੀਬ ਜਾਲਿਬ/65

ਹਰਿੰਦਰ ਸਿੰਘ/ਰੀਵੀਊ ਲੇਖ/ਪਾਣੀ ਦਾ ਹਾਸ਼ੀਆ/79

ਰਘਬੀਰ ਸਿੰਘ/ਰੀਵੀਊ/ਚੁਰਾਸੀ ਦੇ ਚੱਕਰ/84

ਚੰਦਰ ਮੋਹਨ/ਰੀਵੀਊ/ਦਰਦ ਦੇ ਰੰਗ/86

ਪੁਸ਼ਵਿੰਦਰ ਕੌਰ/ਰੀਵੀਊ/ਕੋਡ ਬਲੂ/89

ਵਾਹਿਦ/ਰੀਵੀਊ/ਕਿਤਾਬ ਆਸਮਾਨ ਦੀ/91

ਪੱਤਰ/ਮਨਦੀਪ ਸਿੰਘ/ਅਮਰਜੀਤ ਕੌਰ/ਸ਼ਹਿਨਾਜ਼/ਪਰਮਪਾਲ ਔਲਖ/ਤੌਕੀਰ ਚੁਗਤਾਈ/ਕਿਰਪਾਲ ਸਿੰਘ ਮੱਗੂ/94

ਪੰਜਾਬੀ ਲਈ ਸੰਘਰਸ਼

ਪੰਜਾਬੀ ਭਾਸ਼ਾ ਨੂੰ ਇਸ ਦਾ ਮਾਣ-ਮੱਤਾ ਸਥਾਨ ਦੇਣ ਬਾਰੇ, ਅਕਾਦਮਿਕ ਤੇ ਪ੍ਰਬੰਧਕੀ ਢਾਂਚੇ ਵਿਚ ਇਸ ਨੂੰ ਮੁਅਸਰ ਢੰਗ ਨਾਲ ਲਾਗੂ ਕਰਨ ਬਾਰੇ ਅਤੇ ਜੀਵਨ ਦੇ ਹੋਰ ਸਭਨਾਂ ਖੇਤਰਾਂ ਵਿਚ ਇਸ ਦੀ ਵਰਤੋਂ ਬਾਰੇ ਲੰਮੇ ਸਮੇਂ ਤੋਂ ਭਖਦਾ ਆ ਰਿਹਾ ਮਸਲਾ ਕਿਸੇ ਤਣ-ਪੱਤਣ ਲਗਦਾ ਨਜ਼ਰ ਨਹੀਂ ਆਉਂਦਾ। ਪੰਜਾਬੀ ਦੇ ਲੇਖਕਾਂ ਅਤੇ ਦਾਨਸ਼ਵਰਾਂ ਵੱਲੋਂ ਲਗਾਤਾਰ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਤੇ ਸੰਘਰਸ਼ ਦਾ ਨਾ ਸਿਰਫ ਕੋਈ ਸਾਰਥਕ ਸਿੱਟਾ ਨਹੀਂ ਨਿਕਲਿਆ, ਸਗੋਂ ਪੰਜਾਬੀ ਨੂੰ ਵਿਆਪਕ ਪ੍ਰਵਾਨਗੀ ਦੁਆਉਣ ਬਾਰੇ ਹਾਲਤ ਹੋਰ ਵੀ ਨਿੱਘਰਦੀ ਜਾ ਰਹੀ ਪ੍ਰਤੀਤ ਹੁੰਦੀ ਹੈ। ਲੇਖਕਾਂ, ਦਾਨਸ਼ਵਰਾਂ ਤੇ ਉਹਨਾਂ ਦੀਆਂ ਸੰਸਥਾਵਾਂ ਵੱਲੋਂ ਇਸ ਸੰਬੰਧ ਵਿਚ ਜੋ ਕੁਝ ਕੀਤਾ ਜਾ ਰਿਹਾ ਹੈ, ਉਸ ਦਾ ਭਰਪੂਰ ਸਵਾਗਤ ਕੀਤਾ ਜਾਣਾ ਬਣਦਾ ਹੈ, ਪਰ ਨਾਲ ਦੀ ਨਾਲ ਇਸ ਗੱਲ ਬਾਰੇ ਵੀ ਚਿੰਤਾ ਤੇ ਚਿੰਤਨ ਹੋਣਾ ਚਾਹੀਦਾ ਹੈ ਕਿ ਆਖਰ ਕੀ ਵਜ੍ਹਾ ਹੈ ਕਿ ਏਨੇ ਮਹੱਤਵਪੂਰਨ ਸਮਾਜਕ-ਸਭਿਆਚਾਰਕ ਮੁੱਦੇ ਉੱਤੇ ਲੋਕਾਂ ਵਿਚ ਠੀਕ ਭਾਂਤ ਦੀ ਚੇਤਨਾ ਨਹੀਂ ਉਭਰ ਰਹੀ ਅਤੇ ਰਾਜਨੀਤਕ ਵਿਵਸਥਾ ਉੱਤੇ ਸਿਆਣੇ ਲੋਕਾਂ ਦੀ ਆਵਾਜ਼ ਦਾ ਕੋਈ ਅਸਰ ਨਹੀਂ ਹੋ ਰਿਹਾ।

ਜਾਪਦਾ ਹੈ ਕਿ ਕਿਤੇ ਨਾ ਕਿਤੇ ਇਸ ਮਸਲੇ ਦੇ ਸਾਰੇ ਪਹਿਲੂਆਂ ਨੂੰ ਸਮਝਣ ਵਿਚ ਲੇਖਕਾਂ, ਬੁੱਧੀਜੀਵੀਆਂ ਦੀ ਉਸ ਧਿਰ ਵਿਚ ਵੀ ਜ਼ਰੂਰ ਕੋਈ ਨੁਕਸ ਹੈ, ਜੋ ਇਸ ਮਸਲੇ ਦੇ ਨਿਪਟਾਰੇ ਲਈ ਹੰਭਲੇ ਮਾਰ ਰਹੀ ਹੈ। ਸਾਡੀ ਸਮਝ ਅਨੁਸਾਰ ਸਭ ਤੋਂ ਵੱਡਾ ਨੁਕਸ ਇਹ ਹੈ ਕਿ ਪੰਜਾਬੀ ਪਿਆਰਿਆਂ ਦੀ ਇਸ ਧਿਰ ਵੱਲੋਂ ਮਸਲੇ ਨੂੰ ਸਿਰਫ ਭਾਵਨਾਤਮਕ ਪੱਧਰ ਉੱਤੇ ਹੀ ਸਾਹਮਣੇ ਲਿਆਂਦਾ ਜਾ ਰਿਹਾ ਹੈ। ਯਥਾਰਥ ਦੀ ਧਰਤੀ ਉੱਤੇ ਖਲੋ ਕੇ ਮਸਲੇ ਦੇ ਸਭ ਪਹਿਲੂਆਂ ਨੂੰ ਚੰਗੀ ਤਰ੍ਹਾਂ ਘੋਖ ਪੜਤਾਲ ਕੇ ਤਰਕ ਸੰਗਤ ਢੰਗ ਨਾਲ ਸਮਝਣ ਸਮਝਾਉਣ ਦੀ ਪੂਰੀ ਕੋਸ਼ਿਸ਼ ਨਹੀਂ ਕੀਤੀ ਜਾ ਰਹੀ।

ਜੇ ਯਥਾਰਥ ਨੂੰ ਸਮਝਣ ਵੱਲ ਪਰਤੀਏ ਤਾਂ ਪ੍ਰਤੱਖ ਹੋਵੇਗਾ ਕਿ ਪੰਜਾਬੀ ਭਾਸ਼ਾ ਦੀ ਤ੍ਰਾਸਦੀ ਵਾਲੀ ਇਸ ਸਥਿਤੀ ਲਈ ਕੁਝ ਤਾਂ ਇਤਿਹਾਸਕ ਕਾਰਨ ਜ਼ਿੰਮੇਵਾਰ ਹਨ, ਜਿਹਨਾਂ ਅਨੁਸਾਰ ਇਸ ਨੂੰ ਇਕ ਫ਼ਿਰਕੇ ਨਾਲ ਜੋੜਨ ਦੀ ਗ਼ਲਤੀ ਕੀਤੀ ਗਈ ਸੀ ਅਤੇ ਪੰਜਾਬੀ ਵਸੋਂ ਦਾ ਇਕ ਵੱਡਾ ਹਿੱਸਾ ਇਸ ਨੂੰ ਆਪਣੀ ਜ਼ੁਬਾਨ ਮੰਨਣ ਤੋਂ ਹੀ ਇਨਕਾਰੀ ਸੀ। ਇਹ ਸਥਿਤੀ ਭਾਵੇਂ ਹੁਣ ਮੌਜੂਦ ਨਹੀਂ, ਪਰ ਆਪਣੀ ਜ਼ੁਬਾਨ ਉੱਤੇ ਗੌਰਵ ਹੋਣ ਦਾ ਅਹਿਸਾਸ ਪੰਜਾਬੀ ਵਸੋਂ ਵਿਚ ਅਮੂਮਨ ਹੁਣ ਵੀ ਗ਼ਾਇਬ ਹੈ। ਦੂਜਾ ਵੱਡਾ ਕਾਰਨ ਸਾਡੇ ਮੁਲਕ ਦੇ ਰਾਜਤੰਤਰ ਅਤੇ ਅੱਜ ਦੇ ਵਿਸ਼ਵੀਕਰਨ ਦੇ ਵਰਤਾਰੇ ਦੇ ਪ੍ਰਸੰਗ ਵਿਚ ਪਛਾਣਿਆ ਜਾ ਸਕਦਾ ਹੈ। ਸਾਡੀ ਰਾਜਕੀ ਅਤੇ ਪ੍ਰਬੰਧਕੀ ਵਿਵਸਥਾ ਨੇ ਸ਼ਕਤੀ ਨੂੰ ਆਪਣੇ ਕੰਟਰੋਲ ਵਿਚ ਰੱਖਣ ਲਈ ਭਾਸ਼ਾ ਨੂੰ ਹਥਿਆਰ ਵਜੋਂ ਵਰਤਿਆ ਹੈ ਅਤੇ ਵਿਸ਼ਵੀਕਰਨ ਤਹਿਤ ਸਾਰੇ ਸਭਿਆਚਾਰਕ ਮੁੱਦੇ ਮੰਡੀ ਦੀ ਮਾਨਸਿਕਤਾ ਦੀ ਗਰਿਫਤ ਵਿਚ ਆ ਗਏ ਹਨ। ਆਪਣੀ ਜ਼ੁਬਾਨ ਉੱਤੇ ਮਾਣ ਕਰਨ ਦੇ ਅਹਿਸਾਸ ਦੀ ਅਣਹੋਂਦ ਹਾਕਮ ਵਰਗ ਦੀ ਸਵਾਰਥੀ ਜਮਾਤੀ ਪਹੁੰਚ ਅਤੇ ਮੰਡੀ ਦੀ ਮਾਨਸਿਕਤਾ ਦੇ ਅੱਜੋਕੇ ਯਥਾਰਥ ਨਾਲ ਜੁੜ ਕੇ ਪੰਜਾਬੀ ਭਾਸ਼ਾ ਨੂੰ ਪਿੱਛੇ ਸੁੱਟਣ ਲਈ ਵੱਡੀ ਹੱਦ ਤਕ ਜ਼ਿੰਮੇਵਾਰ ਹੈ। ਇਹਨਾਂ ਤੱਥਾਂ ਨੂੰ ਪ੍ਰਵਾਨ ਕੀਤੇ ਬਗ਼ੈਰ ਮਸਲੇ ਦੀ ਅਸਲ ਪਛਾਣ ਸੰਭਵ ਨਹੀਂ; ਕੋਈ ਹੱਲ ਲੱਭ ਸਕਣਾ ਤਾਂ ਦੂਰ ਦੀ ਗੱਲ ਹੈ।

ਮਾਤ-ਭਾਸ਼ਾ ਵਜੋਂ ਪੰਜਾਬੀ ਬਾਰੇ ਭਾਵੁਕਤਾ ਨਾਲ ਗੱਲ ਕਰ ਕੇ ਵੀ ਮਸਲਾ ਹੱਲ ਨਹੀਂ ਹੋ

ਸਕਦਾ। ਪਹਿਲਾਂ ਤਾਂ ਮਾਤ-ਭਾਸ਼ਾ ਦੇ ਸੰਕਲਪ ਨੂੰ ਹੀ ਠੀਕ ਰੂਪ ਵਿਚ ਸਮਝਣ ਦੀ ਲੋੜ ਹੈ। ਕੋਈ ਜ਼ੁਬਾਨ ਇਸ ਕਰ ਕੇ ਹੀ ਕਿਸੇ ਵਿਅਕਤੀ ਦੀ ਮਾਤ-ਭਾਸ਼ਾ ਨਹੀਂ ਬਣ ਜਾਂਦੀ ਕਿ ਉਸ ਨੂੰ ਜਨਮ ਦੇਣ ਵਾਲੀ ਮਾਂ ਉਹ ਜ਼ੁਬਾਨ ਬੋਲਦੀ ਹੈ। ਜਿਸ ਭਾਸ਼ਾਈ ਪਰਿਵੇਸ਼ ਵਿਚ ਕੋਈ ਵਿਅਕਤੀ ਪਲ਼ਦਾ ਤੇ ਪ੍ਰਵਾਨ ਚੜ੍ਹਦਾ ਹੈ, ਉਹੀ ਜ਼ੁਬਾਨ ਉਸ ਦੀ ਭਾਸ਼ਾ ਬਣਦੀ ਹੈ। ਅੱਜ ਦੇ ਪੰਜਾਬ ਵਿਚ ਸਥਿਤੀ ਇਹ ਹੈ ਕਿ ਗ਼ੈਰ ਕੁਦਰਤੀ ਢੰਗ ਨਾਲ ਬੱਚਿਆਂ ਦੀ ਭਾਸ਼ਾ ਹੀ ਬਦਲੀ ਜਾ ਰਹੀ ਹੈ। ਅਮੀਰ ਲੋਕਾਂ ਅਤੇ ਦਰਮਿਆਨੇ ਤਬਕੇ ਵੱਲੋਂ ਘਰ ਦੇ ਅੰਦਰ ਅਤੇ ਬਾਹਰ ਅਜਿਹਾ ਮਾਹੌਲ ਬਣਾ ਦਿੱਤਾ ਗਿਆ ਹੈ ਜਿਸ ਵਿਚ ਪੰਜਾਬੀ ਦੀ ਵਰਤੋਂ ਦੀ ਕੋਈ ਗੁੰਜਾਇਸ਼ ਨਹੀਂ। ਇਸ ਵਰਗ ਦੇ ਬੱਚਿਆਂ ਨੂੰ ਨਾ ਕੇਵਲ ਮੁੱਢ ਤੋਂ ਪੰਜਾਬੀ ਦੀ ਸਿੱਖਿਆ ਤੋਂ ਦੂਰ ਰੱਖਿਆ ਜਾ ਰਿਹਾ ਹੈ, ਸੁਚੇਤ ਰੂਪ ਵਿਚ ਪੰਜਾਬੀ ਦੀ ਵਰਤੋਂ ਤੋਂ ਰੋਕਿਆ ਜਾ ਰਿਹਾ ਹੈ। ਕਿਉਂਕਿ ਚੰਗਾ ਰੁਜ਼ਗਾਰ ਤੇ ਚੰਗੀ ਪੁਜ਼ੀਸ਼ਨ ਹਾਸਲ ਕਰਨ ਲਈ ਪੰਜਾਬੀ ਦੀ ਥਾਂ ਅੰਗਰੇਜ਼ੀ ਜਾਂ ਹਿੰਦੀ ਵਰਗੀ ਜ਼ੁਬਾਨ ਵਧੇਰੇ ਸਹਾਈ ਹੁੰਦੀ ਹੈ, ਸਮਰੱਥ ਲੋਕ ਪੰਜਾਬੀ ਦੀ ਥਾਂ ਇਹਨਾਂ ਭਾਸ਼ਾਵਾਂ ਨੂੰ ਅਪਨਾ ਰਹੇ ਹਨ। ਪੰਜਾਬੀ ਨੂੰ ਸਾਧਨ-ਵਿਹੂਣੇ ਗ਼ਰੀਬ ਲੋਕਾਂ ਦੀ ਜ਼ੁਬਾਨ ਹੋਣ ਤਕ ਮਹਿਦੂਦ ਕੀਤਾ ਜਾ ਰਿਹਾ ਹੈ।

ਅਸੀਂ ਦ੍ਰਿੜਤਾ ਨਾਲ ਪਹਿਲਾਂ ਵੀ ਆਖਿਆ ਸੀ ਅਤੇ ਹੁਣ ਫਿਰ ਦੁਹਰਾਉਂਦੇ ਹਾਂ ਕਿ ਅੱਜ ਦੇ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਦਾ ਮਸਲਾ ਸਭਿਆਚਾਰਕ ਮਸਲਾ ਹੀ ਨਹੀਂ ਹੈ, ਸਗੋਂ ਜਮਾਤੀ ਮਸਲਾ ਬਣ ਚੁੱਕਿਆ ਹੈ। ਸਮਰੱਥ ਲੋਕ ਪੰਜਾਬੀ ਭਾਸ਼ਾ ਬਾਰੇ ਤ੍ਰਿਸਕਾਰ-ਭਾਵ ਨਾਲ ਗੱਲ ਕਰਦੇ ਹਨ। ਸਭਨਾਂ ਵੰਨਗੀਆਂ ਦੇ ਸਿਆਸਤਦਾਨ, ਜਿਹਨਾਂ ਦੇ ਹੱਥ ਵਿਚ ਵਾਰੋ ਵਾਰੀ ਰਾਜ-ਸੱਤਾ ਦੀ ਵਾਗ ਡੋਰ ਆਉਂਦੀ ਹੈ, ਇਕੋ ਹੀ ਜਮਾਤ ਨਾਲ ਸੰਬੰਧਤ ਹਨ, ਅਤੇ ਉਹ ਪੰਜਾਬੀ ਨਾਲ ਕੋਈ ਲਗਾਓ ਨਹੀਂ ਰੱਖਦੇ। ਵੱਡੇ ਬਿਉਰੋਕਰੇਟ ਤੇ ਹੋਰ ਸਭ ਅਧਿਕਾਰੀ ਭਲੀ ਭਾਂਤ ਜਾਣਦੇ ਹੀ ਹਨ ਕਿ ਉਹਨਾਂ ਨੇ ਆਪਣੀ ਪੁਜ਼ੀਸ਼ਨ ਹਾਸਲ ਕੀਤੀ ਹੀ ਆਪਣੇ ਭਾਸ਼ਾਈ ਤੇ ਜਮਾਤੀ ਨਿਵੇਕਲੇਪਨ ਕਰ ਕੇ ਹੈ। ਜਦੋਂ ਸਭ ਸਮਰੱਥ ਲੋਕ ਚੰਗੀਆਂ ਫੀਸਾਂ ਤਾਰ ਕੇ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਆਮ ਵਾਲੇ 'ਪਬਲਿਕ' ਸਕੂਲਾਂ ਵਿਚ ਪੜ੍ਹਾਉਂਦੇ ਹਨ, ਜਦੋਂ ਸਭ ਵੱਡੀਆਂ ਪੁਜ਼ੀਸ਼ਨਾਂ ਪੰਜਾਬੀ ਦੇ ਟਾਕਰੇ ਅੰਗਰੇਜ਼ੀ ਵ਼ਰਗੀ ਜ਼ੁਬਾਨ ਦੇ ਸਹਾਰੇ ਮਿਲਦੀਆਂ ਹਨ, ਜਦੋਂ ਪ੍ਰਤਿਸ਼ਠਾ ਦਾ ਮਾਪਦੰਡ ਹੀ ਪੰਜਾਬੀ ਦੀ ਥਾਂ ਕਿਸੇ ਹੋਰ ਜ਼ੁਬਾਨ ਵਿਚ ਮੁਹਾਰਤ ਬਣਦਾ ਹੈ, ਤਾਂ ਆਮ ਆਦਮੀ ਦੀ ਦ੍ਰਿਸ਼ਟੀ ਤੋਂ ਪੰਜਾਬੀ ਦੇ ਹੱਕ ਵਿਚ ਗੱਲ ਕਰਨਾ ਬੇਅਰਥ ਹੋ ਕੇ ਰਹਿ ਜਾਂਦਾ ਹੈ।

ਕਿਸੇ ਖਿੱਤੇ ਦੀ ਜ਼ੁਬਾਨ ਹੀ ਉੱਥੋਂ ਦੀ ਪ੍ਰਬੰਧਕੀ ਭਾਸ਼ਾ ਹੋਵੇ ਅਤੇ ਉਸੇ ਵਿਚ ਹੀ ਸਿੱਖਿਆ ਦਿੱਤੀ ਜਾਵੇ, ਇਸ ਬਾਰੇ ਕੋਈ ਵੀ ਸੂਝਵਾਨ ਮਤਭੇਦ ਨਹੀਂ ਰੱਖਦਾ। ਏਸੇ ਲਈ ਪੰਜਾਬ ਵਿਚ ਹਰ ਪੱਧਰ ਉੱਤੇ ਪੰਜਾਬੀ ਭਾਸ਼ਾ ਦੀ ਵਰਤੋਂ ਲਈ ਸੰਘਰਸ਼ ਨਾ ਸਿਰਫ ਉਚਿਤ ਹੈ, ਸਗੋਂ ਜ਼ਰੂਰੀ ਵੀ ਹੈ। ਭਾਸ਼ਾ ਦਾ ਮਸਲਾ ਅਵੱਸ਼ ਸਿਰਫ ਚੰਗੀਆਂ ਨੌਕਰੀਆਂ ਦਾ ਹੀ ਮਸਲਾ ਨਹੀਂ, ਇਹ ਵਡੇਰੇ ਮਹੱਤਵ ਦਾ ਸਭਿਆਚਾਰਕ ਮਸਲਾ ਹੈ, ਪਰ ਇਸ ਦੇ ਜਮਾਤੀ ਸਰੋਕਾਰਾਂ ਤੋਂ ਅਣਜਾਣ ਬਣੇ ਰਹਿਣਾ ਬਹੁਤ ਵੱਡੀ ਗ਼ਲਤੀ ਹੈ, ਜੋ ਪੰਜਾਬੀ ਪਿਆਰੇ ਆਪਣੇ ਸੰਘਰਸ਼ ਦੇ ਸੰਬੰਧ ਵਿਚ ਕਰਦੇ ਆਏ ਹਨ। ਇਸ ਸੰਬੰਧ ਵਿਚ ਇਹ ਜਾਣ ਲੈਣਾ ਵੀ ਅਨੁਚਿਤ ਨਹੀਂ ਕਿ ਕਿਤੇ ਪੰਜਾਬੀ ਨੂੰ ਪਿਆਰਨ ਵਾਲੇ ਲੇਖਕਾਂ ਤੇ ਦਾਨਸ਼ਵਰਾਂ ਦੇ ਆਪਣੇ ਵਿਹਾਰ ਵਿਚ ਵੀ ਤਾਂ ਕੋਈ ਵਿਰੋਧਤਾਈ ਨਹੀਂ। ਪੰਜਾਬੀ ਮੱਧ ਵਰਗ ਦੀ ਅਲਾਮਤ ਇਹ ਵਿਰੋਧਤਾਈ ਸਾਨੂੰ ਤਾਂ ਪ੍ਰਤੱਖ ਨਜ਼ਰ ਆਉਂਦੀ ਹੈ। ਤੇ ਸ਼ਾਇਦ ਇਹ ਵੀ ਇਕ ਕਾਰਨ ਹੈ ਕਿ ਪੰਜਾਬੀ ਲਈ ਸੰਘਰਸ਼ ਦਾ ਕੁਝ ਬਣ ਨਹੀਂ ਰਿਹਾ।

-ਰਘਬੀਰ ਸਿੰਘ

ਭੁਲੇਖਾ ਨਾ ਰਹੇ, ਇਹ 2007 ਵਿਚ ਛਪੀ ਸਿਰਜਣਾ-!45 ਦੀ ਸੰਪਾਦਕੀ ਹੈ। ਅੱਜੋਕੀ ਸਥਿਤੀ ਦੇ ਸਨਮੁਖ ਪਾਠਕ ਜਾਣ ਸਕਦੇ ਹਨ ਕਿ ਪੂਰੇ ਦਸ ਸਾਲ ਪਿੱਛੋਂ ਇਸਨੂੰ ਹੂ-ਬ-ਹੂ ਛਾਪਣਾ ਕਿਉਂ ਮੁਨਾਸਬ ਹੈ।

ਗਹਿਰੇ ਰਿਸ਼ਤੇ 'ਚ ਜੁੜੀਆਂ ਕਵਿਤਾਵਾਂ: ਦੇਵ

ਪ੍ਰਥਮ ਪੈੜ

ਉਹ ਬਹੁਤ ਬਹੁਤ ਦੂਰ ਤਕ
ਤੁਰ ਆਇਆ
ਲੋਕਾਈ
ਉਸਦੇ ਪੈਰਾਂ ਨੂੰ ਲੱਭਦੀ
ਓਥੇ ਕੁਝ ਵੀ ਨਹੀਂ ਸੀ
ਪੈਰਾਂ ਦੇ ਪਰਛਾਵੇਂ
ਤੇ ਨਿੱਕੀਆਂ ਨਿੱਕੀਆਂ ਪੈੜਾਂ
ਰਾਹੀ ਪੈਰਾਂ ਦੀ 'ਖੋਹ' ਲਈ
ਪੈੜਾਂ ਅੰਦਰ ਹੀ
ਗੁੰਮ ਗੁਆਚ ਜਾਂਦੇ ਨੇ
ਉਨ੍ਹਾਂ ਪੈੜਾਂ ਅੰਦਰ
ਜੋ ਖੁਦ ਨਹੀਂ ਪਾਈਆਂ
ਸਵੈ ਦੀ ਸੁੱਚਤਾ ਨਾਲ
ਹੋਰਾਂ ਦੀਆਂ ਪਗਡੰਡੀਆਂ 'ਤੇ ਤੁਰਨਾ
ਆਪਾ ਨਹੀਂ ਹੁੰਦਾ
ਪਹਿਲੀ ਪੈੜ ਹੀ
ਉਡਾਣ ਦਾ ਸਿਰਨਾਵਾਂ ਹੁੰਦੈ
ਮੈਂ ਹਾਂ ਜਾਂ ਨਹੀਂ
ਇਹ ਤਾਂ ਕੋਹਰੇ 'ਚ ਤੁਰਦੇ ਪਰਛਾਵੇਂ ਦਾ
ਭਰਮ ਹੈ

ਉਹ

'ਉਹਨਾਂ' ਕਿਹਾ
ਕੱਢੋ ਇਸਨੂੰ ਤਸਵੀਰ 'ਚੋਂ ਬਾਹਰ
ਇਹ ਐਵੇਂ ਜੁੜਿਆ ਰਹਿੰਦਾ
ਸਾਡੇ ਵੱਡੇ ਬਾਬੇ ਦੇ ਨਾਲ ਨਾਲ
ਉਹਨਾਂ ਅਚਾਨਕ ਹੀ
ਸਾਂਝੀ ਤਸਵੀਰ 'ਚੋਂ
ਦੇਤਾ ਦੇਸ਼-ਨਿਕਾਲ਼ਾ ਓਸ ਨੂੰ
ਸਾਂਝੀ ਸਾਂਝ
ਹੋ ਗਈ
1947
ਮਰਦਾਨਾ ਉਜੜ ਗਿਆ
ਸਿਰ-ਫਿਰਿਆਂ ਨੇ ਜੈਕਾਰੇ ਲਾਏ
ਤਿਆਰ ਬਰ ਤਿਆਰ

ਆਪਣੀਆਂ ਕਰਤੂਤੀ ਤਲਵਾਰਾਂ ਨਾਲ
ਓਥੇ ਕੋਈ ਸਿੱਖ ਨਹੀਂ ਸੀ
ਨਾ ਹੀ ਰਬਾਬ
ਆ ਗਿਐਂ 'ਕੱਲਾ ਕਾਰਾ
ਕਿੱਥੇ ਨੇ 'ਉਹ'
ਬੌਂਦਲੇ ਹੋਏ ਕਿਹਾ
'ਭੈਣੇ ਉਹਨਾਂ ਨੂੰ ਦੇਸ਼-ਨਿਕਾਲ਼ਾ ਹੋ ਗਿਐ'
ਹੁਣ ਰਬਾਬ
ਮੂਰਖ ਵਜਾਇਆ ਕਰਨਗੇ
ਰਬਾਬ ਤੋਂ ਸੱਖਣਾ ਹੁਣ
'ਨਾਨਕ' ਕਿਵੇਂ ਹੋ ਜਾਵੇਗਾ
ਮੁੜ ਆ ਮੇਰੇ ਮਰਦਾਨੇ
ਭਾਲ਼ ਆਪਣੀ ਰੁੱਸ ਗਈ
ਰਬਾਬ ਨੂੰ

ਤਿੰਨ ਯਾਰ

ਹੁੰਦੇ ਸੀ ਤਿੰਨ ਯਾਰ
ਬਾਬਾ
ਰਬਾਬੀ
ਚੌਰੀ
ਤੁਰ ਪਏ ਬੱਸ ਐਵੇਂ ਹੀ
ਪਤਾ ਨਹੀਂ ਕਿੱਥੇ ਵੱਲ
ਸੰਸਾਰ ਸੀ
ਉਦਾਸੀ 'ਤੇ ਤੁਰਿਆਂ ਦੀ ਭਟਕਣ
'ਓਥੇ' ਅੱਪੜਨ ਲਈ
ਤਿੰਨੋ 'ਇਕ'
ਤਿਕੋਨੀ ਤ੍ਰਿਮੂਰਤੀ
ਛੇੜ ਰਬਾਬੀ
ਸੁੱਤੀ ਪਈ ਰਬਾਬ
ਜਗਾ
ਹੋਵਾਂ ਮੈਂ ਅੰਤਰਧਿਆਨ
ਆਪਾਂ ਅਜੇ ਜਾਣੈ
ਬੜੀ ਦੂਰ

ਮੋਹ

ਜਦੋਂ ਨਿੱਕਾ ਹੁੰਦਾ ਸੀ
ਨਾਲ਼ਾ ਵੀ ਬੰਨ੍ਹਣਾ ਨਹੀਂ ਆਉਂਦਾ ਸੀ
ਨਿੱਕੀ ਕਹਿੰਦੀ
ਵੀਰੇ
ਨੰਗ ਧੜੰਗੇ ਹੀ ਸੋਹਣੇ ਲਗਦੇ ਨੇ
ਕਿੱਥੇ ਏ ਤੇਰਾ ਭਾਈ
ਉਹ ਕੋਠੇ ਬੈਠਾ

ਰਬਾਬ 'ਚ ਰੁੱਝਿਆ
ਅਰਦਾਸ ਅਰਦਾਸ ਹੋਈ ਜਾਂਦੈ'
ਮੈਂ ਅਜ਼ਾਨ ਨਾਲ ਭਰਿਆ
ਅੱਲਾ ਹੀ ਅੱਲਾ ਹੋਈ ਜਾਨੈਂ
ਚੁਲ੍ਹਾ ਤਪਿਆ ਪਿਐ
ਨੰਨ੍ਹੀਏ
ਮੈਨੂੰ ਸੱਚੀਂ ਸੱਚੀਂ ਦੱਸ
ਤੂੰ ਮੈਨੂੰ ਆਪਣੇ ਮੋਹ 'ਚ
ਕਿਉਂ ਇਸ ਤਰ੍ਹਾਂ ਬੰਨ੍ਹਿਆ ਹੋਇਐ
ਉਸ ਦੀਆਂ ਅੱਖਾਂ ਭਰ ਆਈਆਂ
ਮਰਦਾਨੇ ਚੁੱਕ ਰਬਾਬ
ਤੇ ਤੁਰ ਚੱਲੀਏ
ਰਹੱਸਾਂ ਨੂੰ ਤਲਾਸ਼ਣ

ਮਹਾਂ ਮਲੰਗ ਤੇ ਉਸਦੇ ਦੋ ਆੜੀ

ਇਕ ਮਹਾਂ ਮਲੰਗ
ਆਦਿ ਘੁੰਮਕੜੀ
ਦੂਜੇ ਦੇ ਖੇਡਦੀਆਂ ਤਰਬਾਂ
ਜੋ ਅੰਦਰ ਸੁੱਤੀ ਸਮੁੰਦਰੋਂ ਗਹਿਰੀ
ਮੌਨ ਨੂੰ ਜਗਾਉਣ
ਮੋਰ ਪੰਖੀ ਨੇ ਜ਼ਿਦ ਕੀਤੀ
ਮੈਂ ਵੀ ਤੁਹਾਡੇ ਨਾਲ ਹੀ ਚੱਲੂੰ
ਨਾਂਹ ਨੁਕਰ ਨਹੀਂ ਕਰਨੀ
ਭਾਵੇਂ ਮੈਂ ਅਜੇ ਬਾਲ ਹੀ ਹਾਂ
ਤੁਹਾਡੀ ਸੰਗਤ 'ਚ ਰਲ਼ਕੇ
ਮੈਂ ਬਾਲਾ ਹੋ ਜੂੰ
ਇਹ ਤਿੰਨ ਤਲੰਗੇ ਸੀ
ਵਕਤੀ ਰਿਸ਼ਤਿਆਂ ਤੋਂ ਪਾਰ ਦੀਆਂ
ਆਬਸ਼ਾਰਾਂ
ਫੇਰ ਮਲੰਗ ਨੇ 'ਤੱਕਿਆ'
ਆਉਣ ਵਾਲੇ ਭਵਿੱਖ 'ਚ ਪੈਂਦੀਆਂ ਤ੍ਰੇੜਾਂ
ਤਿਕੋਨ ਟੁੱਟਣ ਲੱਗੀ
ਤੇਰਾ ਤੇਰਾ ਕਰਨ ਵਾਲਾ ਹੁਣ ਉਦਾਸ ਬਿਰਧ
ਕਿਧਰ ਗੁਆਚ ਗਏ
ਮੇਰੇ ਦੋ ਪਿਆਰੇ ਤਾਰੇ
ਮਲੰਗ ਹਲ਼ ਵਾਹੁਣ
ਕਰਤਾਰਪੁਰ ਚਲਾ ਗਿਆ
ਰਬਾਬੀ ਕਾਬੁਲ ਵੱਲ ਤੁਰ ਗਿਆ
ਮੋਰਪੰਖੀ ਨੂੰ
ਤਸਵੀਰ 'ਚੋਂ ਕੱਢ ਦਿੱਤਾ ਗਿਆ
ਸਾਡੀ ਯਾਰੀ ਨੇ ਕੀ ਇਸ ਤਰ੍ਹਾਂ ਹੀ
ਖੱਜਲ ਖੁਆਰ ਹੋਣਾ ਸੀ

ਹਲ਼ਵਾਹ ਮਲੰਗ ਹਲ਼ ਵਾਹੁੰਦਾ

ਹੁਣ ਅਕਸਰ ਉਦਾਸ ਰਹਿੰਦੈ
ਦੁਮੇਲਾਂ ਦਿਸਹੱਦਿਆਂ ਵੱਲ
ਅਕਸਰ ਝਾਕਦਾ ਤੇ ਤੱਕਦਾ
ਕੀ ਇਸ ਤਰ੍ਹਾਂ ਹੀ ਹੋਣੀ
ਪੰਜ ਪਾਣੀਆਂ ਦੀ ਹੋਣੀ
ਉਹਨਾਂ ਮੈਨੂੰ ਮਲੰਗੀ ਤੋਂ ਗੁਰੂ ਬਣਾ ਕੇ ਰੱਖ ਦਿੱਤੈ

ਆਕਾਸ਼ ਆਰਤੀ

ਆਕਾਸ਼ 'ਤੇ
ਤਾਰੇ ਤੇ ਚੰਨ
ਉਦਾਸੀਆਂ ਲੰਮੀਆਂ

ਨਾਨਕੀਏ ਗਿਣਦੀ ਏ ਦੁਨੀਆਂ
ਇਕ ਦੋ
12 ਕਰਦੀ
ਮੈਂ ਤੇਰਾਂ ਹੀ ਤੇਰਾਂ ਗਿਣਦਾ ਜਾਵਾਂ
ਨਿੱਕੀਏ
ਮਰਦਾਨੇ ਨੂੰ ਬੁਲਾ
ਬੁਲਾ 'ਆ ਗਿਐ'
'ਦਰ' ਖੁਲ੍ਹ ਗਿਐ
ਨਾਨਕੀਏ
ਸਿੱਧ - ਆਰਥ ਨੂੰ ਕਹੀਂ
ਐਵੇਂ ਨਾ ਬੋਹੜ ਹੇਠ
ਭੁੱਖਾ ਭਾਣਾ ਬੈਠਾ ਰਹੇ
ਅੱਧੀ ਖੀਰ ਆਪ ਲਵੇ
ਅੱਧੀ ਦੇਵੇ ਮੈਨੂੰ
ਨਿਰਵਾਣ ਦੇ ਰਾਹਾਂ 'ਤੇ
ਤੁਰਨਾ ਹੈ ਅਸੀਂ
ਦੋਨਾਂ ਨੇ
ਨਿੱਕੀਏ ਨਾਨਕੀਏ
ਵੀਰ ਤੇਰਾ
ਝੱਲਾ
ਨਾ ਚਲਾਕ ਨਾ ਚਤੁਰ
ਬਾਜ਼ਾਰ ਜੋਗਾ ਨਾ ਹੋ ਸਕਿਆ
ਤੇਰਾਂ ਹੀ ਤੇਰਾਂ ਗਿਣਦਾ ਰਿਹਾ
ਤੇਰਾ ਵੀਰਾ

ਨਿੱਕੀਏ ਨਾਨਕੀਏ

ਨਿੱਕੀਏ ਨਾਨਕੀਏ
ਕਿੱਥੇ ਚੁਰਾ ਕੇ ਰੱਖ ਲਈਆਂ ਨੇ
ਜੁੱਤੀਆਂ
ਨਿੱਕੀਏ
ਕੀ ਹੁਣ ਫੇਰ ਮੈਨੂੰ

ਨੰਗੇ ਪੈਰੀਂ ਤੁਰਨਾ ਪਊ
ਥਾਂ ਕੁ ਥਾਂ
ਨੰਗੇ ਪੈਰੀਂ
ਜਾਹ ਮੈਂ ਨੀ ਤੇਰੇ ਨਾਲ ਬੋਲਦੀ
ਠੀਕ
ਮੈਂ ਹੁਣ ਚਲਾ ਜਾਊਂਗਾ
ਨੰਗੇ ਪੈਰੀਂ ਹੀ
ਉਹਨੇ ਮੇਰਾ ਝੱਗਾ ਫੜ ਲਿਐ
ਆਪਣੀ ਬੁੱਕਲ
ਹੰਝੂਆਂ ਸਿਸਕਦੇ ਤਾਰਿਆਂ ਨਾਲ ਭਰ ਲਈ
ਬੁਲਾ ਆਪਣੇ
ਰਬਾਬੀ ਸ਼ਬਾਬੀ ਨੂੰ
ਭੈਣੇ ਤੂੰ ਮੇਰੇ ਨਾਲ
ਇਸ ਤਰ੍ਹਾਂ ਨਾ ਝਗੜਿਆ ਕਰ
ਤੂੰ ਮੈਨੂੰ ਕਦੋਂ ਤੋਰੇਂਗਾ
ਡੋਲੀ ਵਿਚ ਬਿਠਾ ਕੇ
ਨਿੱਕੀ ਨੂੰ ਆਪਣੀਆਂ ਪਤਾਲਾਂ ਪਤਾਲ਼
ਬਾਹਾਂ 'ਚ ਲੈ ਕੇ ਹਉਕੇ ਲੈਣ ਲੱਗਾ
ਭੁੱਖ ਲੱਗੀ ਏ
ਚੁਲ੍ਹਾ ਠੰਡਾ ਪਿਐ
ਆਪਣੇ ਆੜੀ ਮਰਦਾਨੇ ਨੂੰ ਨਾਲ ਲੈ ਕੇ ਆਈਂ
ਖਾਹਮਖਾਹ ਆਪਣੀ ਰਬਾਬ ਨਾਲ
ਮੇਰਾ ਸਿਰ ਖਾਈ ਜਾਂਦੈ
ਤੇ ਤੂੰ ਤਾਰਿਆਂ ਨਾਲ ਮਿਲ਼ ਕੇ
ਨੱਚਣ ਲਗਦੈਂ

ਨੰਗੇ ਪੈਰ

ਬੇਬੇ ਭੁੱਖ ਲੱਗੀ ਏ
ਕਸੂਤਿਆ
ਚੁਲ੍ਹੇ ਅੱਗ ਨਹੀਂ
ਗੁੱਲੀ ਤੈਨੂੰ ਕਿੱਥੋਂ ਲਾਹ ਦਿਆਂ
ਬੇਬੇ ਤੂੰ ਹੱਥਾਂ ਨੂੰ
ਅੱਗ ਬਣਾ
ਤਵਾ ਆਪੇ ਤਪ ਜਾਊ
ਮੈਂ ਚਿਰਾਂ ਬਾਅਦ ਮੁੜਿਐਂ
ਨਾਨਕੀਏ ਤੈਨੂੰ ਹੀ ਤੱਕਣ ਲਈ
ਮੈਂ ਤੇ ਮੇਰਾ ਸੰਗੀ
ਭੁੱਖੇ ਬੈਠੇ ਹਾਂ
ਜਦੋਂ ਤਕ ਤੂੰ ਪੁੱਠੇ ਤਵੇ ਨੂੰ ਸਿੱਧਾ ਨਹੀਂ ਕਰਦੀ
ਉਸ ਨੇ ਆਪਣੇ ਵੀਰੇ ਦੇ ਪੈਰਾਂ ਨੂੰ
ਚੁੰਮ ਲਿਆ
ਆਟਾ ਗੁੰਨ੍ਹਣ 'ਚ ਰੁੱਝ ਗਈ
ਖੁਮਾਰੀ ਨਾਲ
ਵੀਰਾ ਵੀਰਾ ਕਰਦੀ

ਆਪਣੇ ਆਪ ਨੂੰ ਸੰਭਾਲਦੀ
ਭੋਰਾ ਕੁ ਆਟਾ
ਪਰਾਤ 'ਚੋਂ 'ਬਾਹਰ ਡੁਲ੍ਹ ਗਿਆ
ਬੇਬੇ: ਨਾਨਕੀ ਚੁੱਪ ਚੁਪੀਤੀ 'ਕਿੱਧਰ' ਤੁਰ ਗਈ
ਪੁੱਤ ਤੇਰੇ ਪੈਰਾਂ ਨੂੰ ਲੱਭਣ ਲਈ
ਜੋ ਤੂੰ ਪਾਰ ਪਰਾਰ ਉਹਦੇ ਹੱਥਾਂ 'ਚ
ਰੱਖ ਗਿਆ ਸੀ
ਬੇਬੇ ਅੱਜ ਆਪਣੇ
ਘਰ
ਦਰਵੇਸ਼ ਆਇਆ
ਨੰਗੇ ਪੈਰਾਂ ਨਾਲ

ਪਾਣੀ ਵਾਲੀ ਟੈਂਕੀ

(ਹਰਜੀਤ ਲਈ)
ਟੇਢੇ ਮੇਢੇ ਰਾਹ ਸੀ
ਘੁੱਗੂ ਘੋੜੇ
ਘਰ ਸੀ ਭੂਤਾਂ ਦਾ 'ਦੁਰਵਾਸ'
ਭਟਕਣਾ ਭਟਕਣਾ
ਬਸ ਭਟਕਣਾ
ਮੈਂ ਜਾਣਾ ਵੀ ਸੀ
ਬੜੀ ਹੀ ਦੂਰ
ਅੱਗੇ ਪਾਣੀ ਦੀ ਟੈਂਕੀ ਸੀ
'ਦਰ' ਰਿਸ਼ਤਿਆਂ ਦੇ ਖੰਡਰ
ਮੇਰੀ ਉਥਲ-ਪੁਥਲ
ਉਜੜਨਾ
ਸਿੱਖਣ....ਤੁਰਨਾ
'ਕੱਲੇ-ਕਾਰੇ
ਮਹਾਂ ਇਕੱਲ ਦੇ ਨਾਲ ਨਾਲ
ਅਲਵਿਦਾ ਕਹੀ
ਪਾਣੀ ਵਾਲੀ ਟੈਂਕੀ ਦੇ ਅੱਗੇ
ਭੂਤਾਂ ਵਾਲੇ ਘਰ ਨੂੰ
ਉਹ ਜੋ ਕਦੇ
ਦੇਬੀ ਸੀ
ਅਲੀਗੜ੍ਹ ਦੇ ਪੁਲ 'ਤੇ ਬੈਠਾ
ਰੇਲ ਗੱਡੀ ਨੂੰ ਤੱਕਦਾ
ਉਡੀਕਦਾ
ਹੁਣ ਉਹ ਕਦੋਂ ਦਾ ਜਾ ਚੁੱਕੈ
ਦੇਵ ਹੋਣ ਲਈ
ਸੁਪਨਾ ਇਸ ਤਰ੍ਹਾਂ ਵੀ ਲਿਆ ਜਾਂਦਾ

ਮੇਰਾ ਕੀ ਹੋਊ

ਬਾਬਾ ਜੀ
ਮੇਰਾ ਕੀ ਹੋਊਗਾ
ਚਿੱਤ ਨੂੰ ਨਾ ਲਾਈਂ

ਤੇਰੇ ਆਪਣੇ ਰਬਾਬ ਵਜਾਉਣਗੇ
ਮੈਂ ਕਰਤਾਰਪੁਰ ਜਾ ਕੇ
ਹਲ਼ ਵਾਹਾਂਗਾ
ਦਸਾਂ ਨਹੁੰਆਂ ਦੀ ਮਿਹਨਤ ਨਾਲ
ਮਰਦਾਨੇ ਧੁਨਾਂ ਕੱਢਿਆ ਕਰ
ਸਿੱਖਾਂ ਨੂੰ ਰਬਾਬ ਨਹੀਂ ਆਉਣੀ
ਬਾਬਾ ਹੁਣ ਮੈਂ ਬਹੁਤ ਬਿਰਧ ਹੋ ਚੁੱਕੈਂ
ਰਬਾਬ ਨਹੀਂ ਚੁੱਕੀ ਜਾਂਦੀ
ਭੈਣ ਨਾਨਕੀ ਦੇ ਘਰ ਚੱਲਾਂਗੇ
ਮੱਕੀ ਦੀ ਰੋਟੀ ਤੇ
ਸਾਗ ਖਾਣ ਲਈ
ਉਹ ਵੀ ਸਾਨੂੰ
ਚਿਰਾਂ ਤੋਂ ਉਡੀਕ ਰਹੀ ਏ

ਨਿੱਕੀਏ !

ਨਿੱਕੀਏ !
ਐਵੇਂ ਨਾ ਝਗੜਿਆ ਕਰ
ਮੇਰੇ ਨਾਲ
ਮੁੜਿਆ ਹਾਂ
ਦਰ-ਘਰ
ਆਪਣੇ ਪੈਰ ਚੁੱਕਣ ਲਈ
ਆਹ ਲੈ
ਮੇਰੇ ਕਦਮ
ਥਾਂ ਕੁਥਾਂ ਦੀਆਂ ਮਿੱਟੀਆਂ ਨਾਲ
ਲਿਬੜੇ
ਪੂਜਦੇ ਰਹਿਣਗੇ
ਮੰਦਰ ਮਸੀਤਾਂ ਉਸਾਰਦੇ
ਤੇਰੇ ਭਗਤ
ਕਿੱਥੇ ਨੇ ਮੇਰੇ ਪੈਰ
ਨੰਨ੍ਹੀਏਂ
ਉਹਨਾਂ ਨੂੰ ਤੇ ਮੈਂ ਕਦੋਂ ਦੀ ਸੁੱਟ ਆਈ ਹਾਂ
ਵਕਤਾਂ ਤੋਂ ਪਾਰ ਪਰਾਰ
ਅਸੰਖ ਪਤਾਲਾਂ ਦੇ
ਆਰ ਪਾਰ
ਹੁਣ ਤੂੰ ਫੇਰ
ਨੰਗੇ ਪੈਰਾਂ ਨਾਲ ਤੁਰਨ ਦੀ
ਦੁਆ ਦਿੱਤੀ ਏ
ਮੈਂ ਸਦੀਆਂ ਦੇ ਪਾਰ ਜਾਣੈਂ
ਆਪਣੇ ਪੈਰਾਂ ਨੂੰ ਢੂੰਡਣ
ਮੈਂ ਮੁੜ ਮੁੜਾਂਗਾ ਕਦਮ ਕਦਮ
ਮੈਨੂੰ ਮੇਰੇ ਨੰਗੇ ਪੈਰਾਂ ਦੀ ਭਾਲ਼ ਏ
ਸਫਰ 'ਤੇ ਜਾਣ ਲਈ

ਜਾਣ ਕਿਉਂ ਦਿੱਤਾ

ਉਸਨੂੰ ਤੂੰ ਜਾਣ ਹੀ ਕਿਉਂ ਦਿੱਤਾ
ਉਹ ਪੈਰ ਮੇਰੇ ਕੋਲ਼ ਗਿਰਵੀ ਰੱਖ ਕੇ
ਅਸੰਖ ਰਾਹਾਂ ਵੱਲ ਤੁਰ ਪਿਆ
ਤੇ ਉਹ ਤੇਰੇ ਪੈਰਾਂ ਨੂੰ ਲੱਭਦੀ ਲੱਭਦੀ
'ਖੁਦ' ਹੀ ਅਰਦਾਸ ਹੋ ਗਈ
ਮੇਰੀ ਭੈਣ ਨਾਨਕੀ
ਉਹ ਤੇਰੇ ਕਦਮ ਕਦਮ 'ਤੇ ਤੁਰਦੀ
ਤੇਰੇ ਪੈਰਾਂ ਨੂੰ ਵਾਪਸ ਕਰਨ ਲਈ
ਜਦੋਂ ਦਾ ਤੂੰ 'ਤੁਰ' ਗਿਐਂ
ਚੁਲ੍ਹਾ ਸੁੰਨਾ ਪਿਐ
ਮਰਦਾਨਾ ਬਿਰਧ
ਮੌਨ ਹੋਈ ਰਬਾਬ ਨਾਲ ਸੁੱਤਾ ਰਹਿੰਦੈ
ਉਭੜਵਾਹੇ ਅਚਾਨਕ ਪੁੱਛਣ ਲਗਦੈ
ਕਦੋਂ ਆਉਣਗੇ 'ਉਹ' ਭੈਣੇ
ਮੈਂ ਥੱਕੇ ਹੱਥਾਂ ਨਾਲ
ਮੁੜ ਰਬਾਬ ਚੁੱਕਾਂ
ਉਸ ਸੂਰਜੀ ਨੂੰ
ਮੱਥਾ ਟੇਕਣ ਲਈ
ਉਸ ਨੂੰ ਕਹੀਂ
ਐਦਕੀਂ ਦੀ ਵਾਰ
ਮੈਂ ਉਹਦੇ ਨਾਲ ਤੁਰਨ ਜੋਗਾ ਨਹੀਂ ਰਿਹਾ
ਮੇਰੀ ਰਬਾਬ ਆਪਣੇ ਸਿੱਖ ਭਗਤਾਂ ਨੂੰ
ਬਖਸ਼ ਦੇਵੇ
ਆਪੇ ਹੌਲੀ ਹੌਲੀ 'ਸਿੱਖ ਜਾਣਗੇ

ਬੇਬੇ

ਬੇਬੇ ਉਹ ਤਾਂ ਮੈਨੂੰ
ਝਿੜਕਦੀ ਹੀ ਰਹਿੰਦੀ ਏ
ਅਹਿ ਨਾ ਕਰ
ਔਹ ਨਾ ਕਰ
ਉਹ ਤਾਂ ਮੈਨੂੰ ਬਿਨਾਂ ਵਜਾਹ
ਐਵੇਂ ਹੀਟੋਕਦੀ ਹੀ ਰਹਿੰਦੀ ਐ
ਮੈਂ ਪਾਣੀ ਮੰਗਿਆ
ਉਹ ਚੁੱਪ ਚੁਪੀਤੀ
ਘੁੰਨ ਮਸੁੰਨ
ਮੈਂ ਤਿਹਾਇਆ
ਸਮਿਆਂ ਨੂੰ ਗਾਹਿਆ

ਜਲ ਤੈਨੂੰ ਕਿੱਥੋਂ ਦਿਆਂ
ਕੁਝ ਵੀ ਪੁੱਛਾਂ
ਤੂੰ ਗੁੱਝੀਆਂ ਕਰਦਾ ਕਰਦਾ
ਬਾਣੀ ਬਾਣੀ ਹੋ ਜਾਂਦੈਂ

ਤੂੰ 'ਟਿਕ' ਕੇ ਬੈਠਦਾ ਹੀ ਨਹੀਂ
ਤੇਰੇ ਮਿੱਟੀ ਲਟੇ ਪੈਰ ਉਦੋਂ
ਮੋੜੂੰਗੀ
ਜਦੋਂ ਤੂੰ ਆਪਣੇ ਕਦਮਾਂ ਨਾਲ
ਮੇਰੇ ਚੁਲ੍ਹੇ ਅੱਗੇ
7 ਪਤਾਲਾਂ ਪਤਾਲ ਦੀਆਂ
ਬਾਤਾਂ ਪਾਵੇਂ

ਹੀਰੇ !

ਹੀਰੇ!
ਇਹ ਕਿਸ ਤਰ੍ਹਾਂ ਦੀ ਹੋਣੀ ਸਾਡੀ

ਮੇਰੇ ਮਿੱਤਰ ਪਿਆਰੇ
ਤੂੰ ਨਾ ਮੇਰੀ ਹੋਈ
ਨਾ ਮੈਂ ਤੇਰਾ
ਕਵੀ ਨੇ ਲਿਖਤਾ ਕਿੱਸਾ ਮੇਰਾ ਤੇਰਾ
ਤੂੰ ਰਾਗ ਸੁਣਦੀ ਰਹੀ
ਮੈਂ ਰਾਗੀ ਤੋਂ ਰੋਗੀ ਹੋ ਗਿਆ
ਤੇਰੇ ਬਾਪੂ ਦੀਆਂ ਮੱਝਾਂ ਚਾਰਦਾ
ਬੰਸਰੀ ਵਜਾਉਂਦਾ

ਇਹ ਕਿਸ ਤਰ੍ਹਾਂ ਦਾ ਪਿਆਰ ਏ
ਹੀਰੇ!

ਹਰੀ ਹਰਨ

ਭਟਕਦਾ ਸ਼ਰਾਬੀ
ਅਹਿਮਦਾਬਾਦ ਦੀਆਂ ਗਲ਼ੀਆਂ 'ਚ
ਲੁੜ੍ਹਕਦਾ
ਗਾਂਧੀ ਮਹਾਨ ਦਾ ਵੱਡਾ ਪੁੱਤਰ
ਹਿੰਦੂ ਤੋਂ ਮੁਸਲਮਾਨ ਹੋ ਗਿਆ
ਤੇਰੇ ਨਾਲ ਕੈਦ ਹੋ ਗਿਆ
ਆਜ਼ਾਦੀ ਲਈ
ਤੂੰ ਉਸਨੂੰ ਸਾਰੀ ਉਮਰ ਦਾ ਕੈਦੀ ਬਣਾ ਦਿੱਤਾ
ਆਪ ਮਹਾਤਮਾ ਬਣਨ ਲਈ
ਉਹਨੂੰ ਅਹਿਮਦਾਬਾਦ ਦੀਆਂ
ਅੰਨ੍ਹੀਆਂ ਗਲ਼ੀਆਂ 'ਚ
ਭਟਕਣ ਲਈ
ਗਾਂਧੀ! ਇਹ ਕੀ ਤੇਰੀ ਜ਼ਿੱਦ
ਆਪਣੇ ਪਹਿਲੇ ਪੁੱਤਰ ਨਾਲ 000

(Schulhausgasse 12, CH 3113 Rubigen, Switzerland)

ਛੇ ਛੋਟੀਆਂ ਕਵਿਤਾਵਾਂ: ਗੁਰਦੀਪ ਸਿੰਘ ਢੁੱਡੀ

ਚੁੱਲ੍ਹਾ

ਰੋਟੀਆਂ ਥੱਪਦੀ ਮਾਂ
ਚੁੱਲ੍ਹੇ ਤੇ
ਬੜੀ ਸੰਤੁਸ਼ਟੀ ਮਹਿਸੂਸ ਕਰਦੀ।

ਸਾਰੇ ਜੀਆਂ ਦਾ ਢਿੱਡ ਭਰਦੀ
ਤੇ
ਧੂੰਏਂ ਦੇ ਪੱਜ
ਅੱਖਾਂ ਦਾ ਕੌੜਾ ਪਾਣੀ ਕੱਢ ਲੈਂਦੀ।

ਚਰਖਾ

ਚਰਖੇ 'ਤੇ ਸੂਤ ਕੱਤਣਾ
ਕਿੰਨਾ ਸਹਿਜ ਕਰਦਾ ਸੀ
ਆਪਣੇ ਸਾਰੇ ਵਲਵਲਿਆਂ ਨੂੰ
ਇਕ ਗਲੋਟੇ ਤੇ ਵਲ਼ਣਾ।

ਇਸੇ ਕਰਕੇ ਤਾਂ
ਮਾਂ ਧੀ ਨੂੰ ਮੱਤਾਂ ਦੇਂਦੀ
ਧੀਏ ! ਇਹ ਤਾਂ ਕੁੜੀਆਂ ਨੂੰ
ਸਿੱਖਣਾ ਹੀ ਚਾਹੀਦੈ।

ਖੂਹ

ਪਾੜਛੇ 'ਚ ਡਿੱਗਦਾ ਪਾਣੀ
ਟਿੰਡਾਂ ਦੀ ਬਰਕਤ ਸੀ
ਜਾਂ
ਗਾਧੀ ਦੇ ਗੇੜੇ ਕੱਢਦੇ
ਬਲਦ ਦੀ
ਮੇਰੇ ਜ਼ਿਹਨ ਨੇ
ਫ਼ੈਸਲਾ ਨਾ ਕੀਤਾ।

ਇਕ ਤੋਂ ਬਾਅਦ ਦੂਸਰਾ
ਕੰਮ ਮੈਂ ਗਿਣਦਾ ਹੀ ਰਹਿਨਾ।

ਮਨੁੱਖ

ਉਸ ਸ਼ੀਸ਼ੇ ਵੱਲ ਵੇਖਿਆ
ਆਪਣਾ ਚਿਹਰਾ ਵੇਖਣ ਹਿਤ
ਤੇ
ਤਸੱਲੀ ਅਨੁਭਵ ਕੀਤੀ।
ਸਾਹਵੇਂ ਖੜ੍ਹੇ ਦਾ
ਦਮ ਭਰੋ
ਤੇ ਬੇਫ਼ਿਕਰ ਹੋ ਜਾਵੋ।

ਰਾਜਨੀਤੀ

ਸਾਹਵੇਂ ਆਉਂਦਾ ਵਡ-ਅਕਾਰੀ ਭਾਈ
ਵੇਖਿਆ
ਡੱਬੂ ਨੇ ਝੱਟ ਹੀ ਪੂਛ ਹਿਲਾਉਣੀ
ਤੇ
ਉਸ ਦੇ ਅੱਗੇ ਬੇਸ਼ਰਮੀ ਨਾਚ
ਨੱਚਣਾ ਸ਼ੁਰੂ ਕਰ ਦਿੱਤਾ।

ਉਸ ਦਾ ਵੱਡੇ ਦੇ ਗੁਣਗਾਣ ਨੂੰ
ਜੀਅ ਕਰਦਾ ਸੀ।

ਕੌਮੀ ਏਕਤਾ

ਭਗਵਾਂ ਚੋਲਾ
ਮੱਥੇ ਤਿਲਕ
ਗਲ਼ 'ਚ ਮਾਲ਼ਾ
ਉਪਦੇਸ਼ ਦਿੰਦਾ।

ਦੇਸ਼ ਨੂੰ ਬਚਾਉਣ ਲਈ
ਚਾਰ ਵਿਆਹਾਂ ਵਾਲਿਆਂ ਨੂੰ
ਦੇਸ਼ ਨਿਕਾਲੇ ਦੀ ਸਲਾਹ ਦਿੰਦਾ।

ਰਾਸ਼ਟਰਵਾਦ ਲਈ ਇਹ
ਪਹਿਲਾ ਪਾਠ ਹੈ।

ooo

(1439, 6-ਆਰ. ਡੋਗਰ ਬਸਤੀ, ਫ਼ਰੀਦਕੋਟ 51203, ਫੋਨ: 95010-20731

ਦੋ ਨਜ਼ਮਾਂ: ਗੁਰਚਰਨ

ਧਰਤੀ ਤੇ ਧੌਲ਼

ਉਹ ਜਦ ਵੀ ਜ਼ਖ਼ਮੀ ਸੁਪਨਿਆਂ ਦੀ ਗੱਲ ਕਰਦਾ
ਜਾਪਦਾ ਜ਼ਖ਼ਮ ਫਿਰ ਤੋਂ ਹਰੇ ਹੋ ਗਏ ਹੋਣ
ਮੈਂ ਅਕਸਰ ਕਹਿੰਦਾ –
ਜੇ ਬਿਖੜੇ ਪੰਧ ਕੱਟਣੇ ਨੇ
ਸੁਪਨਿਆਂ ਨੂੰ ਜ਼ਖ਼ਮੀ ਨਾ ਹੋਣ ਦੇਵੀਂ
ਚਿਹਰੇ ਤੋਂ ਪੀੜ ਦੀ ਇਬਾਰਤ ਵੀ ਨਾ ਪੜ੍ਹ ਸਕੇ ਕੋਈ
ਨਹੀਂ ਤਾਂ ਜਿੱਤ ਦੀ ਖ਼ੁਸ਼ੀ ਤੋਂ ਵਿਰਵਾ ਰਹਿ ਜਾਏਂਗਾ
ਜਿੱਤ ਦੇ ਪਲਾਂ ਵਿਚ ਹੀ ਆਪਣੇ ਹੋਣ ਦਾ ਅਹਿਸਾਸ ਹੁੰਦਾ ਹੈ
ਕੋਈ ਆਪਣਾ ਆਪਣੇ ਪਾਸ ਹੁੰਦਾ ਹੈ

'ਧਰਮ' ਧਰਤੀ ਹੇਠਲਾ ਧੌਲ਼ ਨਹੀਂ
ਰਾਜ-ਭਵਨ ਵਿਚ ਬੈਠਾ ਸ਼ਿਵ ਦਾ ਨੰਦੀ ਹੈ
ਤੇ ਸ਼ਿਵ ਸਿੰਘਾਸਨ 'ਚ ਜੜਿਆ ਮੋਤੀ
ਲੋਕ ਮੋਤੀ ਦੇ ਦੀਦਾਰ ਲਈ ਸਿੰਘਾਸਨ ਅੱਗੇ ਵੀ ਝੁਕਦੇ
ਸ਼ਿਵ ਦੀ ਅਰਾਧਨਾ ਕਰਦੇ
ਨੰਦੀ 'ਚੋਂ ਸ਼ਿਵ ਦੀ ਸੂਰਤ ਨਿਹਾਰਦੇ

ਧਰਤੀ ਹੇਠਲੇ ਧੌਲ਼ ਤਾਂ ਅਸੀਂ ਹਾਂ
ਕਿੰਨਾ ਕੁਝ ਜਰੀ ਜਾਂਦੇ
ਜਦ ਵੀ ਕੋਈ ਧਰਤ 'ਤੇ ਛਮਕਾਂ ਮਾਰਦਾ
ਲਾਸਾਂ ਸਾਡੇ ਪਿੰਡੇ ਪੈਂਦੀਆਂ
ਤੇ ਅਸੀਂ ਲੂਹੇ ਪਿੰਡਿਆਂ ਨਾਲ ਵੀ ਧਰਤ ਪੂਜਦੇ
ਧਰਤ ਨੂੰ ਸਰਸਬਜ਼ ਬਣਾਉਂਦੇ
ਸ਼ਿਵ ਤੇ ਉਸਦੇ ਨੰਦੀ ਨੂੰ ਸੀਸ ਨਿਵਾਉਂਦੇ

ਉਸਨੇ ਕਿਹਾ –
'ਧਰਤ ਹੇਠਲਾ ਧੌਲ਼' ਹੋਣਾ ਕਿੱਧਰ ਦੀ ਵਡਿਆਈ ਹੈ
ਧਰਤ ਦੀ ਥਾਹ ਵੀ ਪਾਈ ਹੈ ਕਦੇ!
ਚਿਹਰੇ ਤੋਂ ਦਰਦ ਦੀ ਗ਼ਰਦ ਝਾੜ
ਸਮੇਂ ਦੇ ਅੱਥਰੇ ਘੋੜੇ ਦੀ ਵਾਗ ਫੜ
ਸੂਰਜ ਦਾ ਰਥ ਉੱਧਰ ਹੀ ਤੁਰੇਗਾ
ਜਿੱਧਰ ਘੋੜੇ ਨੂੰ ਇਸ਼ਾਰਾ ਕਰੇਂਗਾ

ਮੈਂ ਇਹ ਭੇਦ ਰਾਂਗਲੇ ਸੂਰਜਮੁਖੀਆਂ ਤੋਂ ਬੁੱਝਿਆ ਹੈ
ਹਨੇਰਿਆਂ 'ਚ ਸੂਰਜਮੁਖੀ ਨਹੀਂ ਖਿੜਦੇ
ਹਨੇਰਿਆਂ ਨੇ ਤਾਂ ਸੂਰਜਮੁਖੀਆਂ ਨੂੰ ਡੱਸਿਆ ਹੈ
ਇਸੇ ਲਈ ਤਾਂ ਕਹਿੰਦਾ ਹਾਂ
ਸੁਪਨਿਆਂ ਨੂੰ ਜ਼ਖ਼ਮੀ ਨਾ ਹੋਣ ਦੇ
ਸਮੇਂ ਦੇ ਅੱਥਰੇ ਘੋੜੇ ਦੀ ਵਾਗ ਫੜ

ਆਪੋ-ਆਪਣਾ ਅੰਬਰ

ਹਰ ਕਿਸੇ ਦਾ ਆਪਣਾ ਅੰਬਰ ਹੁੰਦਾ ਹੈ
ਵਸੇਬਿਆਂ ਦਾ, ਖੰਡਰਾਂ ਦਾ
ਉੱਚੀਆਂ ਮੰਜ਼ਲਾਂ ਦਾ, ਹਨੇਰੀਆਂ ਕੰਦਰਾਂ ਦਾ
ਝਨਾਂ ਦੇ ਪਾਣੀਆਂ ਦਾ, ਦਿਲਾਂ ਦੇ ਜਾਨੀਆਂ ਦਾ
ਤਪਦੇ ਥਲਾਂ ਦਾ, ਤੜਪਦੇ ਦਿਲਾਂ ਦਾ
ਖ਼ਾਮੋਸ਼ੀਆਂ ਦਾ, ਸਰਗੋਸ਼ੀਆਂ ਦਾ
ਹਰ ਕਿਸੇ ਦਾ ਆਪਣਾ ਅੰਬਰ ਹੁੰਦਾ ਹੈ

ਕਿੰਨਾ ਕੁ ਵੱਡਾ ਹੈ ਅੰਬਰ?
ਓਨਾ ਜਿੰਨਾ ਵਿਹੜੇ 'ਚੋਂ ਨਜ਼ਰ ਆਉਂਦਾ?
ਓਨਾ, ਜਿੰਨਾ ਰੋਸ਼ਨਦਾਨ ਜਾਂ ਖਿੜਕੀ 'ਚੋਂ ਝਾਕਦਾ?
ਜਾਂ ਓਨਾ, ਜਿੰਨਾ ਸਿਖਰਲੀ ਛੱਤ ਤੋਂ ਦਿਸਦਾ?

ਸੋਚਣ ਵਾਲੀ ਗੱਲ ਤਾਂ ਇਹ ਵੀ ਹੈ –
ਕਿੱਡਾ ਕੁ ਵੱਡਾ ਹੈ ਤੁਹਾਡਾ ਵਿਹੜਾ
ਕਿੱਡੀ ਕੁ ਹੈ ਤੁਹਾਡੀ ਖਿੜਕੀ, ਬਾਲਕੋਨੀ ਜਾਂ ਛੱਤ
ਧਰਤ ਦਾ ਕਿੰਨਾ ਕੁ ਟੋਟਾ ਤੁਹਾਡਾ ਆਪਣਾ ਹੈ
ਉਹਦੀ ਦਿਸ਼ਾ ਕਿਹੜੀ ਹੈ
ਤੁਸੀਂ ਉਚਾਣ 'ਤੇ ਖੜ੍ਹੇ ਹੋ ਜਾਂ ਨਿਵਾਣ 'ਤੇ
ਕਿੰਨੀ ਕੁ ਗਹਿਰੀ ਹੈ ਤੁਹਾਡੀ ਖ਼ਾਮੋਸ਼ੀ
ਕਿੰਨੇ ਕੁ ਗੰਭੀਰ ਨੇ ਤੁਹਾਡੇ ਬੋਲ

ਇਕ ਗੱਲ ਹੋਰ–
ਕਿੱਥੋਂ ਤਕ ਜਾਂਦੀ ਏ ਤੁਹਾਡੀ ਨਜ਼ਰ?
ਕਿਸ ਤਰ੍ਹਾਂ ਦਾ ਹੈ ਤੁਹਾਡਾ ਨਜ਼ਰੀਆ?
ਨਜ਼ਰ ਤੇ ਨਜ਼ਰੀਏ ਦਾ ਅੰਬਰ ਨਾਲ ਕੀ ਨਾਤਾ ਹੈ ?
ਧਰਤੀ ਦਾ ਕੌਣ ਮਾਲਕ
ਧਰਤ ਕਿਹਨਾਂ ਦੀ ਮਾਤਾ ਹੈ ?

ਕੌਣ ਨੇ ਜਿਹਨਾਂ ਕੋਲ ਸੋਇਨਾ ਹੈ, ਰੁਪਾ ਹੈ
ਜਿਹਨਾਂ ਦੀ ਭੋਇੰ ਆਪਣੀ, ਅਸਮਾਨ ਆਪਣਾ ਹੈ ?
ਉਹਨਾਂ ਦੇ ਪਰਬਤ, ਨਦੀਆਂ ; ਉਹਨਾਂ ਦੇ ਆਪਣੇ ਮੈਦਾਨ
ਉਹ ਦਰਿਆਵਾਂ ਦੇ ਰੁਖ਼ ਮੋੜਨ ਤੇ ਪਾਣੀਆਂ ਨੂੰ ਬੰਨ੍ਹ ਲਾਣ
ਉਹਨਾਂ ਦੇ ਦੇਵ ਆਪਣੇ, ਉਹਨਾਂ ਦੀ ਮੁੱਠੀ 'ਚ ਭਗਵਾਨ
ਉਹੀ ਤਖ਼ਤ 'ਤੇ ਬੈਠਣ, ਜਿਹਨਾਂ 'ਤੇ ਅੱਲਾ ਮਿਹਰਬਾਨ
ਉਹਨਾਂ ਦੀਆਂ ਉਂਗਲਾਂ 'ਤੇ ਨੱਚਦੇ ਸ਼ੈਤਾਨ
ਉਹਨਾਂ ਦਾ ਕਿੱਡਾ ਕੁ ਅੰਬਰ ਜਿਹਨਾਂ ਦੇ ਝੂਲਦੇ ਨਿਸ਼ਾਨ

ਕੌਣ ਨੇ, ਜੋ ਹਨੇਰਿਆਂ 'ਚ ਪੰਧ ਕਰਦੇ ਨੇ
ਤੇ ਪੈਰਾਂ ਨਾਲ ਅਜੇ ਵੀ ਧਰਤ ਮਿਣਦੇ ਨੇ
ਉਹ ਖੁੱਲ੍ਹੇ ਅੰਬਰ 'ਚੋਂ ਰਾਤੀਂ ਤਾਰੇ ਗਿਣਦੇ ਨੇ
ਜਿਹਨਾਂ ਲਈ ਖਿੜਕੀ, ਬਾਲਕੋਨੀ
ਜਾਂ ਛੱਤ ਕੇਵਲ ਸੁਪਨਾ ਹੈ
ਉਹ ਛੱਤਹੀਣ ਧਰਤ ਦੇ ਉੱਤੇ
ਚੁੱਲ੍ਹੇ ਦੇ ਧੂੰਏ ਵਿਚ ਦੀ ਆਪਣਾ ਅੰਬਰ ਤੱਕਦੇ ਨੇ
ਉਹ ਧਰਤ ਨੂੰ ਮਾਂ ਕਹਿੰਦੇ ਤੇ ਚੰਦ ਨੂੰ ਮਾਮਾ ਦੱਸਦੇ ਨੇ
ਕੌਣ ਨੇ ਉਹ?

ਉਹ ਪੈਂਡਿਆਂ 'ਤੇ ਤੁਰਦੇ ਕੀ ਸੋਚਦੇ ਨੇ
ਉਹ ਨਿੱਤ ਪਗਡੰਡੀਆਂ ਬਣਾਉਂਦੇ
ਤੇ ਪੈਂਡਿਆਂ 'ਚੋਂ ਆਪਣਾ ਅੰਬਰ ਟੋਲਦੇ ਨੇ
ਉਹ ਤਾਰਿਆਂ ਤੋਂ ਰਾਹ ਪੁੱਛਦੇ
ਤੇ ਪੁਰਖਿਆਂ ਨੂੰ ਤਾਰਿਆਂ ਦੇ ਝੁੰਡ 'ਚੋਂ ਲੱਭਦੇ ਨੇ
ਉਹ ਪਰਬਤਾਂ, ਰੁੱਖਾਂ ਨੂੰ ਦੇਵ ਕਹਿੰਦੇ
ਉਹਨਾਂ ਨੂੰ ਪੂਜ ਕੇ ਲੰਮੇ ਪੰਧ ਕਰਦੇ ਨੇ
ਉਹ ਭੁੱਖ ਨਾਲ ਲੜਦਿਆਂ ਜਿਉਂਦੇ
ਤੇ ਲੜਦਿਆਂ ਮਰਦੇ ਨੇ
ਉਹ ਔਝੜ ਪੈਂਡਿਆਂ 'ਤੇ ਤੁਰਦੇ
ਨਾ ਥੱਕਦੇ, ਨਾ ਹਰਦੇ ਨੇ

ਕੌਣ ਨੇ ਉਹ ?
ਉਹਨਾਂ ਦਾ ਕਿੱਡਾ ਕੁ ਅੰਬਰ ?
ਉਹਨਾਂ ਦਾ ਕਿਹੋ ਜਿਹਾ ਅੰਬਰ ? 000

(ਫੋਨ: 09811740300)

ਅੰਨ ਬ੍ਰਹਮ ਹੈ: ਕਹਾਣੀ: ਜਤਿੰਦਰ ਸਿੰਘ ਹਾਂਸ

"... ਧਰਮ ਨਾਲ ਲੋਹੜਾ ਈ ਹੋ ਗਿਆ...।" ਬੁੜਬੜਾਉਂਦਾ ਹੋਇਆ, ਘਬਰਾਇਆ
ਹੋਇਆ ਚੌਕੀਦਾਰ, 'ਕਾਮਰੇਟ... ਕਾਮਰੇਟ...' ਕਹਿ ਕੇ ਆਵਾਜ਼ਾਂ ਮਾਰੀ ਜਾ ਰਿਹਾ ਸੀ। ਕਾਮਰੇਡ
ਮੋਹਣ ਸਿੰਘ ਦਾ ਦਰਵਾਜ਼ਾ ਖੜਕਾਈ ਜਾ ਰਿਹਾ ਸੀ।

ਚੌਕੀਦਾਰ ਪਿੰਡ ਵਿਚ 'ਜਾਗਦੇ ਰਹੋ' ਦਾ ਹੋਕਾ ਦਿੰਦਾ ਫਿਰ ਰਿਹਾ ਸੀ। ਸੜਕ ਕਿਨਾਰੇ ਪਈ
ਬੱਚੇ ਦੀ ਲਾਸ਼ ਦੇਖ ਕੇ ਘਬਰਾ ਗਿਆ ਸੀ। ਉਹ ਬੁੜਬੜਾਈ ਜਾ ਰਿਹਾ ਸੀ, "ਇਹਨਾਂ ਲੋਕਾਂ ਨੂੰ
ਜਿੰਨਾ ਮਰਜ਼ੀ 'ਜਾਗਦੇ ਰਹੋ' ਦਾ ਹੋਕਾ ਦਿੰਦੇ ਰਹੋ, ਇਹਨਾਂ ਨਹੀਂ ਜਾਗਣਾ। ਕਿੰਨਾ ਕਲਜੁਗ ਆ
ਗਿਆ... ਇਸ ਭੋਰਾ ਭਰ ਮਾਸੂਮ ਨੇ ਕਿਸੇ ਦਾ ਕੀ ਵਿਗਾੜਿਆ ਹੋਣਾ...। ਜੀਹਨਾਂ ਦਾ ਕੋਈ
ਵਾਲੀ-ਵਾਰਸ ਨੀ, ਉਹਨਾਂ ਦਾ ਕਾਮਰੇਟ ਆ...।"

ਉਹ ਕਈ 'ਸਮਾਜ-ਸੇਵਕ' ਅਖਵਾਉਂਦਿਆਂ ਦਾ ਦਰਵਾਜ਼ਾ ਖੜਕਾਅ ਆਇਆ ਸੀ।

ਕਿਸੇ ਨੇ ਦਰਵਾਜ਼ਾ ਨਹੀਂ ਖੋਹਲਿਆ।

00

ਅੱਧੀ ਕੁ ਰਾਤ ਦਾ ਵਕਤ ਹੋਣਾ। ਚੌਕੀਦਾਰ ਦੀਆਂ ਆਵਾਜ਼ਾਂ ਸੁਣ ਕੇ ਮੋਹਣ ਸਿੰਘ ਅੱਖਾਂ
ਮਲ਼ਦਾ ਉਠਿਆ। ਉਹ ਕਿਸਾਨ ਯੂਨੀਅਨ ਦੇ 'ਰੇਲ ਰੋਕੋ' ਅੰਦੋਲਨ ਤੋਂ ਅਜੇ ਥੋੜ੍ਹੀ ਦੇਰ ਪਹਿਲਾਂ
ਹੀ ਆ ਕੇ ਸੁੱਤਾ ਸੀ। ਉਹ ਸਿਰ 'ਤੇ ਪਰਨਾ ਲਪੇਟਦਾ, ਪੈਰੀਂ ਜੁੱਤੀ ਅੜਾਉਂਦਾ, ਮੰਜੇ ਤੋਂ ਉਠ ਕੇ
ਤੁਰ ਪਿਆ। "ਅੱਧੀ ਰਾਤ, ਚੌਕੀਦਾਰ ਨੂੰ ਕੀ ਮੁਸੀਬਤ ਆ ਪਈ?" ਉਹਦਾ ਮੱਥਾ ਠਣਕਿਆ।

ਕਾਮਰੇਡ ਮੋਹਣ ਸਿੰਘ ਦੀ ਪਤਨੀ ਗੁਰਜੀਤ ਜਿਸ ਨੂੰ ਉਹ 'ਮੁਸੀਬਤਾਂ ਮਾਰੀ' ਕਹਿ ਕੇ
ਹੱਸਦਾ, ਉਸ ਨਾਲ ਲੜ ਕੇ ਪੇਕੀਂ ਗਈ ਹੋਈ ਸੀ। ਜਦੋਂ ਉਹ ਲੜਦੀ, 'ਮੈਂ ਤੇਰੇ ਸਿਰ ਚੜ੍ਹ ਕੇ ਮਰ
ਜਾਣਾ' ਦੀ ਧਮਕੀ ਜ਼ਰੂਰ ਦਿੰਦੀ। ਜੇ ਉਹ ਪੇਕੀਂ ਨਾ ਗਈ ਹੁੰਦੀ ਤਾਂ ਉਹਨੇ ਅੱਧੀ ਰਾਤੀਂ ਦਰਵਾਜ਼ਾ
ਖੜਕਾਉਣ ਵਾਲੇ ਨੂੰ ਗਾਲ੍ਹਾਂ ਜ਼ਰੂਰ ਕੱਢਣੀਆਂ ਸਨ, "ਇਹਨਾਂ ਲੋਕਾਂ ਨੂੰ ਭੋਰਾ ਸ਼ਰਮ ਨੀ, ਹੱਗਣ-
ਮੂਤਣ ਜਾਣ ਲਈ ਵੀ ਕਾਮਰੇਟ ਨੂੰ ਸੱਦਣ ਆ ਜਾਣਗੇ...।"

ਘਰ ਦੇ ਕਬੀਲਦਾਰੀ ਦੇ ਕੰਮਾਂ ਤੋਂ ਬਿਨਾਂ, ਉਹ ਸਾਰੇ ਕੰਮ ਜੋ ਮੋਹਣ ਸਿੰਘ 'ਲੋਕ-ਭਲਾਈ' ਦੇ
ਸਮਝ ਕੇ ਕਰਦਾ, ਉਹਦੀ ਪਤਨੀ ਗੁਰਜੀਤ ਉਹਨਾਂ ਨੂੰ 'ਮੁਸੀਬਤ ਸਹੇੜਨਾ' ਕਹਿੰਦੀ।

"ਮੈਂ ਤੈਨੂੰ ਵੀ ਸਹੇੜਿਆ", ਮੋਹਣ ਸਿੰਘ ਹਾਸੇ ਵਿਚ ਕਹਿੰਦਾ। "ਤਾਹੀਓਂ ਤਾਂ ਮੈਂ ਮੁਸੀਬਤਾਂ
'ਚ ਪਈ ਆਂ", ਉਹ ਬਿਨਾਂ ਗੱਲ ਸਮਝਦਿਆਂ ਮੱਥੇ 'ਤੇ ਹੱਥ ਮਾਰ ਕੇ ਕਹਿੰਦੀ।

ਕੱਲ੍ਹ ਲੜਾਈ ਇਸ ਗੱਲ ਤੋਂ ਸ਼ੁਰੂ ਹੋਈ ਸੀ। ਉਹ ਚਾਹੁੰਦੀ ਸੀ ਕਾਮਰੇਡ ਉਹਦੇ ਨਾਲ, ਉਹਦੇ
ਬਾਪੂ ਦੀ ਖ਼ਬਰ ਲੈਣ ਉਹਦੇ ਪੇਕੀਂ ਚੱਲੇ। ਉਹਦਾ ਬਾਪੂ ਸਖ਼ਤ ਬਿਮਾਰ ਸੀ। ਡਾਕਟਰ ਨੇ ਕਹਿ
ਦਿੱਤਾ ਸੀ, 'ਇਹਦੀ ਘਰ ਲਿਜਾ ਕੇ ਸੇਵਾ ਕਰਲੋ।' ਕਾਮਰੇਡ ਦਾ ਪਹਿਲਾਂ ਹੀ ਕਿਸਾਨ ਯੂਨੀਅਨ
ਦੇ ਰੇਲ ਰੋਕੋ ਅੰਦੋਲਨ 'ਚ ਜਾਣ ਦਾ ਪ੍ਰੋਗਰਾਮ ਬਣ ਚੁੱਕਾ ਸੀ।

ਕਾਮਰੇਡ ਦੀ ਨਾਂਹ ਸੁਣ ਕੇ ਗੁਰਜੀਤ ਕੌਰ ਦੀਆਂ ਅੱਖਾਂ ਭਰ ਆਈਆਂ ਸੀ। "ਮੈਨੂੰ ਪਤਾ
ਥੋਨੂੰ ਮੇਰੀ ਭੋਰਾ ਕਦਰ ਨੀ... ਜਿਉਂਦੇ ਜੀਆਂ ਦੇ ਮੇਲੇ ਹੁੰਦੇ ਨੇ... ਜਿਵੇਂ ਡਾਕਟਰ ਨੇ ਜੁਆਬ ਦੇ
ਦਿੱਤਾ, ਕੀ ਪਤਾ ਉਹਨਾਂ ਦਾ।... ਬਾਅਦ 'ਚ ਪਛਤਾਵਾ ਹੀ ਰਹਿ ਜਾਂਦਾ... ਲੋਕ, ਕਾਮਰੇਟ-
ਕਾਮਰੇਟ ਕਹਿ ਕੇ ਥੋਤੋਂ ਕੰਮ ਕੱਢ ਲੈਂਦੇ ਨੇ,ਤੁਸੀਂ ਵੱਡੇ ਬਣੇ ਫਿਰਦੇ ਓ...।" ਉਹ ਅੱਖਾਂ ਤੇ ਨੱਕ

ਸਾਫ਼ ਕਰਦੀ ਬੋਲੀ ਗਈ ਸੀ।

ਮੋਹਣ ਸਿੰਘ ਆਪਣੀਆਂ ਦਲੀਲਾਂ ਦੇਣ ਲੱਗਿਆ, "... ਤੈਨੂੰ ਯਾਦ ਆ? ਜਦੋਂ ਬਾਪੂ ਮੰਡੀਓਂ ਕਣਕ ਵੇਚ ਕੇ ਆਇਆ, ਤਾਂ ਹਰ ਸਾਲ ਦੀ ਤਰ੍ਹਾਂ ਉਸ ਸਾਲ ਵੀ ਸਿਰ ਕਰਜਾ ਲੈ ਕੇ ਮੁੜਿਆ ਸੀ। ਉਹਨੇ ਆ ਕੇ ਰੋਟੀ ਨਹੀਂ ਖਾਧੀ ਸੀ, ਰਾਤ ਨੂੰ ਸਲਫਾਸ ਖਾ ਗਿਆ ਸੀ...। ਮਿੱਟੀ ਭੋਰਾਂ ਦਾ ਬਲਦੇਵ ਆਪਣੀ ਵਿਕੀ ਹੋਈ ਜਮੀਨ 'ਚ ਟਾਹਲੀ ਨਾਲ ਲਟਕਦਾ, ਮੇਰੀਆਂ ਅੱਖਾਂ ਅੱਗਿਓਂ ਨਹੀਂ ਜਾਂਦਾ। ਇਕ ਪਾਸੇ ਕਿਸਾਨਾਂ ਦੀ ਫਸਲ ਰੁਲਦੀ ਆ, ਉਹੀ ਫਸਲ ਵਪਾਰੀ ਕੋਲ਼ ਜਾ ਕੇ ਸਿਓਨੇ ਦੇ ਭਾਅ ਹੋ ਜਾਂਦੀ ਆ। ਦੂਜੇ ਪਾਸੇ ਗਰੀਬ-ਗੁਰਬਾ ਦਾਣੇ-ਦਾਣੇ ਨੂੰ ਮੁਹਤਾਜ ਆ।...ਜੇ ਏਕਣੇ ਸਰਕਾਰਾਂ ਜੱਟਾਂ ਨਾਲ ਧੱਕਾ ਕਰਦੀਆਂ ਰਹੀਆਂ ਤਾਂ ਹੋਰ ਪਤਾ ਨਹੀਂ ਕਿੰਨੇ ਕੁ ਜਣੇ ਅਣਆਈ ਮਰਨਗੇ। ਅੱਜ ਮੇਰਾ ਇੱਧਰ ਜਾਣਾ ਈ ਬਣਦਾ... ਤੂੰ ਉਧਰ ਜਾ ਆ।"

ਗੁਰਜੀਤ ਨੂੰ ਇਹੋ ਜਿਹੇ ਭਾਸ਼ਨ ਸੁਣਨੇ ਹੋਰ ਵੱਡੀ ਮੁਸੀਬਤ ਲੱਗਦੇ। ਉਹਨੇ ਕੰਨਾਂ 'ਤੇ ਹੱਥ ਰੱਖ ਲਏ। ਉਹ ਬੁਸ-ਬੁਸ ਕਰਦੀ ਤਿਆਰ ਹੋਈ। ਜਾਣ ਲੱਗੀ ਨੇ ਆਖਰੀ ਗੱਲ ਵੀ ਕਹਿ ਦਿੱਤੀ, "ਹੁਣ ਮੇਰਾ ਇਸ ਘਰ 'ਚੋਂ ਦਾਣਾ ਪਾਣੀ ਮੁੱਕ ਗਿਆ।"

ਮੋਹਣ ਸਿੰਘ ਕਿਸਾਨ ਯੂਨੀਅਨ ਵਾਲੇ ਝੰਡਾ ਸਿੰਘ ਦੇ ਘਰ ਚਲਾ ਗਿਆ। ਉੱਥੇ ਉੱਚੇ ਚੌਤਰੇ ਵਾਲੇ ਦਲਵਾਰ ਸਿੰਘ ਦੀ ਟਰਾਲੀ ਖੜ੍ਹੀ ਸੀ। ਜਿਸ ਵਿਚ ਪਿੰਡ ਦੇ ਹੋਰ ਲੋਕ ਵੀ ਬੈਠੇ ਸਨ। ਉਹ ਉਹਨਾਂ ਨਾਲ ਰੇਲ-ਰੋਕੋ ਅੰਦੋਲਨ ਵਿਚ ਹਿੱਸਾ ਲੈਣ ਚਲਿਆ ਗਿਆ।

ਰਾਮਪੁਰ ਵਾਲੇ ਰੇਲਵੇ ਸਟੇਸ਼ਨ ਦੇ ਨੇੜੇ ਸੈਂਕੜੇ ਲੋਕ ਇਕੱਠੇ ਹੋਏ ਸਨ। ਟਰਾਲੀ ਗੁਰਦੁਆਰੇ ਕੋਲ਼ ਖੜ੍ਹਾ ਕੇ, ਲੋਕਾਂ ਨੇ ਹਰੇ-ਪੀਲੇ ਰੰਗੇ ਝੰਡੇ ਚੱਕ ਲਏ। ਨਾਅਰੇ ਮਾਰਦੇ ਰੇਲਵੇ ਸਟੇਸ਼ਨ ਵੱਲ ਤੁਰ ਪਏ। ਪਹਿਲਾਂ ਕਿਸਾਨੀ ਦੀ ਮਾੜੀ ਹਾਲਤ, ਖ਼ੁਦਕੁਸ਼ੀਆਂ ਅਤੇ ਸਰਕਾਰਾਂ ਦੀਆਂ ਬਦਨੀਤੀਆਂ ਬਾਰੇ ਗਰਮ-ਗਰਮ ਭਾਸ਼ਨ ਹੋਏ। ਨਾਅਰੇ ਲੱਗਣ ਲੱਗੇ।

ਅਗਲਾ ਪ੍ਰੋਗਰਾਮ ਰੇਲ ਗੱਡੀ ਦਾ ਪਹੀਆ ਜਾਮ ਕਰਨ ਲਈ ਰੇਲਵੇ ਲਾਇਨ 'ਤੇ ਬੈਠਣਾ ਸੀ। ਉੱਥੇ ਦਰੀਆਂ ਵਿਛਾ ਲਈਆਂ।

ਪੁਲਿਸ ਦੇ ਸਿਪਾਹੀ, ਮਾੜੀ ਘਟਨਾ ਵਾਪਰਨ ਤੋਂ ਹੁਸ਼ਿਆਰ ਹੋਏ ਖੜ੍ਹੇ ਸਨ। ਪੁਲਿਸ ਅਫ਼ਸਰ ਆਪਣੇ ਸੀਨੀਅਰ ਅਫ਼ਸਰਾਂ ਨੂੰ ਬਿੰਦੇ-ਪਲੇ ਹਾਲਾਤ ਬਾਰੇ ਵੈਰਲਸ ਤੋਂ ਜਾਣੂ ਕਰਵਾ ਰਹੇ ਸਨ। ਚਿੰਤਾ 'ਚ ਡੁੱਬਿਆ ਸਟੇਸ਼ਨ ਮਾਸਟਰ ਰੇਲ ਮਹਿਕਮੇ ਦੇ ਅਫ਼ਸਰਾਂ ਨੂੰ ਵੈਰਲਸ ਰਾਹੀਂ ਸਥਿਤੀ ਬਾਰੇ ਦੱਸ ਰਿਹਾ ਸੀ।

ਕਿਸਾਨ ਰੇਲ ਦੀ ਪਟੜੀ 'ਤੇ ਜਾ ਪਏ ਸਨ। ਸਭ ਤੋਂ ਅੱਗੇ ਮੋਹਣ ਸਿੰਘ ਪਿਆ ਸੀ। ਇਸ ਤੋਂ ਬਾਅਦ ਰਣਧੀਰ ਸਿੰਘ ਲੰਬੜਦਾਰ ਦਾ ਸਾਂਝੀ ਬੰਸਾ ਪਿਆ ਸੀ। ਰੇਲ ਗੱਡੀ ਨੇ ਦੂਰੋਂ 'ਕੂਕ' ਮਾਰੀ। ਲਾਇਨ 'ਤੇ ਧਰਨਾ ਲਾਈ ਬੈਠੇ ਬੰਦੇ ਉਧਰ ਨੂੰ ਦੇਖਣ ਲੱਗੇ। ਬੰਸਾ ਉਠ ਕੇ ਬੈਠ ਗਿਆ ਕਹਿੰਦਾ, "ਕਾਮਰੇਟਾ ਮੈਂ ਤਾਂ ਸਮਝਦਾ ਸੀ ਉਧਰੋਂ ਆਉਣੀ ਆ, ਇਹ ਐਧਰੋਂ ਆ ਗੀ। ਕਾਮਰੇਟਾ ਮੈਂ ਫਾਟਕਾਂ ਕੋਲੋਂ ਲੰਘਦੀ ਗੱਡੀ ਕਈ ਵਾਰ ਦੇਖੀ ਆ ਮੂਹਰੇ ਇੰਜਣ ਹੁੰਦਾ। ਡਰਾਇਵਰ ਬਹੁਤ ਪਿੱਛੇ ਹੁੰਦਾ। ਜੇ ਡਰਾਇਵਰ ਨੂੰ ਲਾਇਨ 'ਤੇ ਪਏ ਬੰਦੇ ਨਾ ਦਿਖੇ, ਰੇਲ ਨੇ ਆਪਣੇ ਟੁਕੜੇ ਕਰ ਦੇਣੇ ਨੇ...।"

ਬੰਸਾਂ ਪੈਰਾਂ ਭਾਰ ਬੈਠਾ ਸੀ ਜਿਵੇਂ ਹੁਣੇ ਰੇਸ ਲਾਉਣ ਵਾਲਾ ਹੋਵੇ। ਉਹਨੇ ਆਲੇ-ਦੁਆਲੇ ਨਜ਼ਰ ਮਾਰਦਿਆਂ ਮੋਹਣ ਸਿੰਘ ਤੋਂ ਪੁੱਛਿਆ, "ਕਾਮਰੇਟਾ ਆਪਣੇ ਪਿੰਡ ਆਲ਼ਾ, ਜੈਲਦਾਰ ਦਾ ਜੰਗੀਰ ਸਿਓਂ ਕਿੱਥੇ ਆ?"

"ਉਹ ਨੀ ਆਇਆ," ਮੋਹਣ ਸਿੰਘ ਨੇ ਕਿਹਾ।

"ਸਰਪੰਚ ਅਮਰ ਸਿੰਘ ਕਿੱਥੇ ਆ?" ਬੰਸੇ ਨੇ ਪੁੱਛਿਆ।

"ਔਹ ਖੜ੍ਹਾ ਸਟੇਸ਼ਨ ਦੇ ਕਮਰੇ ਕੋਲ਼, ਛੱਲੀ ਭੋਰ-ਭੋਰ ਚੱਬ ਰਿਹਾ। ਮੋਹਣ ਸਿੰਘ ਨੇ ਗਰਦਨ ਉੱਚੀ ਕਰ ਕੇ ਦੇਖ ਕੇ ਦੱਸਿਆ। ਫਿਰ ਓਵੇਂ ਲਾਇਨ 'ਤੇ ਪੈ ਗਿਆ।

ਬੰਸਾ ਬੋਲਿਆ, "ਜੀਹਨਾਂ ਕੋਲ ਬਹੁਤੀਆਂ ਜਮੀਨਾਂ-ਜਾਇਦਾਦਾਂ ਨੇ, ਉਹਨਾਂ ਵਿਚੋਂ ਤਾਂ ਕੋਈ ਆਇਆ ਨੀ, ਜਿਹੜਾ ਆਇਆ ਉਹ ਪਰੇ ਖੜ੍ਹਾ ਅਰਾਮ ਨਾਲ ਛੱਲੀ ਭੋਰ ਭੋਰ ਖਾਈ ਜਾਂਦਾ। ਤੇਰੇ ਖੇਤਾਂ 'ਚ ਤੇਰੇ ਖਾਣ ਜੋਗੀ ਕਣਕ ਹੁੰਦੀ ਆ, ਤੈਂ ਵੇਚਣੀ ਨੀ। ਮੈਂ ਕਣਕ ਮੁੱਲ ਲੈਣੀ ਆ। ਆਪਾਂ ਰੇਲ ਦੀ ਪਟੜੀ 'ਤੇ ਮਰਨ ਨੂੰ ਪਏ ਆਂ ਬਈ ਕਣਕ ਦਾ ਭਾਅ ਵਧਾਵੋ। ਚੱਲ ਉਠ ਕਾਮਰੇਟਾ ਆਪਾਂ ਨੂੰ ਕੀ ਫਾਇਦਾ ਭਾਅ ਵਧਾ ਕੇ...।"

"ਬੰਸਾ ਸਿਆਂਹ ਜੇ ਆਪਾਂ ਜਾਨ ਬਚਾ ਕੇ ਭੱਜ ਲੇ, ਹੱਕਾਂ ਲਈ ਨਾ ਲੜੇ, ਪਤਾ ਨੀ ਕਿੰਨੇ ਕੁ ਕਿਸਾਨ ਖ਼ੁਦਕੁਸ਼ੀਆਂ ਕਰਨਗੇ...। ਹੁਣ ਜਾਂ ਤਾਂ ਸ਼ਹੀਦ ਹੋਵਾਂਗੇ ਜਾਂ ਗੱਡੀ ਰੋਕਾਂਗੇ...", ਕਾਮਰੇਟ ਬੋਲਿਆ।

ਗੱਡੀ ਦੀ ਪਟੜੀ ਧਮਕ ਰਹੀ ਸੀ। ਚੀਕਾਂ ਮਾਰਦੀ ਗੱਡੀ ਉਹਨਾਂ ਤੋਂ ਕਾਫ਼ੀ ਦੂਰ ਪਿਛਾਂਹ ਹੀ ਰੁਕ ਗਈ ਸੀ। ਹੋਰ ਲੋਕਾਂ ਨਾਲ ਬੰਸਾ ਵੀ ਘਬਰਾਇਆ ਬੈਠਾ ਸੀ। ਗੱਡੀ ਰੁਕ ਜਾਣ ਤੋਂ ਕਾਫ਼ੀ ਸਮੇਂ ਬਾਅਦ ਹੱਸਦਾ ਹੋਇਆ ਬੋਲਿਆ, "ਕੇਰਾਂ ਤਾਂ ਸਾਲੀ ਦੀਆਂ ਚੀਕਾਂ ਕਢਾਤੀਆਂ...।"

ਸਾਰੇ ਕਿਸਾਨ ਯੂਨੀਅਨ ਜਿੰਦਾਬਾਦ, ਇਨਕਲਾਬ ਜਿੰਦਾਬਾਦ ਦੇ ਨਾਅਰੇ ਮਾਰ ਰਹੇ ਸੀ।

ਕਾਮਰੇਡ ਨੇ ਵੀ ਭਾਸ਼ਣ ਦਿੱਤਾ ਸੀ, "ਇਸ ਆਪਣੇ ਸੰਘਰਸ਼ ਨੂੰ ਇਸ ਕਰਕੇ ਬੂਰ ਨਹੀਂ ਪੈ ਰਿਹਾ, ਆਪਣੀ ਯੂਨੀਅਨ ਦਾ ਪ੍ਰਧਾਨ ਆਪਾਂ ਨੂੰ ਲੁੱਟਣ ਵਾਲੀ ਆੜ੍ਹਤੀਆਂ ਦੀ ਯੂਨੀਅਨ ਦਾ ਪ੍ਰਧਾਨ ਵੀ ਹੈ। ਉਹ ਬੰਦਾ ਮੰਡੀਕਰਨ ਬੋਰਡ ਦਾ ਚੇਅਰਮੈਨ ਆ। ਉਹ ਲੁੱਟੇ ਜਾਣ ਵਾਲਿਆਂ ਨਾਲੋਂ ਲੁੱਟਣ ਵਾਲਿਆਂ ਵੱਲ ਜਿਆਦਾ ਹੋ ਗਿਆ।"

ਲੀਡਰਾਂ ਨੇ ਕਾਮਰੇਡ ਨੂੰ ਵਿਚਾਲ਼ੇ ਹੀ ਰੋਕ ਲਿਆ ਸੀ। ਪਰੇ ਲਿਜਾ ਕੇ ਕੁਝ ਸਮਝਾਇਆ ਸੀ।

ਜੇ ਯੂਨੀਅਨ ਦੇ ਲੀਡਰਾਂ ਦੀ ਗੱਲ ਮੰਨੀਏ, ਉੱਥੇ ਤਾਂ ਮੋਹਣ ਸਿੰਘ ਜਿੱਤ ਆਇਆ ਸੀ। ਜਦੋਂ ਉਹ ਘਰੇ ਆਇਆ ਤਾਂ ਦੇਖਿਆ ਸੱਚੀ ਹੀ ਉਹਦੀ ਪਤਨੀ ਪੇਕਿਆਂ ਤੋਂ ਮੁੜੀ ਨਹੀਂ ਸੀ। ਉਹਨੇ ਕਈ ਵਾਰ ਫੋਨ ਕੀਤੇ, ਪਰ ਉਧਰੋਂ ਕਿਸੇ ਨੇ ਗੱਲ ਨਾ ਕੀਤੀ। 'ਮੁਸੀਬਤਾਂ ਮਾਰੀ' ਰੁੱਸ ਕੇ ਪੇਕੀਂ ਗਈ ਸੀ। ਉਹਨੂੰ ਮਨਾਉਣਾ ਦਿੱਲੀ ਸਰਕਾਰ ਨੂੰ ਮਨਾਉਣਾ ਸੀ।

00

ਕਹਾਣੀ ਕਿੱਧਰ ਨੂੰ ਲੈ ਤੁਰਿਆ। ਗੱਲ ਤਾਂ ਉਸ ਬੱਚੇ ਦੀ ਸੀ ਜਿਸਦੀ ਲਾਸ਼ ਜਿਉਣੇ ਚੌਕੀਦਾਰ ਨੇ ਦੇਖੀ ਸੀ। ਪਰ 'ਅੰਨ ਭਗਵਾਨ' ਬਾਰੇ ਦੱਸਣ ਤੋਂ ਪਹਿਲਾਂ 'ਅੰਨ-ਦਾਤੇ' ਬਾਰੇ ਦੱਸਣਾ ਜ਼ਰੂਰੀ ਸੀ।

00

ਮੋਹਣ ਸਿੰਘ ਨੇ ਜਿਉਣੇ ਚੌਕੀਦਾਰ ਦੀ ਆਵਾਜ਼ ਪਹਿਚਾਣ ਲਈ ਸੀ। ਫਿਰ ਵੀ ਦਰਵਾਜ਼ਾ ਖੋਹਲਣ ਤੋਂ ਪਹਿਲਾਂ ਪੁੱਛਿਆ, "ਕੌਣ?"

"ਮੈਂ ਆ ਜੀ, ਜਿਉਣਾ ਚੌਕੀਦਾਰ..."। ਹਮੇਸ਼ਾ ਗੜ੍ਹਕਵੀਂ ਆਵਾਜ਼ 'ਚ ਗੱਲ ਕਰਨ ਵਾਲਾ ਜਿਉਣਾ ਘਬਰਾਈ ਜਿਹੀ ਆਵਾਜ਼ 'ਚ ਬੋਲ ਰਿਹਾ ਸੀ। "ਕਾਮਰੇਟ ਜੀ, ਕੋਈ ਜੁਆਕ ਮਾਰ ਕੇ ਸਿੱਟ ਗਿਆ, ਆਪਣੇ ਘਰ ਕੋਲ਼, ਬਹੁਤ ਕਲਯੁੱਗ ਆ ਗਿਆ। ਧਰਮ ਨਾਲ ਮੇਰੇ ਤਾਂ ਪੈਰਾਂ ਹੇਠੋਂ ਜਮੀਨ ਨਿੱਕਲਗੀ। ਪਹਿਲਾਂ ਮੈਂ ਸੋਚਿਆ, ਮਨਾਂ ਕਾਹਨੂੰ ਜਾਂਦੀਏ ਬਲਾਏ ਦੁਪਹਿਰਾ ਕੱਟ ਜਾ, ਆਲੀ ਗੱਲ ਕਰਨੀ ਆ। ਜਿਵੇਂ ਦੁਨੀਆਂ ਅੱਖਾਂ ਮੀਚ ਕੇ ਲੰਘ ਜਾਂਦੀ ਹੁੰਦੀ ਆ। ਆਪਾਂ ਲੰਘ

ਜਾਨੇ ਆਂ। ਬੰਦੇ ਦੀ ਦੇਹ ਨੂੰ ਕਾਂ-ਕੁੱਤੇ ਖਾਣ ਧਰਮ ਨਾਲ ਐਨਾ ਕਲਯੁੱਗ ਤਾਂ ਨੀ ਆਇਆ ਅਜੇ। ਸਰਪੰਚ ਨੂੰ ਉਹਦੇ ਮੁਬਾਇਲ 'ਤੇ ਫੋਨ ਕੀਤਾ, ਉਹ ਸ਼ਰਾਬੀ ਹੋਇਆ ਪਿਆ ਸੀ। ਜੀਹਦਾ ਵੀ ਦਰ ਖੜਕਾਇਆ ਸਾਰੇ ਕਹਿੰਦੇ, 'ਸਵੇਰੇ ਦੇਖਾਂਗੇ।' ਫਿਰ ਮੈਂ ਸੋਚਿਆ, "ਜੀਹਨਾਂ ਦਾ ਕੋਈ ਨਹੀਂ, ਉਹਨਾਂ ਦਾ ਕਾਮਰੇਟ ਆ...।" ਚੌਕੀਦਾਰ ਇਹ ਗੱਲਾਂ ਮੋਹਣ ਸਿੰਘ ਨੂੰ ਦੱਸਦਾ ਹੋਇਆ ਬੈਟਰੀ ਨਾਲ ਚਾਨਣ ਕਰਦਾ ਅੱਗੇ-ਅੱਗੇ ਤੁਰੀਂ ਜਾ ਰਿਹਾ ਸੀ।

ਮੋਹਣ ਸਿਘ ਦਾ ਘਰ ਪਿੰਡੋਂ ਬਾਹਰ ਖੇਤਾਂ ਵਿਚ ਸੀ। ਲਾਸ਼ ਉਹਦੇ ਘਰ ਦੇ ਨੇੜੇ ਸੜਕ ਦੇ ਕੰਢੇ ਪਈ ਸੀ।

ਲਾਸ਼ ਕੋਲ ਜਾ ਕੇ ਚੌਕੀਦਾਰ ਨੇ ਬੈਟਰੀ ਦਾ ਚਾਨਣ ਬੱਚੇ ਦੇ ਮੂੰਹ 'ਤੇ ਕੀਤਾ। ਲਾਸ਼ ਨੌਂ ਦਸ ਸਾਲ ਦੇ ਬੱਚੇ ਦੀ ਸੀ। ਸਿਰ ਦੇ ਵਾਲ਼ ਕੱਟੇ ਹੋਏ ਸੀ। ਤੇੜ ਨਿੱਕਰ, ਜੋ ਲਹੂ ਨਾਲ ਲਿੱਬੜੀ ਪਈ ਸੀ,ਤੋਂ ਬਿਨਾਂ ਸਾਰਾ ਸਰੀਰ ਨੰਗਾ ਸੀ। ਸਰੀਰ 'ਤੇ ਖਰੋਚਾਂ ਤੇ ਜ਼ਖ਼ਮ ਸਨ। ਆਲੇ-ਦੁਆਲੇ ਖੂਨ ਦੇ ਛਿੱਟੇ ਸਨ।

"ਏਨੇ ਕੁ ਬੱਚੇ ਨਾਲ ਕਿਸੇ ਦੀ ਕੀ ਦੁਸ਼ਮਣੀ ਹੋ ਸਕਦੀ ਆ ਭਲਾ?" ਮੋਹਣ ਸਿੰਘ ਦੇ ਅੰਦਰੋਂ ਜਿਵੇਂ ਰੁੱਗ ਭਰਿਆ ਗਿਆ ਹੋਵੇ।

"ਆਪਣੇ ਪਿੰਡ ਦਾ ਤਾਂ ਲੱਗਦਾ ਨੀ। ਮੈਂ ਆਪਣੇ ਪਿੰਡ ਦੇ ਸਾਰੇ ਜੁਆਕਾਂ ਨੂੰ ਜਾਣਦਾਂ...।" ਚੌਕੀਦਾਰ ਨੇ ਫਿਰ ਬੱਚੇ ਦੇ ਮੂੰਹ 'ਤੇ ਬੈਟਰੀ ਦਾ ਚਾਨਣ ਕਰਦਿਆਂ ਕਿਹਾ, "ਦੂਰ ਫਿੱਟੇ ਮੂੰਹ ਜਾਲਮੋ... ਧਰਮ ਨਾਲ ਗਰਕ ਜੋਂ ਤੁਸੀਂ...।"

ਲਾਸ਼ ਵੱਲ ਤੁਰੇ ਜਾਂਦੇ ਕਾਮਰੇਟ ਨੂੰ ਚੌਕੀਦਾਰ ਨੇ ਬਾਹੋਂ ਫੜ ਕੇ ਰੋਕ ਲਿਆ, "ਪੁਲਿਸ ਕੇਸ ਆ ਜੀ, ਪੁਲਿਸ ਨੂੰ ਫੋਨ ਕਰੋ। ਧਰਮ ਨਾਲ ਕਿਤੇ ਆਪਾਂ ਪੁਲਿਸ ਦੇ ਚੱਕਰ 'ਚ ਨਾ ਪੈ ਜਾਈਏ...।"

ਮੋਹਣ ਸਿੰਘ ਪੁਲਿਸ ਦੇ ਚੱਕਰ ਤੋਂ ਕਦ ਡਰਦਾ ਸੀ। ਪਰ ਉਹ ਉੱਥੋਂ ਕੁਝ ਸੋਚ ਕੇ ਮੁਬਾਇਲ ਚੁੱਕਣ ਘਰ ਨੂੰ ਤੁਰ ਪਿਆ। ਘਰੋਂ ਕੰਸ 'ਤੇ ਪਿਆ ਮੁਬਾਇਲ ਚੁੱਕ ਕੇ ਠਾਣੇ ਨੂੰ ਫੋਰਨ ਕਰਨ ਲੱਗਾ। ਉਧਰੋਂ ਕੰਪਿਊਟਰ ਬੋਲੀ ਜਾ ਰਿਹਾ ਸੀ।

"ਕਾਮਰੇਟਾ ਉਂ ਤਾਂ ਤੂੰ ਕਹੇਂਗਾ, ਜੁਆਕ ਦੀ ਲਾਸ਼ ਕੋਲ ਪਈ ਆ ਇਹਨੂੰ ਖਾਣ ਦਾ ਹਾਬੜਾ ਲੱਗਿਆ, ਪਰ ਸੱਚ ਦੱਸਾਂ ਜਦੋਂ ਦੀ ਲਾਸ਼ ਦੇਖੀ ਆ ਮੇਰੇ ਦਿਲ ਨੂੰ ਕੁਝ ਹੋਈ ਜਾਂਦਾ ਧਰਮ ਨਾਲ। ਮੈਨੂੰ ਲੱਗਦਾ ਮੈਨੂੰ ਹੁਣੇ ਦੌਰਾ ਪੈ ਜਾਣਾ। ਭਾਬੀ ਜੀ ਨੂੰ ਕਹਿ ਕੇ ਚਾਹ ਬਣਵਾਓ ਨਹੀਂ ਮੈਨੂੰ ਕੁਝ ਹੋ ਜਾਣਾ"। ਚੌਕੀਦਾਰ ਮੋਹਣ ਸਿੰਘ ਨੂੰ ਕਹਿਣ ਲੱਗਾ।

"ਤੂੰ ਹੀ ਬਣਾ ਲਾ ਰਸੋਈ 'ਚ ਜਾ ਕੇ...", ਮੋਹਣ ਸਿੰਘ ਬੋਲਿਆ।

"ਪਹਿਲੇ ਜਮਾਨੇ 'ਚ ਹੱਡ 'ਚ ਪ੍ਰਾਣ ਹੁੰਦੇ ਸੀ, ਹੁਣ ਤਾਂ ਧਰਮ ਨਾਲ ਅੰਨ 'ਚ ਪ੍ਰਾਣ ਨੇ...", ਕਹਿੰਦਾ ਹੋਇਆ ਚੌਕੀਦਾਰ ਰਸੋਈ ਵੱਲ ਤੁਰ ਪਿਆ।

ਮੋਹਣ ਸਿੰਘ ਐਬੂਲੈਂਸ ਨੂੰ ਕਦੇ ਪੁਲਿਸ ਨੂੰ ਫੋਨ ਕਰਦਾ ਬੱਚੇ ਦੀ ਲਾਸ਼ ਵੱਲ ਤੁਰ ਪਿਆ। ਉਹਨੇ ਸਰਪੰਚ ਅਤੇ ਪਿੰਡ ਦੇ ਹੋਰ ਲੋਕਾਂ ਨੂੰ ਵੀ ਫੋਨ ਕੀਤੇ। ਉਹ ਕੰਮ ਵਿਚ ਜੀਅ ਜਾਨ ਨਾਲ ਜੁਟ ਗਿਆ ਸੀ। ਉਸ ਵਿਚ ਇਹੋ ਤਾਂ ਗੱਲ ਸੀ ਜਿਹੜੀ ਉਹਨੂੰ ਕਾਮਰੇਡ ਬਣਾਉਂਦੀ। ਉਹ ਕਿਸੇ ਕਮਿਊਨਿਸਟ ਪਾਰਟੀ ਦਾ ਤਾਂ ਕੀ ਕਿਸੇ ਵੀ ਰਾਜਨੀਤਕ ਪਾਰਟੀ ਦਾ ਮੈਂਬਰ ਨਹੀਂ ਸੀ।

ਅਜਿਹੀ ਹੀ ਇੱਕ ਗੱਲ ਤੁਹਾਨੂੰ ਦੱਸਦਾ ਹਾਂ ਜਿਹਨੇ ਉਹਨੂੰ ਕਾਮਰੇਡ ਬਣਾ ਦਿੱਤਾ ਸੀ। ਉਸ ਸਾਲ ਮੀਂਹ ਬਹੁਤ ਪਏ ਸਨ। ਪੰਦਰਾਂ ਦਿਨ ਝੜੀ ਨਾ ਹਟੀ। ਮੋਹਣ ਸਿੰਘ ਜਦੋਂ 'ਕੰਮੀਆਂ ਦੇ ਵਿਹੜੇ' ਵੱਲ ਗਿਅ, ਉੱਥੇ ਗਲੀਆਂ ਪਾਣੀ ਨਾਲ ਭਰੀਆਂ ਹੋਈਆਂ ਸੀ। ਸਾਰੇ ਪਿੰਡ ਦਾ ਪਾਣੀ

ਚਮਾੜੀ ਵਾਲੇ ਟੋਭੇ ਵੱਲ ਹੀ ਤਾਂ ਜਾਂਦਾ ਸੀ। ਉਹਨਾਂ ਦੇ ਘਰਾਂ ਅੰਦਰ ਵੀ ਪਾਣੀ ਫਿਰ ਰਿਹਾ ਸੀ। ਕਈ ਪਰਿਵਾਰ ਜਿਹੜੇ ਨਿੱਤ ਕਮਾਉਂਦੇ ਉਹੀ ਖਾਂਦੇ ਸਨ ਉਹਨਾਂ ਦੇ ਚੁੱਲ੍ਹੇ ਨਹੀਂ ਬਲ਼ੇ ਸਨ। ਉਹਨਾਂ ਦੀ ਹਾਲਤ ਦੇਖ ਕੇ ਮੋਹਣ ਸਿੰਘ ਦਾ ਮਨ ਪਸੀਜ ਗਿਆ। ਉਹਨੂੰ ਚੈਨ ਨਾ ਆਵੇ ਉਹਦੇ ਘਰ ਪਏ ਦਾਣੇ ਏਨੇ ਢਿੱਡ ਭਰਨ ਜੋਗੇ ਨਹੀਂ ਸਨ। ਉਹਨੇ ਪਿੰਡ ਦੇ ਵੱਡੇ ਬੰਦਿਆਂ ਨਾਲ ਗੱਲ ਕੀਤੀ, ਉਹ ਕਹਿੰਦੇ ਜਿਹਦਾ ਢਿੱਡ ਦੁਖੂ ਆਪੇ ਦਵਾਈ ਲੈ ਲੂ...।"

"ਉਹ ਆਪ ਤਾਂ ਮੰਗਦੇ ਨੀ... ਤੂੰ ਕੌਣ, ਅਖੇ ਖਾਹਮਖਾਹ।"

"ਜੇ ਉਹਨਾਂ ਆਪ ਨੀ ਆਉਣਾ ਤਾਂ ਆਪਣੀਆਂ ਤੀਮੀਆਂ ਨੂੰ ਭੇਜਣ ਜਿੰਨੇ ਮਰਜੀ ਲੈ ਜਾਣ ਦਾਣੇ।"

"ਉਹ ਕੰਮ ਕਰਨ ਤਾਂ ਸ਼ਹਿਰ ਜਾਂਦੇ ਨੇ, ਪਿੰਡ 'ਚ ਕਿਸੇ ਦੀ ਵੱਢੀ ਉਂਗਲ 'ਤੇ ਨੀ ਮੂਤਦੇ। ਉੱਥੋਂ ਲਿਆਉਣ ਦਾਣੇ।"

ਉਹਨਾਂ 'ਵੱਡੇ-ਬੰਦਿਆਂ' ਨੇ ਛੋਟੀਆਂ ਗੱਲਾਂ ਕਰ ਕੇ ਉਹਨਾਂ ਨੂੰ ਮੋੜ ਦਿੱਤਾ ਸੀ। ਪਰ ਮੋਹਣ ਸਿੰਘ ਦੀ ਪਤਨੀ ਦੇ ਕਹਿਣ ਵਾਂਗ ਉਹਨੇ 'ਮੁਸੀਬਤ ਸਹੇੜ' ਲਈ ਸੀ। ਇਹ ਨਾ ਸਮਝਣਾ ਕਿ ਲੋਕਾਂ ਲਈ ਮੁਸੀਬਤ ਮੁੱਲ ਲੈ ਕੇ ਉਹ ਕਿਸੇ 'ਤੇ ਅਹਿਸਾਨ ਕਰ ਰਿਹਾ ਹੁੰਦਾ। ਸਗੋਂ ਅਹਿਸਾਨ ਤਾਂ ਉਲਟਾ ਉਸ 'ਤੇ ਹੋ ਰਿਹਾ ਹੁੰਦਾ।

ਉਹਨੇ ਪਤਨੀ ਨਾਲ ਲੜਦਿਆਂ-ਭਿੜਦਿਆਂ ਗ਼ਰੀਬਾਂ ਨੂੰ ਆਪਣੇ ਘਰੋਂ ਜਿੰਨੀ ਕਣਕ ਦੇ ਸਕਦਾ ਸੀ ਦੇ ਦਿੱਤੀ। ਹੁਣ ਉਹਨੂੰ ਸਮਝ ਨਾ ਲੱਗੇ। ਉਹ ਹੋਰ ਮੱਦਦ ਕਿਵੇਂ ਕਰੇ...।"

ਉਹ ਮਸਲੇ ਦਾ ਹੱਲ ਲੱਭਣ ਲਈ, ਗੋਡੇ-ਗੋਡੇ ਪਾਣੀ ਵਿਚ ਸ਼ਹਿਰ ਵੱਲ ਸਾਇਕਲ 'ਤੇ ਜਾ ਰਿਹਾ ਸੀ। ਉਹਨੇ ਦੇਖਿਆ ਸ਼ਹਿਰ ਦੀਆਂ ਜੜ੍ਹਾਂ ਵਿਚ ਵੱਡੇ-ਵੱਡੇ ਸਰਕਾਰੀ ਗੁਦਾਮ ਸਨ। ਲੱਖਾਂ ਕੁਆਂਟਲ ਕਣਕ ਨਾਲ ਭਰੇ ਹੋਏ। ਕੁੱਝ ਕਣਕ ਦੀਆਂ ਬੋਰੀਆਂ ਦੇ ਅੰਬਾਰ, ਗੁਦਾਮਾਂ ਤੋਂ ਬਾਹਰ ਵੀ ਲੱਗੇ ਹੋਏ ਸਨ। ਸ਼ਾਇਦ ਗੁਦਾਮਾਂ ਅੰਦਰ ਥਾਂ ਨਹੀਂ ਬਚੀ ਹੋਣੀ। ਇਸੇ ਕਰਕੇ ਬਾਹਰ ਕਣਕ ਦੀਆਂ ਬੋਰੀਆਂ ਦੇ ਢੇਰ ਲਾ ਦਿੱਤੇ ਸਨ। ਉੱਤੋਂ ਤਰਪਾਲਾਂ ਨਾਲ ਢਕ ਦਿੱਤੇ ਸਨ।

'ਇਹ ਕਣਕ ਤਾਂ ਸਾਰੇ ਪੰਜਾਬ ਦੇ ਗ਼ਰੀਬਾਂ ਦੀ ਭੁੱਖ ਦੂਰ ਕਰ ਸਕਦੀ ਆ। ...ਇਹ ਗੁਦਾਮ ਤਾਂ ਹੀ ਭਰੇ ਨੇ, ਤਾਂ ਜੋ ਔਖੇ ਵੇਲ਼ੇ ਦੇਸ਼ ਦੇ ਲੋਕਾਂ ਦੇ ਕੰਮ ਆ ਸਕਣ...", ਮੋਹਣ ਸਿੰਘ ਨੇ ਸੋਚਿਆ...। ਉਹਨੇ ਗੁਦਾਮਾਂ ਦੇ ਮੁਲਾਜ਼ਮਾਂ ਨਾਲ ਗੱਲ ਕੀਤੀ। ਉਹ ਉਸ ਦੀਆਂ ਗੱਲਾਂ ਸੁਣ ਕੇ ਮੁਸਕਰਾਏ। ਉਹ ਉਹਨਾਂ ਨੂੰ ਝੱਲਾ ਜਿਹਾ ਬੰਦਾ ਲੱਗਿਆ ਜਾਂ ਕਿਸੇ ਹੋਰ ਗ੍ਰਹਿ ਤੋਂ ਆਇਆ ਹੋਣਾ। ਆਖਿਰ ਉਹਤੋਂ ਖਹਿੜਾ ਛੁਡਾਉਣ ਲਈ ਉਹਨਾਂ ਨੇ ਸੌ ਦੀ ਇੱਕ ਸੁਣਾ ਦਿੱਤੀ, "ਜਨਾਬ ਸਰਕਾਰੀ ਹੁਕਮਾਂ ਬਿਨਾਂ, ਇਕ ਦਾਣਾ ਵੀ ਨੀ ਦੇ ਸਕਦੇ...।"

"ਸਰਕਾਰਾਂ ਵੀ ਅਸੀਂ ਓ ਬਣਾਉਨੇ ਆ... ਤਾਂ ਜੋ ਔਖੇ ਵੇਲ਼ੇ ਲੋਕਾਂ ਦੇ ਕੰਮ ਆ ਸਕਣ...", ਮੋਹਣ ਸਿੰਘ ਨੇ ਕਿਹਾ। ਪਰ ਮੁਲਾਜਮਾਂ ਨੇ ਉਸਦੀ ਗੱਲ ਸੁਣੀ ਹੀ ਨਹੀਂ। ਉਹ ਕਿੱਥੇ ਹਟਣ ਵਾਲਾ ਸੀ। ਉਹਨੇ ਸੰਘਰਸ਼ ਦਾ ਐਲਾਨ ਕਰ ਦਿੱਤਾ। ਉਹਨੇ ਦਰੱਖਤ ਦਾ ਟਾਹਣਾ ਤੋੜ ਕੇ ਉਹਦਾ ਡੰਡਾ ਬਣਾ ਲਿਆ। ਆਪਣੀ ਕੇਸਰੀ ਪੱਗ ਪਾੜ ਉਹਨੂੰ ਝੰਡੇ ਵਾਂਗ ਬਣਾ ਕੇ ਡੰਡੇ 'ਤੇ ਟੰਗ ਲਿਆ। ਗੁਦਾਮਾਂ ਦੇ ਬਾਹਰ ਪਈਆਂ ਕਣਕ ਦੀਆਂ ਬੋਰੀਆਂ ਦੇ ਢੇਰ 'ਤੇ ਚੜ੍ਹ ਕੇ ਉਹਨਾਂ 'ਤੇ ਕਬਜ਼ਾ ਕਰਦਿਆਂ ਉਹਨਾਂ ਉਪਰ ਝੰਡਾ ਗੱਡ ਦਿੱਤਾ ਸੀ।

ਤਮਾਸ਼ਬੀਨਾਂ ਦਾ ਇਕੱਠ ਹੋ ਗਿਆ। ਉਹ ਦੋ ਕੁ ਨਾਅਰੇ ਮਾਰ ਕੇ ਭਾਸ਼ਨ ਦੇਣ ਲੱਗਾ, "... ਸਾਥੀਓ ਸਾਡੇ ਦੇਸ਼ ਦੇ ਗ਼ਰੀਬ ਲੋਕ ਭੁੱਖੇ ਮਰਦੇ ਨੇ... ਇਹ ਅਨਾਜ ਗ਼ਰੀਬਾਂ 'ਚ ਵੰਡਿਆ ਜਾਊ।"

"ਇਨਕਲਾਬ।"

"ਜਿੰਦਾਬਾਦ।"

"ਇਨਕਲਾਬ।"

"ਜਿੰਦਾਬਾਦ।"

ਲੋਕ ਵੀ ਮੋਹਣ ਸਿੰਘ ਦੇ ਨਾਹਰਿਆਂ ਦਾ ਜੁਆਬ ਜਿੰਦਾਬਾਦ, ਮੁਰਦਾਬਾਦ 'ਚ ਦੇਣ ਲੱਗੇ।

ਗੁਦਾਮ ਦੇ ਮੁਲਾਜ਼ਮਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਇਹ 'ਪਾਗ਼ਲ ਬੰਦਾ' ਕੀ ਕਰ ਰਿਹਾ। ਉਹਨਾਂ ਨੂੰ ਸਮਝ ਨਾ ਆਵੇ। ਉਹਨਾਂ ਪੁਲਿਸ ਬੁਲਾ ਲਈ। ਠਾਣੇਦਾਰ ਨੇ ਮੋਹਣ ਸਿੰਘ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਪਰ ਉਹ ਇਸ ਗੱਲ 'ਤੇ ਅੜਿਆ ਰਿਹਾ। "ਜਿੰਨਾ ਚਿਰ ਕਣਕ ਗ਼ਰੀਬਾਂ 'ਚ ਵੰਡੀ ਨਹੀਂ ਜਾਂਦੀ ਉਹਦਾ ਸੰਘਰਸ਼ ਜਾਰੀ ਰਹੂਗਾ।"

ਠਾਣੇਦਾਰ ਨੇ ਉਹਨੂੰ ਗੱਲਬਾਤ 'ਚ ਉਲਝਾ ਕੇ ਬਹੁਤ ਹੁਸ਼ਿਆਰੀ ਨਾਲ ਗ੍ਰਿਫਤਾਰ ਕਰ ਲਿਆ ਸੀ। ਜਦੋਂ ਉਹ ਠਾਣਿਓਂ ਛੁੱਟ ਕੇ ਆਇਆ, ਜਿਹੜੇ ਲੋਕਾਂ ਲਈ ਉਹ ਇਹ ਸਭ ਕੁੱਝ ਕਰ ਰਿਹਾ ਸੀ, ਉਹੀ ਉਹਦਾ ਮਜ਼ਾਕ ਉਡਾਉਣ ਲੱਗੇ।

"ਮੋਹਣੇ ਨੇ ਕੀ ਖੱਟਿਆ ਪਾਇਆ।"

"ਕੁਝ ਨੀ, ਐਵੇਂ ਉਹਦਾ ਕਾਮਰੇਟਾਂ ਵਾਂਗੂੰ, ਸੰਘਰਸ਼ ਕਰਨ ਨੂੰ ਜੀਅ ਕਰ ਆਇਆ।"

ਇਸ ਤਰ੍ਹਾਂ ਉਹਦੀ ਅੱਲ 'ਕਾਮਰੇਟ' ਪੈ ਗਈ।

ਜਦੋਂ 'ਲੋਕ-ਭਲਾਈ ਦੇ ਕੰਮ ਕਰਦਿਆਂ ਉਹ ਆਪਣੀ ਥੋੜ੍ਹੀ ਜਿਹੀ ਜ਼ਮੀਨ ਵੀ ਵੇਚ ਬੈਠਾ ਤਾਂ ਲੋਕ ਹੱਸਦੇ, "ਲਓ ਬਈ ਕਾਮਰੇਟ ਦਾ ਸੰਘਰਸ਼ ਕੰਮ ਆ ਗਿਆ, ਉਹਨੇ ਆਪਣੀ 'ਢਾਲ਼' ਮੁਆਫ਼ ਕਰਾਲੀ...।"

00

ਗੱਲ ਤਾਂ ਉਸ ਬੱਚੇ ਦੀ ਚੱਲ ਰਹੀ ਸੀ ਜਿਸਦੀ ਲਾਸ਼ ਮਿਲੀ ਸੀ। ਕਹਾਣੀ ਹੋਰ ਪਾਸੇ ਤੁਰ ਪਈ।... ਪਰ ਤੁਹਾਨੂੰ ਇਹ ਤਾਂ ਪਤਾ ਲੱਗ ਗਿਆ ਕਿ ਇਸ ਦੇਸ਼ ਵਿਚ ਅੰਨ ਕੇ ਵੱਡੇ-ਵੱਡੇ ਭੰਡਾਰ ਹਨ। ਜਿਹੜੇ ਮੀਹਾਂ 'ਚ ਗਲ਼ ਰਹੇ ਨੇ।

00

ਹੁਣ ਮਾਮਲਾ ਵੱਖਰਾ ਸੀ। ਮੋਹਣ ਸਿੰਘ ਦੇ ਸਾਹਮਣੇ ਮਾਸੂਮ ਦੀ ਲਾਸ਼ ਪਈ ਸੀ। ਉਹਨੇ ਪਿੰਡ ਦੇ ਜੀਹਨਾਂ ਬੰਦਿਆਂ ਨੂੰ ਫੋਨ ਕੀਤੇ, ਸਭ ਨੇ ਉਹਨੂੰ ਇਸ ਮਾਮਲੇ 'ਚ ਨਾ ਪੈਣ ਦੀ ਸੁਲਾਹ ਦਿੱਤੀ ਸੀ।

ਉਹ ਬੱਚੇ ਦੀ ਲਾਸ਼ ਕੋਲ਼ ਪਹੁੰਚਿਆ। ਬੈਟਰੀ ਨਾਲ ਚਾਨਣ ਕਰ ਕੇ ਬੱਚੇ ਦੇ ਨੱਕ ਕੋਲ਼ ਹੱਥ ਕਰ ਕੇ ਦੇਖਿਆ। ਉਹਦਾ ਸਾਹ ਚਲਦਾ ਸੀ। ਮੋਹਣ ਸਿੰਘ ਦੀ ਖ਼ੁਸ਼ੀ ਦੀ ਹੱਦ ਨਾ ਰਹੀ। ਉਹਨੇ ਬੱਚੇ ਦੀ ਬਾਂਹ ਫੜ ਕੇ ਉਹਦੀ ਨਬਜ਼ ਦੇਖੀ। "ਜਿਊਂਦਾ", ਉਹ ਖ਼ੁਸ਼ੀ ਵਿਚ ਚੀਕਿਆ।

ਉਹ ਬੱਚੇ ਨੂੰ ਚੁੱਕ ਕੇ ਘਰ ਲੈ ਆਇਆ। ਬੱਚਾ ਬੇਹੋਸ਼ ਸੀ। ਉਹਨੇ ਬੱਚੇ ਨੂੰ ਸਾਫ਼ ਜਿਹੇ ਕੱਪੜੇ ਨਾਲ ਸਾਫ਼ ਕਰਕੇ ਪਾਇਆ। ਬੱਚੇ ਨੇ ਘੁੱਟ ਕੇ ਮੁੱਠੀ ਮੀਚੀ ਹੋਈ ਸੀ। ਪਤਾ ਨਹੀਂ ਉਸ ਵਿਚ ਕੀ ਸੀ। ਕਾਮਰੇਡ ਐਬੂਲੈਂਸ ਨੂੰ ਫੋਨ ਕਰਨ ਲੱਗਾ।

ਚੌਕੀਦਾਰ ਰਸੋਈ ਵਿਚੋਂ ਦੋ ਗਿਲਾਸ ਚਾਹ ਬਣਾ ਲਿਆਇਆ। ਬੱਚੇ ਨੂੰ ਅੰਦਰ ਮੰਜੇ 'ਤੇ ਪਿਆ ਦੇਖ ਕੇ ਘਬਰਾ ਗਿਆ, "ਕਾਮਰੇਟ ਜੀ ਪਾ ਲਿਆ ਗਲ਼ ਖ਼ੂਨ। ਧਰਮ ਨਾਲ... ਘਰ ਕਾਹਨੂੰ ਲਿਆਉਣਾ ਤੀ...।"

"ਜਿਊਂਦਾ, ਚਾਹ ਸਿੱਟ ਪਰੇ। ਆ ਕੇ ਪੀਵਾਂਗੇ। ਚੱਲ ਇਹਨੂੰ ਹਸਪਤਾਲ ਲੈ ਚੱਲ।

ਐਂਬੂਲੈਂਸ ਵਾਲੇ ਫੋਨ ਨੀ ਚੱਕਦੇ...।"

ਉਦੋਂ ਤਕ ਪਿੰਡ ਦੇ ਕਈ ਬੰਦੇ,ਜੀਹਨਾਂ ਨੂੰ ਉਹਨੇ ਫੋਨ ਕੀਤੇ ਸਨ, ਮੋਹਣ ਸਿੰਘ ਦੇ ਘਰ ਆ ਗਏ। ਨੇਕ ਦੇ ਮੁੰਡੇ ਸ਼ਿਵਜੀ ਨੇ ਬੱਚੇ ਨੂੰ ਪਹਿਚਾਣ ਲਿਆ ਸੀ। ਉਹ ਉਹਦੇ ਬਾਰੇ ਦੱਸਣ ਲੱਗਾ, "ਇਹ ਤਾਂ ਜੀ ਆਹ ਆਪਣੇ ਲਾਗਲੇ ਪਿੰਡ ਬੀਜਾਪੁਰ ਕੋਠੇ ਦੀਆਂ ਮੜ੍ਹੀਆਂ ਕੋਲ ਜਿਹੜਾ ਟੋਬਾ, ਉਹਦੇ ਕੰਢੇ ਇਕ ਤੀਮੀ ਰਹਿੰਦੀ ਆ। ਇਹ ਉਸੇ ਦੀ ਵੱਡੀ ਕੁੜੀ ਆ। ਉਹ ਤਾਂ ਜੀ ਯੂ.ਪੀ. ਤੋਂ ਆਂ, ਭਈਆ ਰਾਣੀ। ਮੁਜ਼ੱਫ਼ਰ ਨਗਰ ਉਹਦਾ ਪਿੰਡ ਆ। ਪਿੰਡ ਦੇ ਬੰਦੇ ਨਾਲ ਨਿੱਕਲ ਆਈ। ਚੌਦਾਂ-ਪੰਦਰਾਂ ਸਾਲ ਹੋ ਗੇ ਉਹਨੂੰ ਆਈ ਨੂੰ। ਹੁਣ ਪਤਾ ਨੀ ਲੱਗਦਾ ਉਹ ਯੂ.ਪੀ. ਦੀ ਆ ਜਾਂ ਇਧਰਲੀ ਆ। ਪੰਜਾਬੀ ਓ ਬੋਲਦੀ ਆ। ਉਹ ਬੰਦਾ ਜਿਹੜਾ ਉਹਨੂੰ ਕੱਢ ਕੇ ਲਿਆਇਆ ਤੀ, ਪਹਿਲਾਂ ਤਾਂ ਉਹਨੇ ਆਪਣੇ ਕੋਲ਼ ਰੱਖੀ,ਫਿਰ ਕਿਸੇ ਨੂੰ ਵੇਚ ਕੇ ਭੱਜ ਗਿਆ। ਉਹਨੇ ਕੁਛ ਸਮਾਂ ਰੱਖੀ ਫਿਰ ਅੱਗੇ ਵੇਚ ਕੇ ਵੱਧ ਪੈਸੇ ਵੱਟਲੇ। ਓਵੇਂ ਵਿਕਦੀ-ਵਿਕਦੀ ਇਕ ਬੁੜ੍ਹੇ ਬੰਦੇ ਨੂੰ ਵੇਚਤੀ। ਉਹਦੇ ਮਰੇ 'ਤੇ ਇਕੱਲੀ ਰਹਿਣ ਲੱਗ ਪੀ। ਹੁਣ ਬੀਜਾਪੁਰ ਕੋਠੇ ਦੀਆਂ ਮੜ੍ਹੀਆਂ 'ਚ ਟੋਬੇ ਦੇ ਕੰਢੇ ਝੁੱਗੀ ਪਾ ਕੇ ਰਹਿੰਦੀ ਆ। ਉਹਦੇ ਵੱਖ-ਵੱਖ ਬੰਦਿਆਂ ਤੋਂ ਤਿੰਨ ਜੁਆਕ ਨੇ, ਚੌਥਾ ਹੋਣ ਆਲ਼ਾ। ਜਦੋਂ ਪੁੱਛੋਂ ਘਰੋਂ ਕਿਉਂ ਭੱਜ ਆਈ ਤਾਂ ਢਿੱਡ 'ਤੇ ਹੱਥ ਮਾਰ ਕੇ ਕਹੂਗੀ "ਆਹ ਢਿੱਡ ਲੈ ਆਇਆ ਜੀ...।"

ਸ਼ਿਵਜੀ ਉਹਦੇ ਬਾਰੇ ਸਭ ਕੁੱਝ ਜਾਣਦਾ ਸੀ। ਉਹ ਵੀ ਉਸ ਕੋਲ ਰਾਤ ਬਰਾਤੇ ਜਾਣ ਵਾਲਿਆਂ ਬੰਦਿਆਂ ਵਿਚੋਂ ਹੀ ਸੀ। ਉਹ ਉਹਦੇ ਬਾਰੇ ਦੱਸਣੋਂ ਨਹੀਂ ਹਟ ਰਿਹਾ ਸੀ।

ਜਿਸਨੂੰ ਸਿਰ ਦੇ ਵਾਲ਼ ਕੱਟਿਆਂ ਕਰਕੇ ਮੁੰਡਾ ਸਮਝ ਰਹੇ ਸੀ, ਉਹ ਕੁੜੀ ਸੀ। ਮਾਮਲਾ ਹੋਰ ਪੇਚੀਦਾ ਹੋ ਗਿਆ ਸੀ। ਜੁਰਮ ਵੀ ਵੱਡਾ ਹੀ ਹੋਇਆ ਹੋਵੇਗਾ। ਸ਼ਾਇਦ ਉਸ ਮਾਸੂਮ ਨਾਲ ਬਲਾਤਕਾਰ...।

ਜ਼ੈਲਦਾਰਾਂ ਦੇ ਜੰਗੀਰ ਸਿੰਘ ਦੇ ਘਰ ਕਾਰ ਸੀ। ਉਹਨੇ ਕਾਰ ਲਿਆਉਣ ਤੋਂ ਨਾਂਹ ਕਰ ਦਿੱਤੀ, "ਭਾਈ ਮੈਥੋਂ ਪੁਲਿਸ ਦੇ ਚੱਕਰਾਂ 'ਚ ਨੀ ਪਿਆ ਜਾਣਾ। ਮੈਂ ਦਿਲ ਦਾ ਮਰੀਜ਼ ਆਂ।" ਉਹ ਗੱਡੀ ਦੇ ਖ਼ੂਨ ਨਾਲ ਲਿਬੜਨ ਤੋਂ ਡਰ ਗਿਆ ਸੀ।

ਸਾਰੇ ਪੁਲਿਸ ਤੇ ਐਂਬੂਲੈਂਸ ਨੂੰ ਉਡੀਕਣ ਦੀ ਸਲਾਹ ਦੇਣ ਲੱਗੇ।

ਕੋਈ ਕਹਿ ਰਿਹਾ ਸੀ, "ਬੱਚੀ ਦੇ ਮਾਂ-ਬਾਪ ਬਿਨਾਂ ਕਦਮ ਨਾ ਪੁੱਟਿਓ ਭਾਈ... ਜਮਾਨਾ ਖਰਾਬ ਆ।"

ਬੱਚੀ ਦੀ ਹਾਲਤ ਵਿਗੜਦੀ ਜਾ ਰਹੀ ਸੀ। ਖ਼ੂਨ ਵਗੀ ਜਾ ਰਿਹਾ ਸੀ। ਸ਼ਿਵਜੀ ਨੂੰ ਬੱਚੀ ਦੇ ਮਾਂ-ਬਾਪ ਲਿਆਉਣ ਲਈ ਕਹਿ ਕੇ ਕਾਮਰੇਟ ਨੇ ਮੋਟਰ ਸਾਇਕਲ ਨੂੰ ਕਿੱਕ ਮਾਰੀ। ਲੋਕਾਂ ਨੇ ਰੋਕਦਿਆਂ ਚੌਕੀਦਾਰ ਨੂੰ ਕਿਹਾ, "ਇਹਨੂੰ ਲੈ ਕੇ ਪਿੱਛੇ ਬੈਠ।"

ਉਹਦਾ ਮੋਟਰ ਸਾਇਕਲ ਸਰਕਾਰੀ ਹਸਪਤਾਲ ਵੱਲ ਭੱਜਿਆ ਜਾ ਰਿਹਾ ਸੀ।

00

ਹਸਪਤਾਲ ਦੇ ਬਾਹਰ ਬੈਠਾ ਮੋਹਣ ਸਿੰਘ ਸੋਚ ਰਿਹਾ ਸੀ, "ਕੌਣ ਹਰਾਮਖੋਰ ਸੀ, ਜੀਹਨੇ ਬੱਚੀ ਦੀ ਇਹ ਹਾਲਤ ਕਰ ਦਿੱਤੀ...। ਇਹਦੀ ਮਾਂ ਨੂੰ ਆਪਣੀ ਬੱਚੀ ਦਾ ਭੋਰਾ ਵੀ ਫ਼ਿਕਰ ਨਹੀਂ। ...ਇਕ ਅਸੀਂ ਹਾਂ ਜਿਹੜੇ ਬੱਚੇ ਲਈ ਤਰਸ ਰਹੇ ਹਾਂ। 'ਮੁਸੀਬਤਾਂ ਮਾਰੀ' ਇਸੇ ਕਰਕੇ ਬਹੁਤੀ ਦੁਖੀ ਰਹਿੰਦੀ ਹੈ। ...ਮੈਂ ਇਸ ਮਾਸੂਮ ਜਿਹੀ ਕੁੜੀ ਨੂੰ ਗੋਦ ਲੈ ਲੈਣਾ...।"

"ਕਿੱਥੇ ਆ... ਕਿੱਥੇ ਆ? ਮੇਰੀ ਬੱਚੀ...।" ਸ਼ਿਵਜੀ ਦੇ ਮੋਟਰ ਸਾਇਕਲ ਤੋਂ ਉਤਰ ਕੇ ਔਰਤ ਕਮਲਿਆਂ ਵਾਂਗ ਹਸਪਤਾਲ ਦੇ ਐਮਰਜੈਂਸੀ ਵਾਲੇ ਵਾਰਡ ਵੱਲ ਨੂੰ ਭੱਜੀ। ਉਹਨੇ ਪੁਰਾਣੇ

ਜਿਹੇ ਮੈਲ਼ੇ ਕੱਪੜੇ ਪਾਏ ਹੋਏ ਸੀ। ਵਾਲ ਖਿੱਲਰੇ ਹੋਏ ਸੀ। ਉਹਦੀ ਗੋਦੀ ਇਕ ਛੋਟਾ ਜਿਹਾ ਬੱਚ ਸੀ।

ਚੌਕੀਦਾਰ ਉਹਨੂੰ ਆਈ.ਸੀ.ਯੂ. 'ਚ ਪਈ ਕੁੜੀ ਦਿਖਾ ਲਿਆਇਆ। ਉਹ ਬਾਹਰ ਆ ਕੇ ਬੌਂਦਲ਼ਿਆਂ ਵਾਂਗ ਬੈਂਚ 'ਤੇ ਬੈਠਣ ਦੀ ਥਾਂ ਧਰਤੀ 'ਤੇ ਬੈਠ ਗਈ। ਰੋਈ ਜਾ ਰਹੀ ਸੀ। ਉਹਦੇ ਗੋਦੀ ਵਿਚ ਚੂਹੀ ਦੇ ਮੂੰਹ ਵਾਲਾ, ਕਮਜ਼ੋਰ ਜਿਹਾ ਬੱਚਾ ਟਿਆਂਹ-ਟਿਆਂਹ ਕਰੀ ਜਾ ਰਿਹਾ ਸੀ। ਉਹ ਰੋਂਦੀ ਹੋਈ ਸਭ ਦੇ ਸਾਹਮਣੇ ਆਪਣੇ ਖਾਲੀ ਮੋਮ ਜਾਮੇ ਦੇ, ਜਿਹਨਾਂ ਵਿਚੋਂ ਹਵਾ ਵੀ ਨਿੱਕਲ ਚੁੱਕੀ ਹੁੰਦੀ ਹੈ, ਭੁਕਾਨੇ ਵਾਂਗ ਲਮਕਦੇ ਦੁੱਧ ਉਹਦੇ ਮੂੰਹ 'ਚ ਪਾਉਂਦੀ । ਬੱਚਾ ਫਿਰ ਵੀ 'ਟਿਆਂਹ-ਟਿਆਂਹ ਕਰੀ ਜਾ ਰਿਹਾ ਸੀ। ਉਹਨੇ ਬੱਚੇ ਨੂੰ ਧਰਤੀ 'ਤੇ ਪਾ ਦਿੱਤਾ ਤੇ ਬੋਲੀ "ਮੈਨੂੰ ਖਾ ਲੈ...।' ਫਿਰ ਬਿੱਲੀ ਦੇ ਰੋਣ ਵਰਗੀ ਆਵਾਜ਼ ਵਿਚ ਰੋਣ ਲੱਗੀ।

ਸ਼ਿਵਜੀ ਨੇ ਧਰਤੀ 'ਤੇ ਪਏ ਬੱਚੇ ਨੂੰ ਚੁੱਕ ਲਿਆ।

"ਮੈਂ ਤਾਂ ਕੱਲ੍ਹ ਦੀ ਨੇ ਅੰਨ ਦਾ ਦਾਣਾ ਨੀ ਮੂੰਹ 'ਤੇ ਧਰਿਆ। ਦੁੱਧ ਕਿੱਥੋਂ ਉਤਰਨਾ... ਉੱਤੋਂ ਮੈਂ ਸ਼ਿਲੇ 'ਚ ਆਂ।"

ਕਾਮਰੇਡ ਨੇ ਉਸ ਔਰਤ, ਜਿਸਦਾ ਨਾ ਪੂਜਾ ਸੀ, ਨੂੰ ਦਿਲਾਸਾ ਦਿੱਤਾ। ਉਸ ਲਈ ਬਰੈੱਡ ਦਾ ਪੈਕਟ ਤੇ ਚਾਹ ਲੈ ਆਇਆ। ਉਹ ਰੋਂਦੀ ਰੋਂਦੀ ਬਰੈੱਡ ਦਾ ਸਾਰਾ ਪੈਕਟ ਹੀ ਖਾ ਗਈ। ਫਿਰ ਹੱਥ ਜੋੜ ਕੇ ਕਹਿੰਦੀ, "ਸਰਦਾਰ ਜੀ ਮੇਰੀ ਬੱਚੀ ਨੂੰ ਬਚਾ ਲੋ... ਮੇਰੀ ਸਲੋਨੀ ਨੂੰ...।"

"ਇਹਦਾ ਬਾਪ ਕਿੱਥੇ ਆ?" ਚੌਕੀਦਾਰ ਨੇ ਪੁੱਛਿਆ।

"ਸਰਦਾਰ ਜੀ ਰੱਬ ਜਾਣੇ ਇਹਨਾਂ ਦਾ ਬਾਪ ਕਿੱਥੇ ਆ? ਸਰਦਾਰ ਜੀ ਮੈਂ ਤਾਂ ਢਿੱਡ ਖਾਤਰ ਪਰਦੇਸ ਫਿਰਦੀ ਆਂ। ...ਮੇਰੀ ਸਲੋਨੀ ਨੂੰ ਬਚਾ ਲੋ।", ਉਹਨੇ ਫਿਰ ਹੱਥ ਜੋੜੇ।

"ਸਰਦਾਰ ਜੀ ਦੁਨੀਆਂ ਬੀ ਮਤਲਵੀ ਆ। ਜੀਹਨੂੰ ਮੈਂ ਪਿਆਰ ਕੀਤਾ ਸੀ ਉਹ ਮੈਨੂੰ ਵੇਚ ਕੇ ਭੱਜ ਗਿਆ। ਫਿਰ ਹੋਰ ਬਥੇਰੇ ਲੋਕ ਆ ਗੇ ਜਿਹੜੇ ਕਹਿੰਦੇ ਤੈਨੂੰ ਪਿਆਰ ਕਰਦੇ ਆਂ। ਪਰ ਪਿਛਲੇ ਕਈ ਦਿਨਾਂ ਤੋਂ ਕੋਈ ਨੀ ਆਇਆ। ਸਭ ਨੂੰ ਪਤਾ ਸੀ ਮੇਰੇ ਬੱਚਾ ਹੋਣ ਵਾਲਾ। ਮੈਂ ਉਹਨਾਂ ਦੇ ਕੰਮ ਨੀ ਆ ਸਕਦੀ।

ਕਈ ਦਿਨਾਂ ਤੋਂ ਮੈਨੂੰ ਬੁਖਾਰ ਨੇ ਸੁੱਟਿਆ ਹੋਇਆ ਸੀ।

ਕੱਲ ਸਵੇਰੇ ਦੀ ਮੇਰੀ ਹਾਲਤ ਬਹੁਤ ਮਾੜੀ ਸੀ। ਮੈਂ ਪਿੰਡ 'ਚ ਜੀਹਨਾਂ ਘਰਾਂ 'ਚ ਕੰਮ ਕਰਨ ਜਾਂਦੀ ਸੀ, ਰੋਟੀ-ਟੁੱਕ ਲੈ ਆਉਂਦੀ।ਉੱਥੇ ਨਾ ਜਾ ਸਕੀ। ਮੈਂ ਸਵੇਰ ਦੀ ਤੜਫਦੀ ਸੀ। ਸਲੋਨੀ ਬਹੁਤ ਸਿਆਣੀ ਆ।

ਉਹ ਮੈਨੂੰ ਸਾਂਭਦੀ ਰਹੀ। ਬੱਚਾ ਹਨੇਰੇ ਹੋਏ ਹੋਇਆ।

ਘਰੇ ਖਾਣ ਨੂੰ ਦਾਣਾ ਵੀ ਨਹੀਂ ਸੀ। ਜਦੋਂ ਮੈਨੂੰ ਜਨਮ ਪੀੜਾ ਤੋਂ ਸੁਰਤ ਆਈ ਤਾਂ ਭੁੱਖ ਨਾਲ ਤੜਫਦੇ ਦੂਜੇ ਬੱਚਿਆ ਦਾ ਖਿਆਲ ਆਇਆ। ਮੇਰੀ ਸਾਂਭ-ਸੰਭਾਲ ਕਰਦੀ ਸਲੋਨੀ ਮੈਨੂੰ ਕਹਿਣ ਲੱਗੀ, 'ਮੰਮਾ ਆਪਣੇ ਘਰੇ ਖਾਣ ਨੂੰ ਕੁਝ ਵੀ ਨੀ। ਮੈਂ ਪਿੰਡੋਂ ਲੈ ਕੇ ਆਉਨੀ ਆਂ'। ਉਹ ਸੋਟੀ ਚੁੱਕ ਕੇ ਥੋੜ੍ਹੀ ਕੁ ਦੂਰ ਜਾ ਕੇ ਹਨੇਰੇ ਤੋਂ ਡਰਦੀ ਮੁੜ ਆਈ।

'ਪਾਣੀ ਪੀ ਕੇ ਸੌਂ ਜਾਓ', ਮੈਂ ਕਿਹਾ।

ਕੁਝ ਦਿਨ ਪਹਿਲਾਂ ਮੇਰੀ ਚੁੰਨੀ ਦੇ ਲੜ ਬੰਨ੍ਹੇ ਕਣਕ ਦੇ ਦਾਣਿਆਂ ਨੂੰ ਦੇਖ ਉਹਨੇ ਮੈਨੂੰ ਪੁੱਛਿਆ ਸੀ, 'ਮੰਮੀ ਇਹ ਦਾਣੇ ਕਿਉਂ ਬੰਨ੍ਹੇ ਨੇ...?'

ਮੈਂ ਉਹਨੂੰ ਦੱਸਿਆ, 'ਆਪਾਂ ਮੜ੍ਹੀਆਂ ਕੋਲ਼ ਰਹਿੰਦੇ ਆਂ। ਪਿੰਡ ਦੀਆਂ ਸਿਆਣੀਆਂ ਬੁੜ੍ਹੀਆਂ ਦੱਸਦੀਆਂ ਬਈ ਭੂਤ-ਪ੍ਰੇਤ, ਇੱਲ-ਬਲਾ ਕੱਚਾ ਮਾਸ ਖਾਣ ਲਈ ਭਾਂਉਂਦੇ ਫਿਰਦੇ ਰਹਿੰਦੇ

ਨੇ। ਚੁੰਨੀ ਦੇ ਲੜ ਬੰਨ੍ਹਿਆ ਅੰਨ-ਭਗਵਾਨ ਦੇਖ ਕੇ ਮੁੜ ਜਾਂਦੇ ਨੇ...।'

ਇਹ ਗੱਲ ਉਹਦੇ ਯਾਦ ਆ ਗੀ ਹੋਣੀ ਆ। ਸਲੋਨੀ ਨੇ ਆ ਕੇ ਮੇਰੀ ਚੁੰਨੀ ਦੇ ਲੜੋਂ ਕਣਕ ਦੇ ਦਾਣੇ ਖੋਹਲ ਕੇ ਅੱਧੇ ਉੱਥੇ ਹੀ ਬੰਨ੍ਹ ਦਿੱਤੇ। ਅੱਧੇ ਆਪਣੀ ਮੁੱਠੀ 'ਚ ਲੈ ਲਏ ਕਹਿੰਦੀ, 'ਹੁਣ ਨੀ ਮੈਂ ਡਰਦੀ... ਮੇਰੇ ਨਾਲ ਅੰਨ-ਭਗਵਾਨ ਆ...।'

ਸਰਦਾਰ ਜੀ ਉਹਤੋਂ ਆਪਣੇ ਛੋਟੇ ਭੈਣ ਭਰਾ ਭੁੱਖੇ ਨਾ ਦੇਖ ਹੋਏ। ਉਹ ਜੁਆਕੜੀ ਆਪ ਵੀ ਤਾਂ ਭੁੱਖੀ-ਭਾਣੀ ਸੀ। ਉਹ ਤਾਂ ਪਿੰਡੋਂ ਰੋਟੀ ਲੈਣ ਗਈ ਸੀ।"

ਪੂਜਾ ਫੁੱਟ-ਫੁੱਟ ਕੇ ਰੋ ਪਈ ਸੀ, "ਮੇਰੀ ਬੱਚੀ ਨੂੰ ਬਚਾ ਲੋ ,ਸਰਦਾਰ ਜੀ ਮੇਰੀ ਬੱਚੀ ਨੂੰ...।"

ਕਾਮਰੇਡ ਪੂਜਾ ਦੇ ਮੋਢੇ 'ਤੇ ਹੱਥ ਰੱਖ ਕੇ ਉਹਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕਰਨ ਲੱਗਾ।

ਟੀ.ਵੀ. ਵਾਲਿਆਂ 'ਬੱਚੀ ਨਾਲ ਬਲਾਤਕਾਰ' ਦੀ ਖ਼ਬਰ ਚੁੱਕ ਲਈ ਸੀ।

ਸਲੋਨੀ ਦੇ ਬਿਆਨ ਲੈਣ ਪੁਲਿਸ ਮੁਲਾਜ਼ਮ ਆਏ। ਉਹ ਅਜੇ ਬਿਆਨ ਦੇਣ ਦੇ ਯੋਗ ਨਹੀਂ ਸੀ। ਉਹ ਮੋਹਣ ਸਿੰਘ, ਪੂਜਾ ਅਤੇ ਚੌਕੀਦਾਰ ਨੂੰ ਠਾਣੇ ਆਉਣ ਲਈ ਕਹਿ ਗਏ ਸੀ। ਤਿੰਨਾਂ ਨੇ ਠਾਣੇ ਜਾ ਕੇ ਮੁਨਸ਼ੀ ਕੋਲ਼ ਬਿਆਨ ਦਰਜ ਕਰਵਾਏ। ਉਸ ਠਾਣੇ ਦਾ ਠਾਣੇਦਾਰ ਉਹੀ ਸੀ ਜਿਸ ਨੇ ਗੁਦਾਮਾਂ ਤੋਂ ਮੋਹਣ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਉਹਨੇ ਮੋਹਣ ਸਿੰਘ ਨੂੰ ਠਾਣੇ ਹੀ ਰੁਕਣ ਲਈ ਕਹਿ ਦਿੱਤਾ। ਪੂਜਾ ਅਤੇ ਚੌਕੀਦਾਰ ਹਸਪਤਾਲ ਚਲੇ ਗਏ। ਉੱਥੇ ਸਰਪੰਚ ਅਤੇ ਪਿੰਡ ਦੇ ਉਹ 'ਸਮਾਜ ਸੇਵੀ' ਵੀ ਬੈਠੇ ਸਨ, ਜਿਹੜੇ ਰਾਤ ਬੱਚੀ ਨੂੰ ਲੈ ਕੇ ਹਸਪਤਾਲ ਨਹੀਂ ਆਏ ਸਨ। ਉਹ ਮੀਡੀਆ ਵਾਲਿਆਂ ਨਾਲ ਬਲਾਤਕਾਰਾਂ ਨੂੰ ਛੇਤੀ ਫੜ ਕੇ ਸ਼ਖਤ ਸਜ਼ਾਵਾਂ ਦੇਣ ਦੇ ਬਿਆਨ ਦੇ ਰਹੇ ਸਨ।

ਚੌਕੀਦਾਰ ਨੇ ਮੋਹਣ ਸਿੰਘ ਨੂੰ ਠਾਣੇ ਬਿਠਾਉਣ ਵਾਲੀ ਗੱਲ ਜਦੋਂ ਸਰਪੰਚ ਹੋਰਾਂ ਨੂੰ ਦੱਸੀ, ਉੱਥੇ ਘੁਸਰ ਮੁਸਰ ਹੋਈ।

"ਹੁਣ ਕਾਮਰੇਟ ਨੂੰ ਬੰਦਾ ਬਣਾ ਕੇ ਠਾਣਿਓਂ ਕੱਢਣਗੇ।"

ਸਲੋਨੀ ਆਈ.ਸੀ.ਯੂ ਵਿਚ ਬੇਹੋਸ਼ ਪਈ ਸੀ। ਉਹਦੀ ਮੁੱਠੀ ਅਜੇ ਵੀ ਘੁੱਟ ਕੇ ਮੀਚੀ ਹੋਈ ਸੀ। 000

(ਪਿੰਡ ਅਲੂਣਾ ਤੋਲਾ, ਡਾ. ਅਲੂਣਾ ਪੱਲਾ, ਜ਼ਿਲ੍ਹਾ ਲੁਧਿਆਣਾ 141414 ਫੋਨ: 09855425700)

ਵਿਦਾਅ: ਕਹਾਣੀ: ਜਿੰਦਰ

"ਸਰਦਾਰ ਜੀ, ਤੁਹਾਨੂੰ ਸਾਰਿਆਂ ਬੰਦਿਆਂ ਨੂੰ ਮੇਰਾ 'ਇਕੋ ਪਾਸਾ' ਕਿਉਂ ਦਿੱਸਦਾ?" ਰਣਜੀਤਾਂ ਨੇ ਪੁੱਛਿਆ ਤਾਂ ਮੇਰੇ ਸਰੀਰ ਨੇ ਐਦਾਂ ਝੁਨਝਨੀ ਲਈ ਜਿੱਦਾਂ ਭੂਚਾਲ ਆ ਗਿਆ ਹੋਵੇ। ਕੀ ਮੈਨੂੰ ਵੀ ਉਸ ਉਨ੍ਹਾਂ ਬੰਦਿਆਂ 'ਚ ਸ਼ਾਮਿਲ ਕਰ ਲਿਆ ਸੀ ? ਪਹਿਲਾਂ ਤਾਂ ਮੈਂ ਖ਼ੁਦ ਨੂੰ ਹੀ ਪੁੱਛਿਆ। ਮੇਰੇ ਅੰਦਰੋਂ ਇਕਦਮ ਨਾਂਹ ਨਿਕਲੀ। ਮੈਂ ਐੱਸ. ਏ. ਐੱਸ. ਟੌਪਰ, ਸੱਤ ਦਫਤਰਾਂ 'ਚ ਕੰਮ ਚੁੱਕਾ, ਬੰਦੇ ਨੂੰ ਪਹਿਲੀ ਨਜ਼ਰੇ ਸਮਝਣ ਲੱਗਾ, ਕਦੇ ਮਾਰ ਨਹੀਂ ਖਾਂਦਾ। ਮੈਂ ਤਾਂ ਅੰਦਰ ਵੜ੍ਹਦੇ ਨੂੰ ਪਛਾਣ ਲੈਨਾਂ। ਕਿਤੇ ਮੈਂ ਰਣਜੀਤਾਂ ਨੂੰ ਪਛਾਣਨ 'ਚ ਕੋਈ ਗਲਤੀ ਤਾਂ ਨਹੀਂ ਕਰ ਬੈਠਾ? ਨਹੀਂ, ਅਜਿਹਾ ਨਹੀਂ ਹੋ ਸਕਦਾ। ਮੈਂ ਉਸ ਦੇ ਚਿਹਰੇ ਵੱਲ ਪੂਰੇ ਧਿਆਨ ਨਾਲ ਦੇਖਿਆ। ਉਸ ਦੇ ਚਿਹਰੇ 'ਤੇ ਕੋਈ ਗਿਲੇ-ਸ਼ਿਕਵੇ ਦੇ ਭਾਵ ਨਹੀਂ ਸਨ। ਜੇ ਉਹ ਅੱਗੇ-ਪਿੱਛੇ ਹੋਈ ਹੁੰਦੀ ਤਾਂ ਇਕ ਅੱਧਾ ਮੈਨੂੰ ਹੌਲੀ ਜਿਹੇ ਕਹਿੰਦਾ, "ਐੱਸ. ਓ. ਸਾਹਿਬ, ਦੇਖ ਲਓ, ਮਿੱਠੇ ਚੌਲਾਂ ਦਾ ਸੁਆਦ।" ਪਹਿਲਾਂ-ਪਹਿਲਾਂ ਤਾਂ ਮੈਨੂੰ ਇਨ੍ਹਾਂ ਗੱਲਾਂ ਦੀ ਸਮਝ ਹੀ ਨਹੀਂ ਲੱਗੀ ਸੀ। ਇਕ ਦਿਨ ਬਕਸਾ ਬ੍ਰਾਂਚ ਵਾਲਾ ਕੁਲਦੀਪ, ਟਿਕਟਾਂ ਦਾ ਰਿਕਾਰਡ ਚੈੱਕ ਕਰਾਉਣ ਆਇਆ ਦੱਸਣ ਲੱਗਾ, "ਆਪਣੇ ਟ੍ਰੈਫਿਕ ਮੈਨੇਜਰ ਦੱਸਦੇ ਸੀ ਕਿ ਉਹ ਰੋਜ਼ ਸਵੇਰ ਨੂੰ ਪੰਜ ਵਜੇ ਤੋਂ ਲੈ ਕੇ ਸਾਢੇ ਛੇ ਵਜੇ ਤੱਕ ਸੈਰ ਕਰਦੇ ਆ। ਫੇਰ ਸੌਂ ਜਾਂਦੇ ਆ। ਕੋਲ ਹੀ ਪ੍ਰਧਾਨ ਬੈਠਾ ਸੀ। ਉਹਨੇ ਪੁੱਛ ਲਿਆ-'ਫੇਰ ਯੱਕਾ ਕਦੋਂ ਜੋੜਦੇ ਹੋ ?' ਟ੍ਰੈਫਿਕ ਮੈਨੇਜਰ ਉਸ ਦੇ ਮੂੰਹ ਵੱਲ ਸਿੱਧਾ ਹੀ ਦੇਖਣ ਲੱਗਾ। ਉਸ ਭਗਤ ਲੋਕ ਨੂੰ ਪ੍ਰਧਾਨ ਦੀ ਗੱਲ ਸਮਝ ਨ੍ਹੀਂ ਆਈ ਸੀ।" ਮੈਨੂੰ ਆਪ ਨੂੰ ਇਹ ਗੱਲਾਂ ਸਮਝ ਨਹੀਂ ਆਉਂਦੀਆਂ ਸਨ। ਮੈਂ ਗਲੋਬਲ ਵੀਲੇਜ, ਗਲੋਬਲਾਈਜੇਸ਼ਨ, ਸਨਸੈਕਸ, ਹੈਪੀ ਨੌਨ-ਵਰਜੈਨਿਟੀ ਨੂੰ ਜਾਣਨ ਵਾਲਾ ਇਨ੍ਹਾਂ ਗੱਲਾਂ ਨੂੰ ਸਮਝ ਨਾ ਸਕਿਆ। ਮੈਂ ਇਨ੍ਹਾਂ ਸ਼ਬਦਾਂ ਬਾਰੇ ਰਣਜੀਤਾਂ ਕੋਲੋਂ ਪੁੱਛਿਆ ਤਾਂ ਉਹ ਹੱਥ 'ਤੇ ਹੱਥ ਮਾਰ ਕੇ ਖਿੜਖਿੜਾ ਕੇ ਹੱਸੀ ਸੀ, "ਸਰਦਾਰ ਜੀ, ਤੁਸੀਂ ਵੀ ਬੜੇ ਭੋਲੇ ਹੋ। ਇਹ ਦੱਸੋ-ਤੁਹਾਡਾ ਪਿੱਛਾ ਪਿੰਡ ਦਾ ਜਾਂ ਸ਼ਹਿਰ ਦਾ ?" ਮੈਂ ਦੱਸਿਆ ਕਿ ਸ਼ਹਿਰ ਦਾ ਤਾਂ ਉਸ ਕਿਹਾ ਸੀ, "ਤਾਹੀਉਂ ਤੁਹਾਨੂੰ ਇਨ੍ਹਾਂ ਗੱਲਾਂ ਦੀ ਸਮਝ ਨ੍ਹੀਂ ਆਉਂਦੀ। ਜਦੋਂ ਵਰਕਸ਼ਾਪ 'ਚੋਂ ਕੋਈ ਮਕੈਨਿਕ ਆਇਆ ਤਾਂ ਉਹਨੂੰ ਇਨ੍ਹਾਂ ਅੱਖਰਾਂ ਬਾਰੇ ਪੁੱਛ ਲਿਉ। ਬਸ-ਮੈਂ ਤਾਂ ਐਨਾ ਕਹਿਣਾ ਕਿ ਮੈਂ ਮਿੱਠੇ ਚੌਲ ਨ੍ਹੀਂ ਆਂ।"

'ਤੁਹਾਨੂੰ ਸਾਰਿਆਂ ਬੰਦਿਆਂ ਨੂੰ' ਨੇ ਇਕ ਵਾਰ ਤਾਂ ਮੇਰੀ ਬੋਲਤੀ ਬੰਦ ਕਰ ਦਿੱਤੀ ਸੀ। ਠੀਕ ਉੱਦਾਂ ਹੀ ਜਿੱਦਾਂ ਤੁਰੀ ਜਾਂਦੀ ਗੱਡੀ ਦੀ ਕਿਸੇ ਨੇ ਜੰਜ਼ੀਰ ਖਿੱਚ ਦਿੱਤੀ ਹੋਵੇ। ਮੈਂ ਨਾ ਤਾਂ ਕਦੇ ਉਹਨੂੰ ਮਾੜਾ-ਚੰਗਾ ਬੋਲਿਆ, ਨਾ ਉਹਦੇ ਬਾਰੇ ਮਾੜਾ-ਚੰਗਾ ਸੋਚਿਆ। ਮੈਂ ਜਿਸ ਵੀ ਦਫਤਰ 'ਚ ਗਿਆਂ, ਕਿਸੇ ਨਾ ਕਿਸੇ ਬੰਦੇ ਜਾਂ ਔਰਤ ਨੂੰ ਆਪਣਾ ਖ਼ਾਸੋ-ਖ਼ਾਸ ਰੱਖ ਲਿਆ ਜਿਸ ਰਾਹੀਂ ਮੈਂ ਸਾਰੇ ਬਾਬੂਆਂ ਦੀ ਖਚਰ-ਵਿੱਦਿਆ ਜਾਣਦਾਂ। ਇਸ ਬਿਨਾਂ ਸਰਦਾ ਵੀ ਨਹੀਂ। ਇਹਨੂੰ ਦਫ਼ਤਰੀ ਭਾਸ਼ਾ 'ਚ ਬੰਦਾ ਪੁੱਟਣਾ ਕਹਿੰਦੇ ਹਨ। ਇਸ ਦਫਤਰ 'ਚ ਆ ਕੇ ਅਜਿਹਾ ਪਹਿਲੀ ਵਾਰ ਹੋਇਆ ਕਿ ਮੈਂ ਇਸ ਕੰਮ ਲਈ ਰਣਜੀਤਾਂ ਨੂੰ ਚੁਣਿਆ। ਉਹ ਵੀ ਇਕ ਸੇਵਾਦਾਰਨੀ। ਇਸ ਦੇ ਦੋ ਕਾਰਨ ਸਨ। ਇਕ ਤਾਂ ਉਹ ਪੰਤਾਲੀਆਂ ਦੀ ਉਮਰ ਪਾਰ ਕਰ ਚੁੱਕੀ ਸੀ। ਦੂਜਾ ਉਹਨੂੰ ਬਾਬੂਆਂ ਬਾਰੇ ਬਹੁਤ ਕੁਝ ਪਤਾ ਸੀ। ਉਸ ਦੀ ਸਾਰੀ ਸਰਵਿਸ ਇਸ ਦਫਤਰ ਦੀ ਸੀ। ਉਸ ਨੂੰ ਗੱਲ ਕਰਨੀ ਤੇ ਆਪਣੀ ਗੱਲ ਮੰਨਵਾਉਣੀ ਆਉਂਦੀ ਸੀ। ਮੈਨੂੰ ਕਈ ਵਾਰ ਆਪਣੇ ਗੁਰੂ ਦਲਜੀਤ ਸਿੰਘ ਦਾ ਸਮਝਾਇਆ ਯਾਦ

ਆ ਜਾਂਦਾ, "ਇਕ ਵਾਰ ਇਕ ਮਹਾਰਾਜਾ ਆਪਣੇ ਸੇਵਕਾਂ ਨਾਲ ਜੰਗਲ 'ਚ ਸ਼ਿਕਾਰ ਖੇਡਣ ਗਿਆ। ਇਕ ਹਿਰਨ ਦਾ ਸ਼ਿਕਾਰ ਕਰਦਾ ਹੋਇਆ ਮਹਾਰਾਜਾ ਇਕੱਲਾ ਰਹਿ ਗਿਆ। ਲੱਭਦਿਆਂ-ਭਾਲਦਿਆਂ ਹੋਇਆਂ ਮਹਾਰਾਜਾ ਇਕ ਕੁਟੀਆ ਕੋਲ ਪਹੁੰਚਿਆ। ਉੱਥੇ ਇਕ ਅੰਨ੍ਹਾ ਸੰਤ ਬੈਠਾ ਸੀ। ਮਹਾਰਾਜੇ ਨੇ ਪੁੱਛਿਆ, 'ਬਾਬਾ ਜੀ, ਇੱਧਰ ਸਾਡਾ ਕੋਈ ਬੰਦਾ ਤਾਂ ਨ੍ਹੀਂ ਲੰਘਿਆ ?' ਸੰਤ ਨੇ ਦੱਸਿਆ, 'ਹਾਂ ਜੀ, ਇੱਧਰੋਂ ਦੋ ਬੰਦੇ ਲੰਘੇ ਸਨ। ਇਕ ਸਿਪਾਹੀ ਸੀ ਤੇ ਦੂਜਾ ਕੋਈ ਵਜ਼ੀਰ।' ਮਹਾਰਾਜਾ ਸੰਤ ਦਾ ਜੁਆਬ ਸੁਣ ਕੇ ਹੱਕਾ-ਬੱਕਾ ਰਹਿ ਗਿਆ। ਉਹਨੇ ਆਪਣਾ ਸ਼ੱਕ ਦੂਰ ਕਰਨ ਲਈ ਪੁੱਛ ਹੀ ਲਿਆ, 'ਬਾਬਾ ਜੀ, ਤੁਹਾਡੀਆਂ ਅੱਖਾਂ ਦੀ ਜੋਤ ਤਾਂ ਹੈ ਹੀ ਨ੍ਹੀਂ। ਫੇਰ ਤੁਹਾਨੂੰ ਕਿੱਦਾਂ ਪਤਾ ਲੱਗਾ ?' ਸੰਤ ਨੇ ਦੱਸਿਆ, ਪਹਿਲੇ ਬੰਦੇ ਨੇ ਮੈਨੂੰ ਪੁੱਛਿਆ, ਓ ਅੰਨ੍ਹਿਆ ਇੱਧਰੋਂ ਸਾਡਾ ਮਹਾਰਾਜਾ ਤਾਂ ਨ੍ਹੀਂ ਲੰਘਿਆ?' ਦੂਜੇ ਬੰਦੇ ਨੇ ਪੁੱਛਿਆ-'ਮਹਾਰਾਜ ਜੀਓ, ਇੱਧਰੋਂ ਸਾਡੇ ਰਾਜਾ ਜੀ ਦੀ ਸਵਾਰੀ ਤਾਂ ਨ੍ਹੀਂ ਲੰਘੀ ?' ਬਸ ਉਨ੍ਹਾਂ ਦੀ ਭਾਸ਼ਾ ਦੇ ਲਹਿਜ਼ੇ 'ਚੋਂ ਮੈਂ ਉਨ੍ਹਾਂ ਦੋਹਾਂ ਦੀ ਪਛਾਣ ਕਰ ਲਈ।' ......ਤੂੰ ਕਿਸੇ ਬੰਦੇ ਦੀ ਪਛਾਣ ਕਰਨ ਲੱਗਿਆਂ ਮੇਰੇ ਇਨ੍ਹਾਂ ਸ਼ਬਦਾਂ ਨੂੰ ਯਾਦ ਕਰ ਲਿਆ ਕਰੀਂ-ਫੇਰ ਜਗਪਾਲ ਸਿੰਹਾਂ ਕਦੇ ਮਾਰ ਨ੍ਹੀਂ ਖਾਵੇਂਗਾ।" ਰਣਜੀਤਾਂ ਦੀ ਬੋਲ-ਚਾਲ ਨੇ ਮੈਨੂੰ ਪਹਿਲੇ ਦਿਨ ਹੀ ਪ੍ਰਭਾਵਤ ਕੀਤਾ ਸੀ। ਉਹ ਹਰ ਗੱਲ ਕਰਨ ਲੱਗੀ 'ਸਰਦਾਰ ਜੀ' ਕਹਿੰਦੀ। ਕਈ ਕੁਝ ਤਾਂ ਉਸ ਮੇਰੇ ਪੁੱਛਿਆਂ ਬਿਨਾਂ ਹੀ ਦੱਸ ਦਿੱਤਾ। ਇਸ ਕਮਰੇ ਦੀ ਗੱਲ ਨੂੰ ਕਮਰੇ 'ਚੋਂ ਬਾਹਰ ਨਾ ਜਾਣ ਦਿੱਤਾ। ਬਸ, ਇਕੋ ਗੱਲ ਮਾੜੀ ਸੀ ਕਿ ਉਹ ਬੋਲਦੀ ਬਹੁਤ ਸੀ। ਜਦੋਂ ਕਦੇ ਮੈਂ ਉਹ ਦੀਆਂ ਕਈ ਗੱਲਾਂ ਤੋਂ ਅਕੇਵਾਂ ਮਹਿਸੂਸ ਕਰਦਾ ਤਾਂ ਉਹ ਛੇਤੀ ਹੀ ਮੇਰੀ ਭਾਵਨਾ ਨੂੰ ਜਾਣ ਜਾਂਦੀ। ਉਹ ਗੱਲ ਹੋਰ ਹੀ ਪਾਸੇ ਲੈ ਜਾਂਦੀ ਜਾਂ ਅਜਿਹੀ ਗੱਲ ਸੁਣਾਉਂਦੀ ਕਿ ਮੈਨੂੰ ਹੱਸਣਾ ਪੈਂਦਾ। ਕਦੇ-ਕਦੇ ਐਨਾ ਹਸਾਉਂਦੀ ਕ ਮੇਰੀਆਂ ਅੱਖਾਂ 'ਚੋਂ ਪਾਣੀ ਨਿਕਲ ਜਾਂਦਾ ਤੇ ਮੈਂ ਕਹਿੰਦਾ, "ਬਸ, ਰਣਜੀਤਾਂ, ਬਸ ਕਰ। ਦੇਖੀਂ ਕਿਤੇ ਹੱਸਦਿਆਂ-ਹੱਸਦਿਆਂ ਮੇਰਾ ਢਿੱਡ ਨਾ ਦੁੱਖਣ ਲੱਗ ਜਾਵੇ।" ਇਕ ਦਿਨ ਉਸ ਫਾਈਲਾਂ ਦੇ ਢੇਰ 'ਚੋਂ ਇਕ ਫਾਈਲ ਉਤਾਂਹ ਰੱਖਦਿਆਂ ਹੋਇਆਂ ਕਿਹਾ, "ਸਰਦਾਰ ਜੀ, ਆਹ ਸੋਹਣ ਸਿੰਘ ਦੇ ਜੀ. ਪੀ. ਐਫ. ਦੇ ਅਡਵਾਂਸ ਦਾ ਕੇਸ ਕੱਢ ਦਿਓ। ਉਹਦੀ ਧੀ ਦਾ ਵਿਆਹ ਆ। ਪਤਾ ਨ੍ਹੀਂ ਕਿੱਦਾਂ ਉਸਨੇ ਵਿਆਹ ਵਾਲੀ ਘੋੜੀ ਕੋਲੋਂ ਕਢਵਾਇਆ ਹੋਣਾ।" ਉਹ 'ਵਿਆਹ ਵਾਲੀ ਘੋੜੀ' ਕਿਹਨੂੰ ਕਹਿ ਰਹੀ ਸੀ? ਮੈਂ ਇਸ ਬਾਰੇ ਉਹਨੂੰ ਪੁੱਛਿਆ। "ਤੁਹਾਨੂੰ ਸ਼ਾਇਦ ਪਤਾ ਆ ਕਿ ਨ੍ਹੀਂ? ਪਹਿਲਾਂ ਪੁਰਾਣਾ ਅੱਡਾ ਵੱਡੇ ਡਾਕਖਾਨੇ ਕੋਲ ਹੁੰਦਾ ਸੀ। ਉਦੋਂ ਸਟੇਸ਼ਨ ਨੂੰ ਟਾਂਗੇ ਜਾਂਦੇ ਸੀ। ਇਕ ਟਾਂਗੇ 'ਤੇ ਦੋ ਬਾਬੂ ਅਸਵਾਰ ਹੋਏ। ਉਨ੍ਹਾਂ ਨੇ ਅੱਗੋਂ ਅੰਬਰਸਰ ਜਾਣਾ ਸੀ। ਜਦੋਂ ਟਾਂਗਾ ਮਿਲਾਪ ਚੌਕ ਕੋਲ ਗਿਆ ਤਾਂ ਘੋੜੀ ਦੀ ਚਾਲ ਬੜੀ ਮੱਠੀ ਹੋ ਗਈ। ਟਾਂਗੇ ਵਾਲਾ ਹੇਠਾਂ ਉਤਰਿਆ ਤੇ ਘੋੜੀ ਅੱਗੇ ਨੱਚਣ-ਟੱਪਣ ਲੱਗ ਪਿਆ। ਘੋੜੀ ਨੇ ਸਪੀਡ ਫੜ ਲਈ।

ਅਗਲੇ ਮੋੜ 'ਤੇ ਫੇਰ ਉਹੀ ਹਾਲ ਹੋਇਆ। ਟਾਂਗੇ ਵਾਲਾ ਫੇਰ ਹੇਠਾਂ ਉਤਰਿਆ। ਘੋੜੀ ਅੱਗੇ ਭੰਗੜਾ ਪਾਉਣ ਲੱਗਾ। ਬਾਬੂਆਂ ਦੀ ਗੱਡੀ ਦਾ ਟੈਮ ਹੋ ਚੱਲਿਆ ਸੀ। ਉਹ ਅੰਦਰੋਂ ਡਾਹਢੇ ਔਖੇ ਸੀ। ਦੰਦ ਕਰੀਚ ਰਹੇ ਸੀ। ਪਰ ਉਹ ਕਰ ਵੀ ਕੁਸ਼ ਨ੍ਹੀਂ ਸਕਦੇ ਸੀ। ਜਦੋਂ ਚੌਥੀ ਵਾਰ ਐਦਾਂ ਹੋਇਆ ਤਾਂ ਬਾਬੂਆਂ ਨੇ ਇਸਦਾ ਕਾਰਨ ਪੁੱਛ ਲਿਆ। ਟਾਂਗੇ ਵਾਲੇ ਨੇ ਦੱਸਿਆ- 'ਮੇਰਾ ਆਪਣਾ ਘੋੜਾ ਠੀਕ ਨ੍ਹੀਂ। ਇਹ ਮੈਂ ਆਪਣੇ ਭਰਾ ਦੀ ਘੋੜੀ ਮੰਗ ਕੇ ਲਿਆਇਆਂ। ਇਹ ਵਿਆਹ ਵਾਲੀ ਘੋੜੀ ਆ। ਤੁਹਾਨੂੰ ਪਤਾ ਹੀ ਆ ਕਿ ਵਿਆਹ ਵਾਲੀ ਘੋੜੀ ਕਿੱਦਾਂ ਤੁਰਦੀ ਹੁੰਦੀ।' ਠੀਕ ਐਦਾਂ ਹੀ ਜਿੰਨੀ ਵਾਰੀ ਵੀ ਫਾਈਲ 'ਵਿਆਹ ਵਾਲੀ ਘੋੜੀ' ਦੇ ਟੇਬਲ 'ਤੇ ਜਾਂਦੀ ਆ ਉੱਨੀ ਵਾਰੀ ਹੀ ਪੈਸੇ ਦੇਣੇ ਪੈਂਦੇ ਆ। ਸਮਝ ਲਓ ਸ਼ਗਣ......।"

0

ਮੈਂ ਹੌਲੇ ਜਿਹੇ ਕਿਹਾ, "ਮੈਡਮ ਠੰਢਾ ਪਾਣੀ ਪਿਲਾਓ।"

ਉਸ ਮੇਰੇ ਮੇਜ਼ ਤੋਂ ਗਲਾਸ ਚੁੱਕਿਆ ਤੇ ਪੁੱਛਿਆ, "ਟੂਟੀ ਦਾ ਜਾਂ ਕੂਲਰ ਦਾ?"

"ਠੰਢਾ, ਅੱਜ ਜ਼ਿਆਦਾ ਗਰਮੀ ਲੱਗਦੀ।" ਮੈਂ ਨੀਵੀਂ ਪਾਈ ਹੀ ਕਿਹਾ।

"ਸਰਦਾਰ ਜੀ, ਅੱਜ ਤਾਂ ਬਿਲਕੁਲ ਘੱਟ ਗਰਮੀ ਆ। ਦੇਖੋ ਬਾਹਰ ਕਿੱਦਾਂ ਬੱਦਲਵਾਈ ਹੋਈ। ਬਹੁਤ ਸੁਹਾਵਨਾ ਮੌਸਮ।"

"ਪਰ ਮੈਨੂੰ ਤਾਂ ਗਰਮੀ ਲੱਗ ਰਹੀ। ਪਤਾ ਨ੍ਹੀਂ ਐਨੀ ਜਨਤਾ ਦੇ ਹੁੰਦਿਆਂ ਹੋਇਆਂ ਕੂਲਰ ਦਾ ਪਾਣੀ ਠੰਢਾ ਹੋਊਗਾ ਵੀ ਜਾਂ ਨਾ?"

"ਮੇਰੇ ਹੁੰਦਿਆਂ ਤੁਸੀਂ ਗਰਮ ਪਾਣੀ ਪੀਉ-ਇਹ ਤਾਂ ਕਦੇ ਹੋ ਨ੍ਹੀਂ ਸਕਦਾ। ਮੈਨੂੰ ਭਾਵੇਂ ਕਿਸੇ ਦੁਕਾਨ ਤੋਂ ਠੰਢਾ ਪਾਣੀ ਨਾ ਲਿਆਉਣਾ ਪਵੇ। ਲਓ ਮੈਂ ਗਈ ਤੇ ਆਈ।"

ਉਹ ਜੱਗ ਚੁੱਕ ਕੇ ਚਲੇ ਗਈ ਤਾਂ ਮੈਂ ਸਾਹਮਣੇ ਪਏ ਕੇਸ ਦੀ ਹਿਸਟਰੀ ਪੜ੍ਹਨ ਲੱਗ ਪਿਆ। ਕੰਡਕਟਰ ਫਤਹਿ ਚੰਦ ਦੀ ਐਕਸੀਡੈਂਟ ਵਿਚ ਮੌਤ ਹੋ ਗਈ ਸੀ। ਉਸ ਦੀ ਘਰਵਾਲੀ ਪ੍ਰੀਤਮ ਕੌਰ ਨੇ 'ਡੈੱਥ ਕੇਸ' ਦੇ ਆਧਾਰ 'ਤੇ ਚਪੜਾਸੀ ਦੀ ਨੌਕਰੀ ਲਈ ਅਪਲਾਈ ਕੀਤਾ ਸੀ। ਉਹ ਅੱਠ ਜਮਾਤਾਂ ਪਾਸ ਸੀ। ਉਸ ਦੇ ਦੋ ਬੱਚੇ ਸਨ। ਛੋਟਾ ਮੁੰਡਾ ਦਸ ਸਾਲ ਦਾ। ਵੱਡੀ ਕੁੜੀ ਬਾਰ੍ਹਾਂ ਸਾਲ ਦੀ। ਵੱਖ-ਵੱਖ ਫਾਰਮਾਂ ਨੂੰ ਵਾਚਦਿਆਂ ਹੋਇਆਂ ਮੇਰਾ ਧਿਆਨ ਵਾਰ-ਵਾਰ ਇਕੋ ਨਾਂ 'ਤੇ ਕੇਂਦਰਿਤ ਹੋਣ ਲੱਗਾ। ਉਹ ਸੀ ਪ੍ਰੀਤਮ ਕੌਰ। ਫੇਰ ਮੈਨੂੰ ਪਤਾ ਹੀ ਨਾ ਲੱਗਾ ਕਿ ਪ੍ਰੀਤਮ ਕੌਰ ਦੀ ਥਾਂ 'ਤੇ ਰਣਜੀਤਾਂ ਕਦੋਂ ਆ ਗਈ....।

ਇੱਕੀ ਸਾਲਾਂ ਦੀ ਭਰਪੂਰ ਜੁਆਨ ਔਰਤ। ਗੋਰਾ ਨਿਛੋਹ ਰੰਗ। ਦਰਮਿਆਨਾ ਤਿੱਖਾ ਨੱਕ। ਕਾਲੇ ਸ਼ਾਹ ਵਾਲ। ਬਿੱਲੀਆਂ ਅੱਖਾਂ। ਬਰੀਰ-ਬਰੀਕ ਬੁੱਲ੍ਹ। ਛੋਟੇ ਕੰਨ। ਭਾਰੀਆਂ ਛਾਤੀਆਂ। ਪੈਰਾਂ 'ਚ ਰਾਜਸਥਾਨੀ ਜੁੱਤੀ-ਉਹੀ ਜਿਹੜੀ ਹੁਕਮ ਸਿੰਘ ਤਰੀਕ ਭੁਗਤਣ ਗਿਆ ਜੈਪੁਰੋਂ ਲਿਆਇਆ ਸੀ। ਉਹ ਸਾਹਿਬ ਦਾ ਕਾਰ ਡਰਾਈਵਰ ਸੀ। ਚਹੁੰ ਭਰਾਵਾਂ 'ਚੋਂ ਸਭ ਤੋਂ ਛੋਟਾ। ......ਉਹਦਾ ਸਤਾਰ੍ਹਾਂ ਸਾਲਾਂ ਦੀ ਉਮਰ 'ਚ ਵਿਆਹ ਹੋਇਆ। ਉਪਰੋਂ ਥਲੀ ਤਿੰਨ ਧੀਆਂ ਜੰਮੀਆਂ।

ਚੌਵੀ ਸਾਲ ਪਹਿਲਾਂ ਦੀ ਲੋਹੜੀ ਤੋਂ ਇਕ ਦਿਨ ਪਹਿਲਾਂ ਦੀ ਸ਼ਾਮ। ਰਣਜੀਤਾਂ ਸਭ ਤੋਂ ਛੋਟੀ ਧੀ ਸੀਮਾ ਨੂੰ ਦੁੱਧ ਚੁੰਘਾ ਰਹੀ ਸੀ। ਵਿੰਦਰ ਤੇ ਜੱਸੀ ਵਿਹੜੇ ਵਿਚ ਖੇਡ ਰਹੀਆਂ ਸਨ। ਬਾਹਰੋਂ ਕੋਈ ਓਪਰਾ ਬੰਦਾ ਆਇਆ। ਮਿੰਟ ਕੁ ਬਾਅਦ ਉਹ ਦੀ ਸੱਸ ਨੇ ਲੇਰ ਮਾਰੀ, "ਹਾਏ ਉਏ ਮੇਰਿਆ ਰੱਬਾ-ਮੇਰਾ ਹੁਕਮਾ....।" ਸੱਸ ਨੂੰ ਗਸ਼ੀ ਪੈ ਗਈ। ਰਣਜੀਤਾਂ ਨੂੰ ਜਦੋਂ ਪਤਾ ਲੱਗਾ ਕਿ ਉਹਦੇ ਸਿਰ ਦੇ ਸਾਈਂ ਦਾ ਐਕਸੀਡੈਂਟ ਹੋ ਗਿਆ ਤੇ ਉਹ ਥਾਈਂ ਪੂਰਾ ਹੋ ਗਿਆ ਤਾਂ ਉਹਨੇ ਪਹਿਲਾਂ ਕੰਧ 'ਚ ਸਿਰ ਮਾਰਿਆ। ਫੇਰ ਹੱਥਾਂ ਦੀਆਂ ਚੂੜੀਆਂ ਭੰਨ ਦਿੱਤੀਆਂ। ਉਹ ਦਿਨ ਗਿਆ-ਅੱਜ ਆ ਗਿਆ-ਉਸ ਜਾਂ ਉਹ ਦੀਆਂ ਧੀਆਂ ਨੇ ਕਦੇ ਲੋਹੜੀ ਨਹੀਂ ਮਨਾਈ। ਉਹ ਕਈਆਂ ਨੂੰ ਦੱਸਦੀ, "ਲੋਹੜੀ ਤੋਂ ਹਫਤਾ ਕੁ ਪਹਿਲਾਂ ਮੇਰਾ ਸਰੀਰ ਸੁੰਨ ਹੋਣਾ ਸ਼ੁਰੂ ਹੋ ਜਾਂਦਾ। ਮੈਨੂੰ ਆਪਣੇ ਆਪ ਦੀ ਸੁੱਧ-ਬੁੱਧ ਨ੍ਹੀਂ ਰਹਿੰਦੀ। ਮੈਂ ਹਫਤਾ-ਦਸ ਦਿਨ ਦਫਤਰ ਨ੍ਹੀਂ ਆਉਂਦੀ।ਮੈਥੋਂ ਮੰਜੀ ਤੋਂ ਉੱਠਿਆ ਹੀ ਨ੍ਹੀਂ ਜਾਂਦਾ। ਮੈਂ ਹੁੰਦੀ ਆਂ ਜਾਂ ਮੇਰੀਆਂ ਧੀਆਂ ਦਾ ਪਿਉ। ਇਹ ਦਿਨ ਮੇਰੇ ਲਈ ਬਹੁਤ ਔਖੇ ਹੁੰਦੇ ਆ। ਧੀਆਂ ਦਾ ਵਾਰ-ਵਾਰ ਫੋਨ ਆਉਂਦਾ ਕ ਮੈਂ ਉਨ੍ਹਾਂ ਕੋਲ ਆ ਜਾਵਾਂ। ਮੈਂ ਜਾਵਾਂ ਤਾਂ ਜੇ ਮੈਂ ਆਪਣੇ ਆਪ ਨੂੰ ਸੰਭਾਲਣ ਵਾਲੀ ਹੋਵਾਂ।"

ਭੋਗ ਤੋਂ ਬਾਅਦ ਪ੍ਰਧਾਨ ਸ਼ਿੰਗਾਰਾ ਸਿੰਘ ਘਰੇ ਆਇਆ ਸੀ। ਉਸ ਦੱਸਿਆ ਸੀ ਕਿ ਹੁਕਮ ਸਿੰਘ ਦੀ ਥਾਂ 'ਤੇ ਰਣਜੀਤਾਂ ਨੂੰ ਨੌਕਰੀ ਮਿਲ ਸਕਦੀ ਹੈ। ਉਸ ਦੀ ਸੱਸ ਦਾ ਤੁਰੰਤ ਪ੍ਰਤੀਕਰਮ

ਸੀ, "ਨਾ ਵੀਰਿਆ ਨਾ-ਸਾਡੇ ਘਰਾਂ 'ਚ ਨ੍ਹੀਂ ਇਹ ਰਿਵਾਜ। ਸਾਡੀ ਨੂੰਹ ਨੌਕਰੀ ਕਰਨ ਜਾਊ। ਇਹ ਨ੍ਹੀਂ ਹੋ ਸਕਣਾ। ਅਸੀਂ ਖਾਨਦਾਨੀ ਰਾਜਪੂਤ ਆਂ।" ਮਿੰਟ ਕੁ ਬਾਅਦ ਉਹਨੇ ਜ਼ੋਰ ਦੇ ਕੇ ਕਿਹਾ, "ਹੁਕਮੇ ਤੋਂ ਵੱਡੇ ਸੁਰਜਨ ਨੂੰ ਉਹਦੀ ਥਾਂ 'ਤੇ ਰਖਵਾ ਦਿਉ।" ਪ੍ਰਧਾਨ ਨੇ ਉਹਨੂੰ ਸਮਝਾਇਆ ਕਿ ਇਹ ਨਹੀਂ ਹੋ ਸਕਦਾ। ਨੌਕਰੀ ਤਾਂ ਸਿਰਫ ਹੁਕਮ ਸਿੰਘ ਦੀ ਬੀਵੀ ਨੂੰ ਮਿਲ ਸਕਦੀ ਹੈ। ਉਦੋਂ ਰਣਜੀਤਾਂ ਪਿਛਲੇ ਦਾਲਾਨ 'ਚ ਬੈਠੀ ਸੀ। ਉਸ ਹੌਸਲਾ ਕੀਤਾ ਤੇ ਵਰਾਂਡੇ 'ਚ ਆ ਕੇ ਬੋਲੀ, "ਭਾਜੀ-ਮੈਂ ਨੌਕਰੀ ਕਰੂੰਗੀ। ਮੈਂ ਆਪਣੀਆਂ ਧੀਆਂ ਵੀ ਪਾਲਣੀਆਂ।" ਸੱਸ ਉਹਨੂੰ ਟੁੱਟ ਕੇ ਪੈ ਗਈ, "ਤੈਥੋਂ ਰਾਮ ਨਾਲ ਅੰਦਰ ਨ੍ਹੀਂ ਬੈਠਿਆ ਜਾਂਦਾ।" ਪਰ ਉਹ ਥਾਈਂ ਖੜ੍ਹੀ ਰਹੀ ਤੇ ਫੇਰ ਪ੍ਰਧਾਨ ਦੇ ਲਿਆਂਦੇ ਫਾਰਮਾਂ 'ਤੇ ਅਗੂੰਠਾ ਲਾ ਦਿੱਤਾ।

ਪੰਜ ਮਹੀਨਿਆਂ ਬਾਅਦ ਉਹਨੂੰ ਸੇਵਾਦਾਰ ਦੀ ਨੌਕਰੀ ਮਿਲ ਗਈ। ਸੱਸ ਨੇ ਟਾਂਟਾ ਖੜ੍ਹਾ ਕਰ ਦਿੱਤਾ ਕਿ ਪਿੱਛੋਂ ਉਹਦੀਆਂ ਧੀਆਂ ਨੂੰ ਕੌਣ ਸੰਭਾਲੂਗਾ। ਉਸ ਹੁਸ਼ਿਆਰਪੁਰ ਤੋਂ ਆਪਣੀ ਮਾਂ ਨੂੰ ਬੁਲਾ ਲਿਆ। ਨਾਨੀ ਕੁੜੀਆਂ ਨੂੰ ਸੰਭਾਲਣ ਲੱਗੀ। ਘਰ 'ਚ ਬੱਝਵੀਂ ਤਨਖਾਹ ਆਉਣ ਲੱਗੀ। ਉਸ ਨੇ ਤਾਂ ਰੋਜ਼ ਦਫ਼ਤਰ ਜਾਣਾ ਹੁੰਦਾ ਸੀ। ਰੋਜ਼ ਹੀ ਸੂਟ ਬਦਲਣਾ ਪੈਂਦਾ ਸੀ। ਕਲਰਕ ਹੋਵੇ ਜਾਂ ਚਪੜਾਸੀ, ਪਹਿਲਾਂ ਕੱਪੜਿਆਂ ਦੀ ਸਫੈਦੀ ਦੇਖੀ ਜਾਂਦੀ ਹੈ। ਸੱਸ ਇਸ ਗੱਲੋਂ ਵੀ ਔਖੀ ਸੀ ਕਿ ਰਣਜੀਤਾਂ ਬਦਲ-ਬਦਲ ਕੇ ਸੂਟ ਕਿਉਂ ਪਾਉਂਦੀ ਹੈ। ਪਾ ਕੇ ਕਿਹਨੂੰ ਦਿਖਾਉਂਦੀ ਹੈ। ਰਣਜੀਤਾਂ ਨੇ ਉਹਨੂੰ ਵਥੇਰਾ ਸਮਝਾਇਆ ਪਰ ਉਹ ਤਾਂ ਥੰਦੇ ਘੜੇ ਵਰਗੀ ਸੀ। ਜਦੋਂ ਉਹ ਫੇਰ ਵੀ ਨਾ ਹਟੀ ਤਾਂ ਰਣਜੀਤਾਂ ਨੇ ਅੱਗੋਂ ਬੋਲਣਾ ਸ਼ੁਰੂ ਕਰ ਦਿੱਤਾ। ਉਹ ਕਹੇ-"ਤੇਰੀ ਜ਼ੁਬਾਨ ਖੁੱਲ੍ਹ ਗਈ। ਤੈਨੂੰ ਪੈਸਿਆਂ ਦਾ ਅਫਰੇਵਾਂ ਚੜ੍ਹਿਆ ਰਹਿੰਦਾ।" ਫੇਰ ਤਾਂ ਇਹ ਦੋ ਵੇਲੇ ਦਾ ਕੰਮ ਹੀ ਹੋ ਗਿਆ। ਰਣਜੀਤਾਂ ਦਾ ਆਪਣੀ ਮਾਂ ਬਿਨਾਂ ਸਰਦਾ ਨਹੀਂ ਸੀ ਤੇ ਸੱਸ ਕੋਲੋਂ ਉਹ ਦੀ ਮਾਂ ਘਰ 'ਚ ਤੁਰੀ-ਫਿਰਦੀ ਝਲੀ ਨਹੀਂ ਜਾਂਦੀ ਸੀ। ਹਫਤੇ 'ਚ ਦੋ-ਤਿੰਨ ਵਾਰ ਘਰ 'ਚ ਰੋਟੀ ਖਾਣੀ ਭਾਰੀ ਹੋ ਜਾਂਦੀ। ਉਹਦੀ ਮਾਂ ਵਾਪਸ ਜਾਣ ਲਈ ਕਹਿੰਦੀ ਤਾਂ ਰਣਜੀਤਾਂ ਕਹਿੰਦੀ, "ਬੀਬੀ, ਤੇਰੇ ਬਿਨਾਂ ਮੇਰੀਆਂ ਧੀਆਂ ਰੁੱਲ ਜਾਣੀਆਂ। ਇਕ ਨਾ ਅੱਧੀ-ਤਿੰਨਾਂ ਨੂੰ ਕੌਣ ਸੰਭਾਲੂ। ਜਦ ਇਹ ਬੋਲਦੀ ਹੁੰਦੀ ਆ ਤਾਂ ਤੂੰ ਉਰੇ-ਪਰੇ ਹੋ ਜਾਇਆ ਕਰ।" ਮਾਂ ਅੱਗੋਂ ਕਹਿੰਦੀ, "ਕਿੰਨਾ ਕੁ ਚਿਰ। ਤੇਰੇ ਕੋਲ ਇਕੋ ਕਮਰਾ ਆ। ਰੋਟੀ ਸਾਂਝੀ। ਹੁਣ ਤਾਂ ਤੇਰੇ ਪੈਸਿਆਂ ਨਾਲ ਘਰ ਚੱਲਦਾ। ਤੂੰ ਆਪਣੀ ਰੋਟੀ ਵੱਖਰੀ ਕਰ ਲੈ।" ਰੋਜ਼-ਰੋਜ਼ ਦੀ ਘੈਂਸ-ਘੈਂਸ ਤੋਂ ਤੰਗ ਆ ਕੇ ਉਸ ਆਪਣਾ ਸਟੋਵ ਤੇ ਸਾਮਾਨ ਲੈ ਆਂਦਾ। ਘਰ 'ਚੋਂ ਆਪਣਾ ਹਿੱਸਾ ਮੰਗਿਆ। ਉਹਨੇ ਆਪਣੇ ਭਾਪੇ, ਮਾਮੇ ਤੇ ਮਾਸੜ ਨੂੰ ਬੁਲਾ ਲਿਆ। ਗੱਲ ਤੂੰ-ਤੂੰ ਮੈਂ-ਮੈਂ ਤੱਕ ਪਹੁੰਚ ਗਈ। ਰਣਜੀਤਾਂ ਦਾ ਮਾਮਾ ਸਿੱਧਾ ਹੋ ਗਿਆ, "ਜੇ ਤੁਸੀਂ ਸਾਡੀ ਗੱਲ ਸੁਣਨੀ ਹੀ ਨ੍ਹੀਂ ਤਾਂ ਸਾਂਭੋ ਆਪਣੀਆਂ ਤਿੰਨੇ ਕੁੜੀਆਂ। ਅਸੀਂ ਆਪਣੀ ਧੀ ਲੈ ਜਾਣੀ।" ਰਣਜੀਤਾਂ ਨੇ ਕਿਹਾ, "ਮਾਮਾ ਜੀ, ਜਿੱਥੇ ਮੈਂ ਰਹਾਂਗੀ, ਉੱਥੇ ਹੀ ਮੇਰੀਆਂ ਧੀਆਂ ਵੀ ਰਹਿਣਗੀਆਂ।" ਮਾਸੜ ਨੇ ਕਿਹਾ, "ਕੁੜੀ ਦੀ ਗੱਲ ਠੀਕ ਆ। ਮਾਂ ਬੱਚਿਆਂ ਬਿਨਾਂ ਕਿੱਦਾਂ ਰਹਿ ਸਕਦੀ। ਸਾਨੂੰ ਬੁੜੀ ਨੂੰ ਮਨਾਉਣਾ ਵੀ ਆਉਂਦਾ।' ਉਨ੍ਹਾਂ ਆਪਸ ਵਿਚ ਦੂਹੋਂ-ਦੂਹ ਗਾਲ੍ਹਾਂ ਕੱਢੀਆਂ। ਲੋਕਾਂ ਦਾ 'ਕੱਠ ਹੋ ਗਿਆ। ਜੁੱਤੀ-ਪਤਾਣ ਮਸਾਂ-ਮਸਾਂ ਛੁਡਵਾਇਆ। ਪੰਚਾਇਤ ਹੋਈ। ਦਸ ਬੰਦੇ ਇੱਧਰੋਂ ਲਏ। ਦਸ ਉੱਧਰੋਂ। ਸਾਂਝਾ ਫੈਸਲਾ ਹੋਇਆ ਕਿ ਰਣਜੀਤਾਂ ਨੂੰ ਉਸਦਾ ਬਣਦਾ ਹਿੱਸਾ ਦਿੱਤਾ ਜਾਵੇ। ਉਹਦੀ ਸੱਸ ਮੰਨ ਗਈ। ਦੋ ਕੁ ਘੰਟਿਆਂ ਬਾਅਦ ਫੇਰ ਬਿਟਰ ਗਈ। ਮੁੱਕਰ ਗਈ। ਤੂੰ-ਤੂੰ, ਮੈਂ-ਮੈਂ ਤੋਂ ਗੱਲ ਫੇਰ ਛਿੱਤਰ-ਪਤਾਣ 'ਤੇ ਜਾ ਪਹੁੰਚੀ। ਸੱਸ ਨੇ ਰਣਜੀਤਾਂ ਦੇ ਭਾਪੇ ਦੇ ਘੋਟਣਾ ਛੱਡ ਕੇ ਮਾਰਿਆ ਜਿਸ ਨਾਲ ਉਹਦਾ ਸੱਜਾ ਗੁੱਟ ਟੁੱਟ ਗਿਆ। ਇਸ ਰੰਡੀ ਰੋਣੇ ਤੋਂ ਤੰਗ ਆ ਕੇ ਉਸ ਪਹਿਲਾਂ ਬਸਤੀ ਮੀਰ ਖਾਨ ਤੇ ਫੇਰ ਮਾਡਲ ਹਾਊਸ ਕਮਰਾ ਕਿਰਾਏ 'ਤੇ ਲੈ ਲਿਆ। ਉਹਦੀ

ਸੱਸ ਨੇ ਨਵੀਂ ਚਾਲ ਚਲੀ ਕਿ ਉਹ ਆਪਣੇ ਛੜੇ ਜੇਠ ਦੇ ਬੈਠ ਜਾਵੇ। ਰਣਜੀਤਾਂ ਸ਼ੇਰਨੀ ਬਣ ਗਈ, "ਮੈਂ ਉਹਦੇ ਬੈਠਾਂ ? ਮੇਰੀ ਬੈਠਦੀ ਆ ਜੁੱਤੀ। ਉਸ ਕਪਰੇ-ਸਾਧੂ ਦੇ। ਉਹ ਨੂੰ ਕਹਿ ਆਪਣੇ ਕਾਲੇ ਇਲਮ ਦਾ ਜਾਦੂ ਕਿਸੇ ਹੋਰ 'ਤੇ ਚਲਾਵੇ। ਖ਼ਬਰਦਾਰ ਜੇ ਮੁੜ ਕੇ ਉਸ ਦਾ ਨਾਂ ਲਿਆ ਜਾਂ ਕਿਸੇ ਨੂੰ ਮੇਰੇ ਘਰ ਭੇਜਿਆ।"

0

"ਸਰਦਾਰ ਜੀ, ਕਿਹੜੀ ਦੁਨੀਆ 'ਚ ਗੁਆਚ ਗਏਂ। ਮੈਨੂੰ ਪਾਣੀ ਦਾ ਗਲਾਸ ਰੱਖਿਆਂ ਪੰਜ ਮਿੰਟ ਹੋ ਗਏ। ਤੁਹਾਡੀਆਂ ਨਜ਼ਰਾਂ ਇਕੋ ਥਾਂ ਟਿਕੀਆਂ।"

"ਅੱਛਾ...ਅੱਛਾ ਪਾਣੀ। ਲੈ ਹੁਣ ਪੀ ਲੈਣੇ ਆਂ।" ਮੈਂ ਉਹਦੇ ਵੱਲ ਦੇਖ ਕੇ ਕਿਹਾ। ਪਾਣੀ ਦਾ ਗਲਾਸ ਖਾਲੀ ਕਰਕੇ ਉਸ ਨਾਲ ਸੁਲਾਹ ਮਾਰੀ, "ਸਿਆਣੇ ਕਹਿੰਦੇ ਹੁੰਦੇ ਆ ਕਿ ਜੇ ਗਰਮੀਆਂ ਨੂੰ ਜ਼ਿਆਦਾ ਪਿਆਸ ਲੱਗੇ ਤਾਂ ਚਾਹ ਪੀਣੀ ਚਾਹੀਦੀ। ਠੀਕ ਆ ਨਾ?"

"ਲਓ-ਇਹ ਤੁਸੀਂ ਕੀ ਗੱਲ ਕੀਤੀ। ਦੱਸੋ ਕਿੰਨੇ ਕੱਪ ਲਿਆਵਾਂ ਜੀ?"

"ਕਮਰੇ 'ਚ ਤਾਂ ਮੈਂ ਇਕੱਲਾ। ਅੱਜ ਸੁਰਿੰਦਰ ਨੂੰ ਨ੍ਹੀਂ ਆਵਾਜ਼ ਮਾਰਨੀ। ਜੇ ਤੂੰ ਪੀਣੀ ਆਂ ਤਾਂ ਦੋ ਕੱਪ ਲੈ ਆਈਂ। ਮਿੱਠਾ ਜ਼ਰਾ ਘੱਟ ਹੋਵੇ ਤਾਂ ਚਾਹ ਜ਼ਿਆਦਾ ਟੇਸਟੀ ਲੱਗਦੀ ਆ।"

ਚਾਹ ਦਾ ਤਾਂ ਇਕ ਬਹਾਨਾ ਸੀ। ਦਰਅਸਲ ਮੈਂ ਇਕੱਲਤਾ ਚਾਹੁੰਦਾ ਸੀ। ਮੈਂ ਫੇਰ 'ਡੈੱਥ ਕੇਸ' ਵਾਲੀ ਫਾਈਲ ਆਪਣੇ ਵੱਲ ਨੂੰ ਖਿਸਕਾ ਲਈ।

"ਮੈਨੂੰ ਧਾਰਮਿਕ ਬੰਦੇ ਕੌੜ ਗੰਦਲ ਵਰਗੇ ਲੱਗਦੇ। ਇਹ ਵਿਚੋਂ ਕੁਸ਼ ਹੁੰਦੇ ਆ ਤੇ ਉੱਪਰੋਂ ਕੁਸ਼।" ਇਕ ਦਿਨ ਰਣਜੀਤਾਂ ਬੈਠੀ-ਬੈਠੀ ਬੋਲੀ ਸੀ।

ਮੈਂ ਪੁੱਛਿਆ ਸੀ, "ਸਾਰੀ ਖਲਕਤ ਤਾਂ ਰੱਬ-ਰੱਬ ਕਰਦੀ ਫਿਰਦੀ ਆ। ਤੈਨੂੰ ਕਿਉਂ ਭੈੜੇ ਲੱਗਦੇ ਆ?"

"ਲਓ ਫੇਰ ਸੁਣੋ। ਆਪ ਬੀਤੀ। ਇੱਕ ਵਾਰ ਮੇਰੀ ਡਿਊਟੀ ਅਮਲਾ ਬਰਾਂਚ ਲੱਗੀ ਸੀ। ਇਕ ਦਿਨ ਸੁਪਰਡੈਂਟ ਸਾਹਿਬ ਨੇ ਚਾਹ ਲਿਆਉਣ ਲਈ ਕਿਹਾ ਤਾਂ ਤਰਸੇਮ ਕਪਰਾ ਆ ਗਿਆ। ਸੁਪਰਡੈਂਟ ਸਾਹਿਬ ਨੇ ਉਸ ਲਈ ਵੀ ਚਾਹ ਲਿਆਉਣ ਲਈ ਕਿਹਾ। ਉਹ ਬੋਲਿਆ, 'ਪੰਜ ਕੱਪ ਲਿਆਈਂ। ਇੱਕ ਕੱਪ ਆਪਣੇ ਲਈ ਵੀ।' ਕਪਰੇ ਮੈਨੂੰ ਪੰਜਾਹਾਂ ਦਾ ਨੋਟ ਦਿੱਤਾ। ਮੈਂ ਸਿਰਫ ਚਾਰ ਕੱਪ ਹੀ ਲਿਆਈ। ਕਪਰਾ ਚਲਾ ਗਿਆ ਤਾਂ ਮੈਂ ਸੁਪਰਡੈਂਟ ਨੂੰ ਦੱਸਿਆ, 'ਮੈਂ ਨ੍ਹੀਂ ਇਸ ਵੱਡੇ ਧਰਮਾਤਮਾ ਦੀ ਚਾਹ ਪੀਂਦੀ। ਇਕ ਵਾਰ ਇਹਨੇ ਚਾਹ ਪਿਆਈ ਸੀ। ਨਾਲ ਹੀ ਸੁਣਾ ਦਿੱਤਾ, 'ਤੈਨੂੰ ਚਾਹ ਇਸ ਲਈ ਪਿਆਈ ਆ ਕਿ ਤੂੰ ਸਾਡਾ ਕੰਮ ਕਰੇਂਗੀ। ਸਾਡਾ ਖਿਆਲ ਰੱਖੇਂਗੀ। ਘੰਟੀ ਸੁਣੇਂਗੀ।' ਅੰਮ੍ਰਿਤ ਛਕਿਆ ਬੰਦਾ ਵੀ ਕਿੰਨਾ ਸੁਆਰਥੀ ਹੋ ਜਾਂਦਾ। ਕੋਈ ਇਹਨੂੰ ਪੁੱਛੇ ਕਿ ਇਹਨੇ ਮੈਨੂੰ ਚਾਹ ਦੇ ਕੱਪ ਨਾਲ ਖਰੀਦ ਲਿਆ। ਮੈਂ ਆਪਣੇ ਕਮਰੇ 'ਚ ਆਈ। ਦਸਾਂ ਦਾ ਨੋਟ ਇਹਦੇ ਮੋਹਰੇ ਸੁੱਟ ਕੇ ਕਿਹਾ-ਤੂੰ ਪੰਜਾਂ ਰੁਪਈਆਂ 'ਚ ਮੈਨੂੰ ਮੁੱਲ ਲੈ ਲਿਆ। ਆਹ ਚੁੱਕ ਪੰਜ ਦੀ ਥਾਂ ਦਸ। ਮੈਂ ਉਹ ਦਾ ਕੰਮ ਕਰੂ ਜੋ ਮੇਰੀ ਇੱਜ਼ਤ ਜਾਣੂੰ।"

"ਤੂੰ ਗੱਲ ਤਾਂ ਹੋਰ ਸੁਣਾਉਣ ਲੱਗੀ ਸੀ। ਤੁਰ ਕਿਸੇ ਹੋਰ ਪਾਸੇ ਪਈਂ।" ਉਹ ਨੇ ਆਪਣੀ ਗੱਲ ਸੁਣਾ ਕੇ ਸਾਹ ਲਿਆ ਤਾਂ ਮੈਂ ਉਹਨੂੰ ਯਾਦ ਕਰਵਾਇਆ।

"ਹਾਂ ਸਰਦਾਰ ਜੀ, ਤਰਸੇਮ ਕਪਰੇ ਦੀ ਗੱਲ ਕਰ ਰਹੀ ਸੀ। ਇਹ ਦੇ ਵੱਲ ਦੇਖ ਕੇ ਕੋਈ ਕਹਿ ਹੀ ਨ੍ਹੀਂ ਸਕਦਾ ਕਿ ਇਹ ਕੁਰਪਟ ਬੰਦਾ। ਦੇਖੋ, ਆਪਣੀ ਤਾਂ ਸਿੱਧੀ ਜਿਹੀ ਗੱਲ ਆ ਕਿ ਬੰਦਾ ਇਕ ਪਾਸੇ ਹੋ ਜਾਵੇ। ਜੇ ਰੱਬ ਦਾ ਲੜ ਫੜਿਆ ਤਾਂ ਝੂਠ-ਤੂਫਾਨ ਤੋਂ ਦੂਰ ਰਹੇ। ਇਹ ਵੀ ਕੀ ਗੱਲ ਹੋਈ ਕਿ ਰੱਬ-ਰੱਬ ਵੀ ਕਰੀ ਜਾਓ ਤੇ ਲੋਕਾਂ ਦੀ ਛਿੱਲ ਵੀ ਲਾਹੀ ਜਾਓ। ਇਸ ਤੋਂ

ਪਹਿਲਾਂ ਇਹ ਦੀ ਡਿਊਟੀ ਟ੍ਰੈਫਿਕ ਬ੍ਰਾਂਚ ਸੀ। ਇਹ ਦੇ ਅਮਲਾ ਸ਼ਾਖਾ ਵਿੱਚ ਆਰਡਰ ਹੋਏ ਤਾਂ ਇਹ ਪੁੱਠੀਆਂ ਛਾਲਾਂ ਮਾਰੇ ਜਿੱਦਾਂ ਇਹ ਨੂੰ ਕਾਰੂ ਦਾ ਖਜ਼ਾਨਾ ਮਿਲ ਗਿਆ ਹੋਵੇ। ਇਹ ਦੀ ਖੁੱਬ ਤਾਂ ਹਰਜਿੰਦਰ ਨੇ ਠੱਪੀ। ਇਹ ਕਹਿੰਦਾ, 'ਮੈਂ ਤਾਂ ਸੁਣਿਆ ਸੀ ਕਿ ਇੱਥੇ ਬਹੁਤ ਕਮਾਈ ਆ।' ਹਰਜਿੰਦਰ ਬੋਲਿਆ, 'ਗੱਲ ਸੁਣ ਜਾਂ ਤਾਂ ਆਹ ਗੁੱਟਕਾ ਪੜ੍ਹਨਾ ਛੱਡ ਦੇ। ਜਾਂ ਪੈਸਿਆਂ ਦੀ ਕੁੱਤੇ ਝਾਕ।' ਲਉ ਇਹ ਨੇ ਕੀ ਬੋਲਣਾ ਸੀ। ਦੂਜੇ ਦਿਨ ਦਫਤਰ ਆ ਕੇ ਇਹ ਨੇ ਫੇਰ ਪਾਠ ਕਰਨਾ ਸ਼ੁਰੂ ਕਰ ਦਿੱਤਾ ਤੇ ਲੰਚ-ਟਾਈਮ ਤੋਂ ਪਹਿਲਾਂ-ਪਹਿਲਾਂ ਇਕ ਇੰਸਪੈਕਟਰ ਕੋਲੋਂ ਦੋ ਸੌ ਰੁਪਈਏ ਮਾਂਜ ਲਏ। ਐਦਾਂ ਦੇ ਤਾਂ ਅੱਜਕੱਲ੍ਹ ਦੇ ਧਾਰਮਿਕ ਬੰਦੇ ਆ..... ਇਸ ਨਾਲੋਂ ਤਾਂ ਸਾਡੇ ਦਫਤਰ ਦੀਆਂ ਮੈਡਮਾਂ ਚੰਗੀਆਂ। ਕੋਈ ਦੱਸ ਕੇ ਦਿਖਾਵੇ ਜੇ ਕਦੇ ਕਿਸੇ ਮੈਡਮ ਨੇ ਕਿਸੇ ਕੋਲੋਂ ਪੰਜਾਹ ਰੁਪਈਏ ਵੀ ਲੈ ਲਏ ਹੋਣ....।"

0

ਉਹ ਦੋ ਕੱਪ ਚਾਹ ਦੇ ਲਿਆਈ। ਮੈਂ ਉਸ ਕੋਲੋਂ ਪੁੱਛਿਆ, "ਕੱਲ੍ਹ ਦਰਸ਼ਨਾ ਤੇ ਗੁੱਡੀ ਕਿਉਂ ਲੜ ਪਈਆਂ?" ਉਹ ਸ਼ੁਰੂ ਹੋ ਗਈ, "ਜਨਾਨੀਆਂ ਤਾਂ ਨਿੱਕੀ ਜਿਹੀ ਗੱਲ ਤੋਂ ਲੜ ਪੈਂਦੀਆਂ। ਕਈ ਵਾਰ ਲੜਣ ਦਾ ਬਹਾਨਾ ਭਾਲਦੀਆਂ। ਕੋਈ ਖ਼ਾਸ ਗੱਲ ਨ੍ਹੀਂ। ਇਕ ਕੱਚ ਦੇ ਗਲਾਸ ਤੋਂ ਭਿੜ ਪਈਆਂ। ਇਹ ਵਿਚਾਰੀਆਂ ਤਾਂ ਕੁਸ਼ ਨ੍ਹੀਂ-ਦੇਖਣ ਵਾਲੀ ਤਾਂ ਮੇਰੀ ਸੱਸ ਸੀ.... ਮੇਰੀ ਸੱਸ, ਤੌਬਾ ਮੇਰਿਆ ਰੱਬਾ-ਐਦਾਂ ਦੀ ਬੁੜ੍ਹੀ ਕਿਸੇ ਦੀ ਨਾ ਹੋਵੇ। ਬਾਰ੍ਹਾਂ ਤਾਲੀ। ਸਿਆਣੇ ਲੜਾਈ ਮਿਟਾਉਂਦੇ ਦੇ ਆ-ਉਹ ਨਿੱਤ ਲੜਾਈ ਖੜ੍ਹੀ ਕਰ ਰੱਖਦੀ। ਬਿਨਾਂ ਮਤਲਬੋਂ। ਬਿਨਾਂ ਕਿਸੇ ਖ਼ਾਸ ਗੱਲੋਂ। ਉਹਨੂੰ ਉੱਨਾ ਚਿਰ ਖਾਧਾ ਪੀਤਾ ਨਾ ਪਚਦਾ ਜਿੰਨਾ ਚਿਰ ਉਹ ਕਿਸੇ ਨਾਲ ਆਡਾ ਨਾ ਲਾ ਲੈਂਦੀ। ਜਿੰਨਾ ਚਿਰ ਉਹ ਘਰੇ ਰਹਿੰਦੀ-ਉੱਨਾ ਚਿਰ ਮੇਰਾ ਸਾਹ ਸੂਤਿਆ ਰਹਿੰਦਾ। ਮੈਂ ਤਾਂ ਇਕ ਵਾਰੀ ਘਰੋਂ ਨਿਕਲ ਆਈ ਜਾਂ ਸਮਝ ਲਓ-ਉਸ ਮੈਨੂੰ ਕੱਢ ਦਿੱਤਾ-ਮੈਂ ਮੁੜ ਕੇ ਉਸ ਘਰ ਵੱਲ ਮੂੰਹ ਨ੍ਹੀਂ ਕੀਤਾ-ਆਪ ਤੰਗ ਹੋ ਲਿਆ। ਆਪਣੀ ਮਾਂ ਨੂੰ ਤੰਗ ਕਰ ਲਿਆ-ਪਰ ਸੱਸ ਨੂੰ ਨ੍ਹੀਂ ਬੁਲਾਇਆ। ਜਦੋਂ ਉਹ ਮਰਨ ਲੱਗੀ ਤਾਂ ਉਹਦੀ ਜਾਨ ਨ੍ਹੀਂ ਸੀ ਨਿਕਲ ਰਹੀ। ਉਸ ਜ਼ਿੱਦ ਫੜ ਲਈ ਕਿ ਰਣਜੀਤਾਂ ਨੂੰ ਬੁਲਾ ਕੇ ਲਿਆਉ। ਮੇਰਾ ਜੇਠ ਮੇਰੇ ਦਫਤਰ ਦੋ ਵਾਰ ਆਇਆ-ਮੈਂ ਨ੍ਹੀਂ ਗਈ। ਕਈ ਰਿਸ਼ਤੇਦਾਰਾਂ ਦੇ ਸੁਨੇਹੇ ਮਿਲੇ। ਆਖਿਰ 'ਚ ਨਣਦੋਈਆ ਆਇਆ। ਮੈਂ ਕਿਹਾ-ਚੱਲ ਰਣਜੀਤਾਂ ਰਾਣੀਏ, ਉਹਨੇ ਤਾਂ ਤੇਰੇ 'ਤੇ ਬਹੁਤ ਜ਼ੁਲਮ ਕੀਤੇ-ਹੁਣ ਤੂੰ ਹੀ ਮਾਫ਼ ਕਰ ਦੇ।"

ਮੈਂ 'ਹੂੰ', 'ਅੱਛਾ' 'ਚ ਹੁੰਗਾਰਾ ਭਰਿਆ ਤਾਂ ਉਹ ਚਾਹ ਦਾ ਕੱਪ ਖਤਮ ਹੁੰਦਿਆਂ ਸਾਰ ਹੀ ਫੇਰ ਸ਼ੁਰੂ ਹੋ ਗਈ, "ਇਸ ਕਮਰੇ 'ਚ ਆਉਣ ਤੋਂ ਪਹਿਲਾਂ ਮੈਂ ਤਕਰੀਬਨ ਸਾਰਿਆਂ ਕਮਰਿਆਂ 'ਚ ਕੰਮ ਕੀਤਾ। ਮੈਨੂੰ ਇਕ ਗੱਲ ਦੀ ਸਮਝ ਨ੍ਹੀਂ ਲੱਗੀ ਕਿ ਕਲਰਕਾਂ ਦੀਆਂ ਸੀਟਾਂ ਤਾਂ ਜੀ ਸਦਕੇ ਬਦਲਣ ਪਰ ਪੀਅਨਾਂ ਨੂੰ ਕਿਉਂ ਵਾਰ-ਵਾਰ ਬਦਲਿਆ ਜਾਂਦਾ? ਸਾਡੇ ਹੱਥ ਕਿਹੜੀ ਬੰਦੂਕ ਹੁੰਦੀ ਆ-ਬਈ ਜਿਸ ਤੋਂ ਕਿਸੇ ਨੂੰ ਕੋਈ ਖਤਰਾ ਹੋਊ। ਇਕ ਆਹ ਗੁਰਬਖਸ਼ਾ ਹਰਾਮਜ਼ਾਦਾ। ਗੱਲਾਂ ਤਾਂ ਐਦਾਂ ਕਰਦਾ ਜਿੱਦਾਂ ਇਹਦੇ ਵਰਗਾ ਕੋਈ ਇਮਾਨਦਾਰ ਬੰਦਾ ਇਸ ਦੁਨੀਆ 'ਚ ਨਾ ਹੋਵੇ ਪਰ ਅੰਦਰੋਂ ਮਹਾ ਕਪਟੀ। ਬਗਲ 'ਚ ਛੁਰੀ, ਮੂੰਹ 'ਚ ਰਾਮ-ਰਾਮ। ਸਾਰਾ ਦਫਤਰ ਇਸ ਤੋਂ ਤੰਗ ਆ। ਜਿੱਦਣ ਬਦਲ ਗਿਆ ਲੋਕਾਂ ਖੁਸ਼ੀ ਮਨਾਉਣੀ ਆ। ਤੁਹਾਨੂੰ ਨ੍ਹੀਂ ਪਤਾ ਤੁਸੀਂ ਨਵੇਂ-ਨਵੇਂ ਆਏ ਹੋਂ-ਇਹ ਬੜਾ ਲੁੱਚਾ। ਜਨਾਨੀਆਂ ਦਾ ਠਰਕੀ। ਜਦੋਂ ਮਰਜ਼ੀ ਜਾ ਦੇ ਦੇਖ ਲਓ ਇਹਦੇ ਮੇਜ਼ ਦੇ ਸੱਜੇ ਪਾਸੇ ਰੱਖੀ ਕੁਰਸੀ 'ਤੇ ਕੋਈ ਨਾ ਕੋਈ ਜਣੀ ਅਵੱਸ਼ ਬੈਠੀ ਹੋਊ। ਮੇਰੇ 'ਤੇ ਵੀ ਪੱਟੂ ਪਾਉਣ ਨੂੰ ਫਿਰਦਾ ਸੀ ਪਰ ਮੈਂ ਤਾਂ ਇਹਦੇ ਮੂੰਹ ਵੱਲ ਵੀ ਨ੍ਹੀਂ ਦੇਖਦੀ। ਮੇਰੀ ਜਾਣਦੀ ਆ ਜੁੱਤੀ। ਮੈਂ ਐਦਾਂ ਦੇ ਟੁੱਚਰ ਦੀ ਕੀ ਪ੍ਰਵਾਹ ਕਰਦੀ ਆਂ?"

"ਰਣਜੀਤਾਂ, ਸੁਰਜੀਤ ਸਿਹੁੰ ਨੂੰ ਬੁਲਾ ਕੇ ਲਿਆਓ-ਆਹ ਕੀ ਕਰੀ ਜਾਂਦਾ ? ਚੰਗਾ ਹੋਇਆ ਮੈਂ ਇਹ ਕੇਸ ਥੋਰੋਲੀ ਚੈੱਕ ਕਰ ਲਿਆ- ਜੇ ਮੈਂ ਵੀ ਸੁਪਰਡੈਂਟ ਵਾਂਗੂੰ ਘੁੱਗੀ ਮਾਰ ਦਿੰਦਾ ਤਾਂ ਹੈੱਡ ਆਫਿਸ ਤੋਂ ਅਬਜੈਕਸ਼ਨ ਲੱਗ ਕੇ ਵਾਪਸ ਆ ਜਾਣਾ ਸੀ। ਤੁਹਾਡੇ ਦਫਤਰ ਵਾਲੇ ਤਾਂ ਮਰੇ ਹੋਏ ਬੰਦੇ ਦਾ ਵੀ ਲਿਹਾਜ਼ ਨ੍ਹੀਂ ਕਰਦੇ।"

"ਸਰਦਾਰ ਜੀ, ਏਸੇ ਲਈ ਤਾਂ ਸਰਕਾਰ ਨੇ ਫਾਈਨਾਂਸ ਡਿਪਾਰਟਮੈਂਟ ਵਾਲੇ ਰੱਖੇ ਆ। ਸਾਡੇ ਬਾਬੂ ਤਾਂ ਗੱਲਾਂ-ਬਾਤਾਂ ਨਾਲ ਹੀ ਅਗਲੇ ਦਾ ਢਿੱਡ ਭਰ ਦਿੰਦੇ ਆ। ਤੁਸੀਂ ਉਸ ਬਾਬੂ ਦੀ ਗੱਲ ਨ੍ਹੀਂ ਸੁਣੀ? ਪਰ ਤੁਸੀਂ ਕਿੱਥੋਂ ਸੁਣਨੀ ਆ। ਲਓ ਪਹਿਲਾਂ ਆਪਣੀ ਗੱਲ ਸੁਣਾ ਹੀ ਜਾਵਾਂ। ਇਕ ਬਾਬੂ ਸੀ ਜਗਨ ਨਾਥ। ਜਦੋਂ ਦੇਖੋ ਸਿਰ ਸੁੱਟ ਕੇ ਕੰਮ ਕਰਦਾ ਰਹਿੰਦਾ। ਘਰ ਜਾਣ ਲੱਗਾ ਫਾਈਲਾਂ ਕੱਛ 'ਚ ਮਾਰਦਾ। ਉਹਦੀ ਘਰਵਾਲੀ ਨੇ ਇਕ ਦੋ ਵਾਰ ਸਿਫਾਰਸ਼ਾਂ ਕੀਤੀਆਂ। ਪਰ ਉਸ ਪਿਉ ਦੇ ਪੁੱਤ ਨੇ ਉਹਦਾ ਵੀ ਕੰਮ ਨਾ ਕੀਤਾ। ਘਰਵਾਲੀ ਔਖੀ ਹੁੰਦੀ ਤਾਂ ਉਹਦਾ ਜੁਆਬ ਹੁੰਦਾ-'ਚਿੱਠੀ ਦਾ ਜੁਆਬ ਤਾਂ ਜਾ ਰਿਹਾ ਆ ਨਾ।' ਉਸ ਵਿਚਾਰੀ ਨੂੰ ਉਹਦੀ ਗੱਲ ਦੀ ਸਮਝ ਨਾ ਲੱਗੀ। ਉਨ੍ਹੀਂ ਦਿਨੀਂ ਘਰਵਾਲੀ ਦੀ ਭੈਣ ਦਾ ਵਿਆਹ ਆ ਗਿਆ। ਉਹਨੇ ਜਗਨ ਨਾਥ ਕੋਲੋਂ ਜਾਣ ਦੀ ਆਗਿਆ ਮੰਗੀ। ਇਹ ਬੋਲਿਆ-'ਹਾਂ, ਜ਼ਰੂਰ ਜਾਣਾ ਚਾਹੀਦਾ। ਮਹੀਨਾ ਪਹਿਲਾਂ ਜਾ। ਜਾ ਕੇ ਉਨ੍ਹਾਂ ਦੀ ਮਦਦ ਕਰਾ।' ਲਉ ਜੀ ਉਹ ਵਿਚਾਰੀ ਦੂਜੇ ਦਿਨ ਹੀ ਬੱਸ ਜਾ ਚੜ੍ਹੀ। ਉਹ ਕਾਹਲੀ-ਕਾਹਲੀ ਇਹ ਵੀ ਭੁੱਲ ਗਈ ਕਿ ਉਹਨੇ ਤਾਂ ਭੈਣ ਲਈ ਗਿਫਟ ਖਰੀਦਣੇ ਸਨ। ਉਹਨੇ ਤੀਜੇ ਦਿਨ ਚਿੱਠੀ ਪਾਈ-'ਆਉਣ ਲੱਗੇ ਦੋ ਸਾੜੀਆਂ ਖਰੀਦ ਲਿਆਇਉ।' ਇਹਨੇ ਅੱਗੋਂ ਪੁੱਛ ਲਿਆ-'ਕਿਹੜੇ ਰੰਗ ਦੀਆਂ?' ਉਹਨੇ ਲਿਖਿਆ-'ਹਰੇ ਰੰਗ ਦੀਆਂ'। ਇਹਨੇ ਫੇਰ ਲਿਖਿਆ-'ਤੂੰ ਇਹ ਤਾਂ ਲਿਖਿਆ ਹੀ ਨ੍ਹੀਂ-ਰੰਗ ਗੂਹੜਾ ਹੋਵੇ ਜਾਂ ਫਿੱਕਾ।' ਉਹਨੇ ਮਗਰੇ ਲਿਖਿਆ-'ਰੰਗ ਫਿੱਕਾ ਹੋਵੇ।' ਐਦਾਂ ਸੁਆਲ-ਜੁਆਬ 'ਚ ਵਿਆਹ ਲੰਘ ਗਿਆ। ਇਹਨੇ ਤਾਂ ਜਾਣਾ ਹੀ ਨ੍ਹੀਂ ਸੀ। ਡੇਢ ਕੁ ਮਹੀਨੇ ਬਾਅਦ ਉਹ ਵਿਚਾਰੀ ਰੋਂਦੀ ਕਲਪਦੀ ਆ ਗਈ ਤੇ ਡਾਹਢੇ ਗੁੱਸੇ 'ਚ ਪੁੱਛਣ ਲੱਗੀ-'ਤੁਸੀਂ ਗਿਫਟ ਕਿਉਂ ਨ੍ਹੀਂ ਭੇਜੇ?' ਇਹਦਾ ਅੱਗੋਂ ਜੁਆਬ ਸੀ-'ਗਿਫਟ ਨੂੰ ਮਾਰ ਗੋਲੀ। ਇਹ ਦੱਸ-ਤੈਨੂੰ ਜੁਆਬ ਤਾਂ ਸਮੇਂ ਸਿਰ ਮਿਲਿਆ ਸੀ ਕਿ ਨ੍ਹੀਂ।' ਹੁਣ ਦੇਖ ਲਿਉ-ਗੁਰਬਖਸ਼ੇ ਨੇ ਆਪਣੀ ਗਲਤੀ ਬਾਅਦ 'ਚ ਮੰਨਣੀ ਆ- ਪਹਿਲਾਂ ਇਹ ਹੀ ਕਹੂ-ਐੱਸ. ਓ. ਸਾਹਿਬ, ਚੈੱਕ ਕਰ ਲਓ-ਜਿਸ ਦਿਨ ਮੈਨੂੰ ਕੇਸ ਮਿਲਿਆ-ਮੈਂ ਉਸੇ ਦਿਨ ਪੁੱਟਅਪ ਕਰ ਦਿੱਤਾ। ਠੀਕ ਹੈ ਨਾ?"

0

ਹੁਣ ਮੈਂ ਰਾਹਤ ਮਹਿਸੂਸ ਕੀਤੀ ਤੇ ਮੈਨੂੰ ਇਸ ਗੱਲ ਦਾ ਪੱਕ ਹੋ ਗਿਆ ਕਿ ਰਣਜੀਤਾਂ ਨੇ ਮੈਨੂੰ 'ਤੁਹਾਨੂੰ ਸਾਰਿਆਂ ਬੰਦਿਆਂ ਨੂੰ' 'ਚ ਸ਼ਾਮਿਲ ਨਹੀਂ ਕੀਤਾ। ਉਸ ਇਕ ਵਾਰ ਵੀ ਨਾ ਤਾਂ ਜ਼ਾਹਿਰ ਕੀਤਾ ਤੇ ਨਾ ਹੀ ਇਸ ਪ੍ਰਤੀ ਆਪਣਾ ਗੁੱਸਾ ਦਿਖਾਇਆ। ਉਸ ਦੀ ਬੋਲ-ਚਾਲ ਤੋਂ ਤਾਂ ਐਦਾਂ ਲੱਗਦਾ ਸੀ ਕਿ ਜਿੱਦਾਂ ਕੋਈ ਗੱਲ ਹੋਈ ਹੀ ਨਾ ਹੋਵੇ। ਗੁਰਬਖਸ਼ ਨੇ ਫਾਈਲ ਵਿਚਲੇ ਫਾਰਮਾਂ ਨੂੰ ਅੱਗੇ ਪਿੱਛੇ ਲਾਇਆ ਹੋਇਆ ਸੀ। ਮੈਂ ਇਨ੍ਹਾਂ ਨੂੰ ਤਰਤੀਬ ਸਿਰ ਕੀਤਾ। ਇੱਕ ਵਾਰ ਫੇਰ ਤੋਂ ਪ੍ਰੀਤਮ ਕੌਰ ਦੀ ਥਾਂ 'ਤੇ ਰਣਜੀਤਾਂ ਆਣ ਖੜ੍ਹੀ।

ਇੱਕੀ ਸਾਲਾਂ ਦੀ ਉਮਰ 'ਚ ਹੀ ਵਿਧਵਾ। ਅੱਗੇ ਪਹਾੜ ਜਿੱਡੀ ਲੰਬੀ ਉਮਰ। ਦੇਹ ਦੀਆਂ ਲੋੜਾਂ। ਮੈਂ ਕਈ ਦਿਨਾਂ ਦਾ ਇਸ ਬਾਰੇ ਉਸ ਕੋਲੋਂ ਪੁੱਛਣਾ ਚਾਹੁੰਦਾ ਸੀ ਪਰ ਮੇਰੇ ਕੋਲੋਂ ਸ਼ਿਸ਼ਟਾਚਾਰ ਦੀ ਹੱਦ ਨਹੀਂ ਸੀ ਟੱਪੀ ਜਾਂਦੀ। ਮੈਂ ਅਕਸਰ ਦੇਖਿਆ ਕਿ ਉਹ ਖੁੱਲ੍ਹੀਆਂ ਗੱਲਾਂ ਕਰਦੀ। ਲੁੱਚੀਆਂ ਗੱਲਾਂ 'ਚ ਵੀ ਸ਼ਰੀਕ ਹੁੰਦੀ। ਕੋਈ ਨੇੜੇ ਨੂੰ ਹੁੰਦਾ ਤਾਂ ਉਹਦੀ ਆਵਾਜ਼ ਸਖ਼ਤ ਹੋ ਜਾਂਦੀ, "ਤੈਥੋਂ ਪਰ੍ਹਾਂ ਨ੍ਹੀਂ ਹੋ ਕੇ ਖੜੋਇਆ ਜਾਂਦਾ। ਪਤਾ ਨ੍ਹੀਂ ਕਿਉਂ ਅਕਲ ਤਾਂ ਨੇੜੇ ਨ੍ਹੀਂ ਆਈ ਦਿੱਸਦੀ।"

ਉਹਨੂੰ ਬਾਬੂਆਂ ਤੇ ਪੀਅਨਾਂ ਦੀ ਢਾਹਣੀ ਘੇਰ ਕੇ ਖੜ੍ਹ ਜਾਂਦੀ। ਪੰਦਰ੍ਹਾਂ ਬੰਦਿਆਂ 'ਚ ਇਕੱਲੀ ਔਰਤ। ਉਹ ਗੱਲਾਂ-ਗੱਲਾਂ ਵਿਚ ਸਾਰਿਆਂ ਦੀ ਤਸੱਲੀ ਕਰਾ ਦਿੰਦੀ। ਵਾਰ-ਵਾਰ ਹੱਥ 'ਤੇ ਹੱਥ ਮਾਰ ਕੇ ਖਿੜਖਿੜਾ ਕੇ ਹੱਸਦੀ। ਉਸਦੇ ਹੱਸਣ 'ਤੇ ਜੇ ਕੋਈ ਔਖੀ ਹੁੰਦੀ ਤਾਂ ਉਹ ਕਹਿੰਦੀ, "ਜੇ ਮੈਂ ਹੱਸਾਂ-ਖੇਡਾਂ ਨਾ ਤਾਂ ਬੀਮਾਰ ਪੈ ਜਾਵਾਂ।"

ਮੈਂ ਕਿਸੇ ਅਜਿਹੇ ਮੌਕੇ ਦੀ ਭਾਲ 'ਚ ਸੀ ਜਦੋਂ ਮੈਂ ਉਸ ਦੇ ਘਰ ਵਾਲੇ ਬਾਰੇ ਪੁੱਛਾਂ। ਉਹ ਦੁਨੀਆ ਜਹਾਨ ਦੀਆਂ ਗੱਲਾਂ ਕਰਦੀ ਪਰ ਆਪਣੇ ਘਰਵਾਲੇ ਬਾਰੇ ਖੁੱਲ੍ਹ ਕੇ ਨਾ ਬੋਲਦੀ।

ਅੱਜ ਇਹ ਮੌਕਾ ਮਿਲਿਆ ਸੀ।

ਮੈਂ ਉਸ ਤੋਂ ਪੁੱਛਿਆ, "ਮੈਡਮ, ਤੂੰ ਕਦੇ ਸਾਡੇ ਭਾਈ ਸਾਹਿਬ ਬਾਰੇ ਦੱਸਿਆ ਹੀ ਨ੍ਹੀਂ।" ਅੱਗੋਂ ਉਸ ਮੈਨੂੰ ਹੀ ਸੁਆਲ ਕਰ ਦਿੱਤਾ, "ਆਹ ਲੰਡੀ-ਬੁੱਚੀ, ਤੁਹਾਨੂੰ ਦੀਨ-ਦੁਨੀਆ ਦੀ ਹੋਈ-ਬੀਤੀ ਸੁਣਾ ਜਾਂਦੀ ਆ-ਉਨ੍ਹਾਂ ਬਾਰੇ ਨ੍ਹੀਂ ਕਦੇ ਦੱਸਿਆ ?" ਮੈਨੂੰ ਜੁਆਬ ਦੇਣਾ ਪਿਆ, "ਉਹ ਮੈਥੋਂ ਡਰਦੇ ਆ। ਤੇਰੇ ਬਾਰੇ ਘੱਟ-ਵੱਧ ਗੱਲ ਕਰਦੇ। ਉਹ ਤਾਂ ਤੈਨੂੰ ਮੇਰਾ ਜਾਸੂਸ ਸਮਝਦੇ ਆ।" ਉਹ ਹੱਥ 'ਤੇ ਹੱਥ ਮਾਰ ਕੇ ਹੱਸੀ। ਹੱਸਦੀ ਰਹੀ। "ਇਹ ਗੱਲ ਤਾਂ ਤੁਹਾਡੀ ਠੀਕ ਆ। ਕਈ ਤਾਂ ਮੇਰੇ ਕੋਲ ਸਿਫਾਰਸ਼ਾਂ ਕਰਦੇ ਆ। ਮੈਂ ਕੰਨਲਘੇਸੀ ਮਾਰ ਜਾਂਦੀ ਆਂ। ਹੁਣ ਤੁਹਾਨੂੰ ਆਪਣੇ ਸਿਰ ਦੇ ਸਾਈਂ ਬਾਰੇ ਦੱਸਾਂ। ਇਕ ਪੁਰਾਣੀ ਕਹਾਣੀ ਯਾਦ ਆ ਗਈ। ਕਿਸੇ ਰਾਜੇ ਦੀ ਰਾਜਕੁਮਾਰੀ ਦੇ ਵਿਆਹ ਲਈ ਕਈ ਰਿਸ਼ਤੇ ਆਏ। ਆਖਿਰ ਰਾਜੇ ਨੇ ਦਸ ਜਣਿਆਂ ਨੂੰ ਚੁਣਿਆ ਤੇ ਉਨ੍ਹਾਂ ਨੂੰ ਰਾਜਕੁਮਾਰੀ ਅੱਗੇ ਪੇਸ਼ ਕਰ ਦਿੱਤਾ। ਕਿਹਾ, 'ਧੀਏ, ਜਿਹੜਾ ਤੈਨੂੰ ਚੰਗਾ ਲੱਗਾ, ਮੈਂ ਉਸੇ ਨਾਲ ਤੇਰਾ ਵਿਆਹ ਕਰ ਦਊਂਗਾ। ਹੁਣ ਤੂੰ ਜਿਹਨੂੰ ਮਰਜੀ ਆ-ਚੁਣ ਲੈ।' ਇਕ ਪਹਿਲਵਾਨ ਸੀ। ਦੂਜਾ ਅੱਤ ਦਾ ਸੁਨੱਖਾ। ਤੀਜਾ ਕਵੀ। ਚੌਥਾ ਮਜਾਕੀਆ। ਪੰਜਵਾਂ ਗੱਲਾਂ ਕਰਨ ਦਾ ਸ਼ੌਕੀਨ। ਛੇਵਾਂ ਫਿਲਾਸਫਰ। ਸੱਤਵਾਂ ਗੌਣ ਵਜਾਉਣ ਵਾਲਾ। ਅੱਠਵਾਂ ਗੱਪੀ। ਨੌਵਾਂ ਮੰਤਰੀ ਜਿਹਾ। ਦੱਸਵਾਂ ਆਕੜ ਕੇ ਖੜ੍ਹਾ ਸੀ। ਉਸ ਉਹਦੀਆਂ ਅੱਖਾਂ 'ਚ ਅੱਖਾਂ ਪਾ ਕੇ ਦੇਖਿਆ। ਉਹਨੂੰ ਉਹ ਸੰਪੂਰਨ ਮਰਦ ਲੱਗਾ.....ਠੀਕ ਐਦਾਂ ਦਾ ਸੀ ਮੇਰਾ ਸਾਬ੍ਹ। ਮੈਂ ਉਹਨੂੰ ਸਾਬ੍ਹ ਕਹਿ ਕੇ ਬੁਲਾਉਂਦੀ।ਉਸ ਇਕੋ ਵਾਰ ਮੈਨੂੰ ਸਮਝਾਇਆ ਸੀ ਕਿ ਉਹ ਡਰਾਈਵਰ ਹੈ। ਜੇ ਕਿਤੇ ਉਸ ਨਾਲ ਹਬੀ-ਨਬੀ ਹੋ ਗਈ ਤਾਂ ਪਿੱਛੋਂ ਮੈਂ ਮਰਦ ਬਣ ਕੇ ਜੀਵਾਂ। ਜੇ ਕਿਤੇ ਮੈਂ ਡੋਲਾਂ ਤਾਂ ਮੈਂ ਉਹਨੂੰ ਯਾਦ ਕਰ ਲਵਾਂ। ਸੱਚ ਜਾਣੇਓਂ ਉਹਦੀ ਇਸੇ ਗੱਲ ਨੇ ਮੈਨੂੰ ਕਦੇ ਡੋਲ੍ਹਣ ਨ੍ਹੀਂ ਦਿੱਤਾ।" ਮੈਂ ਤੇ ਉਹ ਕੁਝ ਪਲ ਚੁੱਪ ਰਹੇ। ਅਗਲੀ ਗੱਲ ਪੁੱਛਣ ਲਈ ਮੈਨੂੰ ਸਬਰ ਕਰਨਾ ਪਿਆ। ਮੈਂ ਕੁਝ ਪਲ ਉਸ ਨੂੰ ਸੋਗੀ ਮਾਹੌਲ 'ਚੋਂ ਨਿਕਲਣ ਲਈ ਦਿੱਤੇ। ਹਲਕੀਆਂ-ਫੁਲਕੀਆਂ ਗੱਲਾਂ ਕੀਤੀਆਂ। ਉਹ ਪਹਿਲਾਂ ਵਾਂਗੂ ਨਾਰਮਲ ਹੋ ਗਈ ਤਾਂ ਮੈਂ ਉਹਨੂੰ ਪੁੱਛ ਲਿਆ, "ਤੂੰ ਇਕੱਲੀ ਰਹਿੰਨੀ, ਤੈਨੂੰ ਕਦੇ ਇਕੱਲਤਾ ਔਖੀ ਨ੍ਹੀਂ ਕਰਦੀ?"

"ਕਾਹਦੀ ਇਕੱਲਤਾ। ਘਰੇ ਟੀ. ਵੀ. ਆ। ਦੋ ਘੰਟੇ ਦੇਖਦੀ ਆਂ। ਆਪਣੇ ਮਨਪਸੰਦ ਦਾ ਬਣਾਉਂਦੀ ਂ। ਜੇ ਧੀਆਂ ਕੋਲ ਚਲੇ ਜਾਵਾਂ ਤਾਂ ਮੇਰੀ ਆਜ਼ਾਦੀ ਖੁਸ ਜਾਣੀ। ਜਿੰਨਾ ਚਿਰ ਮੇਰੇ ਹੱਡ ਪੈਰ ਚਲਦੇ ਆ-ਮੈਂ ਆਪਣਾ ਘਰ ਨ੍ਹੀਂ ਛੱਡਣਾ।"

"ਸਿਆਣੇ ਕਹਿੰਦੇ ਕਿ ਇਕੱਲਾ ਤਾਂ ਰੁੱਖ ਵੀ ਨ੍ਹੀਂ ਹੋਣਾ ਚਾਹੀਦਾ?"

"ਸਰਦਾਰ ਜੀ, ਮੇਰਾ ਮਨ ਮੇਰੇ ਘਰ 'ਚ ਹੀ ਲੱਗਦਾ। ਉੱਥੋਂ ਦੌੜ ਕੇ ਕਿੱਥੇ ਜਾਵਾਂ ? ਮੈਂ ਤਾਂ ਉਦੋਂ ਵੀ ਨ੍ਹੀਂ ਡਰੀ ਸੀ ਜਦੋਂ ਡਰਨ ਵਾਲੀ ਉਮਰ ਸੀ।"

"ਪਰ ਦੇਹ...."

ਉਹਨੇ ਇਕਦਮ ਮੇਰੀ ਗੱਲ ਨੂੰ ਸਮਝ ਲਿਆ ਸੀ। ਬਿਨਾਂ ਕਿਸੇ ਲੰਮੀ ਸੋਚ-ਵਿਚਾਰ ਦੇ ਉਸ

ਜੁਆਬ ਦਿੱਤਾ, "ਦੇਹ ਦੀਆਂ ਵੀ ਆਪਣੀਆਂ ਲੋੜਾਂ ਹੁੰਦੀਆਂ। ਪਹਿਲਾਂ-ਪਹਿਲਾਂ ਇਨ੍ਹਾਂ ਮੈ ਬਹੁਤ ਔਖਾ ਕੀਤਾ। ਮੇਰਾ ਸਿਰ ਫਟਣ 'ਤੇ ਜਾਂਦਾ। ਅੱਖਾਂ 'ਚੋਂ ਸੇਕ ਨਿਕਲਦਾ। ਰਾਤ ਮੁਕਣ ਨਾ ਆਉਂਦੀ। ਪਾਸੇ ਮਾਰ-ਮਾਰ ਕੇ ਥੱਕ ਜਾਂਦੀ। ਘਬਰਾਹਟ ਜਿਹੀ ਹੁੰਦੀ। ਘਰ ਦਾ ਕੋਈ ਕੋਈ ਕੰਮ ਕਰਨ ਲੱਗ ਜਾਂਦੀ। ਮੇਰੇ ਲਈ ਤਾਂ ਸਮਾਂ ਖੜ੍ਹਾ ਸੀ। ਸਭ ਕਾਸੇ ਤੋਂ ਅੱਕ ਕੇ ਪ੍ਰਭੂ ਦਾ ਸਿਮਰਦੀ। ਪਰ ਇਕਾਗਰਤਾ ਨਾ ਬਣਦੀ। ਧਿਆਨ ਭਟਕਦਾ। ਮਨ ਉਖੜਦਾ। ਮੇਰੇ ਸਿਰ ਸਾਈਂ ਯਾਦ ਆਉਂਦੇ।ਆਈ ਜਾਂਦੇ। ਸਰੀਰ 'ਚੋਂ ਚੰਗਿਆੜੇ ਨਿਕਲਦੇ। ਫੇਰ ਮੈਂ ਨੀਂਦ ਵਾਲੀਆ ਗੋਲੀਆਂ ਖਾਣ ਲੱਗੀ। ਛੇਤੀ ਹੀ ਇਹ ਵੀ ਬੇਅਸਰ ਹੋ ਗਈਆਂ। ਪਾਣੀ ਦਾ ਟਬ ਭਰ ਵਿਚਕਾਰ ਅੱਧਾ-ਅੱਧਾ ਘੰਟਾ ਬੈਠੀ ਰਹਿੰਦੀ। ਨਨਾਣ ਦੇ ਜ਼ੋਰ ਦੇਣ 'ਤੇ ਮੈਂ ਡਾਕਟਰਾਂ ਕੋਲ ਗਈ ਉਨ੍ਹਾਂ ਮੈਨੂੰ ਤਰ੍ਹਾਂ-ਤਰ੍ਹਾਂ ਦੀਆਂ ਦਵਾਈਆਂ ਲਿਖ ਦਿੱਤੀਆਂ। ਇਕ ਕਹਾਵਤ ਹੈ ਨਾ। ਰੰਡੀ ਰੰਡੇਪਾ ਕੱਟ ਲਊ ਪਰ ਮੁਸਟੰਡੇ ਨ੍ਹੀਂ ਕੱਟਣ ਦਿੰਦੇ। ਇਕ ਵਾਰ ਮੈਂ ਆਪਣੀ ਮਾਸੀ-ਸੱਸ ਦੀ ਕੁ ਦੇ ਵਿਆਹ 'ਤੇ ਗਈ। ਮਾਸੜ ਦੇ ਭਤੀਜੇ ਨੇ ਮੇਰਾ ਕੁਲਾਵਾ ਭਰ ਲਿਆ। ਮੈਂ ਉਹਦੇ ਮੂੰਹ 'ਤੇ ਵ ਕੇ ਚਪੇੜ ਮਾਰੀ। ਮਾਸੀ-ਸੱਸ ਨੂੰ ਦੱਸਿਆ ਤਾਂ ਉਹ ਬੋਲੀ, 'ਧੀਏ ਇਸ ਗੱਲ ਨੂੰ ਇੱਥੇ ਹੀ ਰਹਿ ਦੇ। ਮੇਰੀ ਧੀ ਦਾ ਵਿਆਹ ਆ। ਹੋਰ ਨਾ ਕਿਤੇ ਬੇਸੁਆਦੀ ਹੋਵੇ।' ਐਦਾਂ ਦਾ ਮੇਰੇ ਨਾਲ ਕਈ ਵਾ ਹੋਇਆ। ਮੈਂ ਕਿਸੇ ਲੰਡੀ-ਬੁੱਚੀ ਦੀ ਕਦੇ ਪ੍ਰਵਾਹ ਨ੍ਹੀਂ ਕੀਤੀ। ਦਫ਼ਤਰ ਦੇ ਕਿਸੇ ਬਾਬੂ ਦੀ ਹਿੰਮ ਨ੍ਹੀਂ ਪੈਂਦੀ ਕਿ ਮੇਰੇ ਨਾਲ ਅੱਖਾਂ 'ਚ ਅੱਖਾਂ ਪਾ ਕੇ ਗੱਲ ਕਰ ਜਾਵੇ। ਮੇਰਾ ਨਾਂ ਰਣਜੀਤਾਂ ਆ ਰਣਜੀਤਾਂ......ਰਾਜਪੂਤਾਂ ਦੀ ਧੀ।"

0

ਮੇਰੇ ਮੇਜ਼ 'ਤੇ ਅਜੇ ਵੀ ਦਸ-ਬਾਰ੍ਹਾਂ ਫਾਈਲਾਂ ਪਈਆਂ ਸਨ। ਮੇਰਾ ਆਪਣਾ ਅਸੂਲ ਸੀ ਕਿ ਅੱਜ ਦਾ ਕੰਮ ਕੱਲ੍ਹ ਲਈ ਨਹੀਂ ਛੱਡਣਾ। ਪੌਣੇ ਪੰਜ ਵਜ ਗਏ ਸਨ। ਰਣਜੀਤਾਂ ਨੇ ਕੱਢੀਆ ਹੋਈਆਂ ਫਾਈਲਾਂ ਅਲਮਾਰੀ 'ਚ ਰੱਖ ਦਿੱਤੀਆਂ। ਜਾਂਦੀ ਹੋਈ ਨੇ ਮੈਨੂੰ ਨਮਸਕਾਰ ਆਖੀ। ਮੈ ਮੁੜ ਆਪਣੇ ਕੰਮ 'ਚ ਰੁਝ ਗਿਆ। ਦਸ ਕੁ ਮਿੰਟਾਂ ਬਾਅਦ ਉਹ ਮੁੜ ਆਈ ਤੇ ਬਿਲਕੁਲ ਮੇਰੇ ਸਾਹਮਣੇ ਖੜ੍ਹ ਕੇ ਬੋਲੀ, "ਮੈਂ ਥ੍ਰੀਵੀਲ੍ਹਰ 'ਚ ਬੈਠਣ ਲੱਗੀ ਹੀ ਸੀ ਕਿ ਮੈਨੂੰ ਚੇਤੇ ਆਇਆ ਗਿ ਕਰਨ ਵਾਲੀ ਗੱਲ ਤਾਂ ਰਹਿ ਹੀ ਚੱਲੀ ਸੀ। ਮੈਂ ਥ੍ਰੀਵੀਲ੍ਹਰ ਤੋਂ ਉਤਰ ਆਈ। ਤੁਸੀਂ ਅੱਜ ਮੈਥੋਂ ਜੋ ਪੁੱਛਿਆ-ਮੈਂ ਆਪਣੇ ਵੱਲੋਂ ਈਮਾਨਦਾਰੀ ਨਾਲ ਜੁਆਬ ਦਿੱਤਾ। ਮੈਂ ਤਾਂ ਤੁਹਾਥੋਂ ਇਹੀ ਪੁੱਛਿਆ ਸੀ ਨਾ ਕਿ ਤੁਹਾਨੂੰ ਸਾਰਿਆਂ ਬੰਦਿਆਂ ਨੂੰ ਮੇਰਾ ਇਕੋ ਪਾਸਾ ਕਿਉਂ ਦਿੱਸਦਾ ਆ? ਪਰ ਤੁਹਾਡੇ ਕੋਲੋਂ ਮੇਰੀ ਇਸ ਗੱਲ ਦਾ ਜੁਆਬ ਨ੍ਹੀਂ ਦੇ ਹੋਇਆ...ਸਰਦਾਰ ਜੀ, ਤੁਹਾਨੂੰ ਸਾਰਿਆਂ ਨੂੰ ਤਾਂ ਰਣਜੀਤਾਂ ਦਾ ਇੱਕੋ ਪਾਸਾ ਦਿੱਸਦਾ ਪਰ ਮੈਨੂੰ ਬਹੁਤ ਕੁਸ਼ ਹੋਰ ਦਿੱਸਦਾ। ਮੈਨੂੰ ਕਾਂਤਾ, ਪੀ. ਐਮ. ਏ. ਬ੍ਰਾਂਚ ਵਾਲੀ ਨੇ ਇੱਕ ਗੱਲ ਸੁਣਾਈ ਸੀ...ਪੂਰੀ ਤਾਂ ਯਾਦ ਨ੍ਹੀਂ.....ਜਦੋਂ ਮਹਾਤਮਾ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ ਤਾਂ ਘੁੰਮਦੇ-ਘੁਮਾਉਂਦੇ ਇਕ ਦਿਨ ਉਹ ਯਸ਼ੋਧਰਾ ਦੇ ਕੋਲ ਭਿਖਿਆ ਲੈਣ ਚਲੇ ਗਏ ਤੇ ਬੋਲੇ-'ਉਸ ਰਾਤ ਜਦੋਂ ਮੈਂ ਸਭ ਕੁਸ਼ ਤਿਆਗਣ ਦਾ ਫੈਸਲਾ ਕੀਤਾ ਤਾਂ ਤੂੰ ਸੁੱਤੀ ਪਈ ਸੀ। ਮੇਰੀ ਇੱਛਾ ਆ ਕਿ ਤੂੰ ਮੈਨੂੰ ਆਖਰੀ ਵਿਦਾਇਗੀ ਦੇ ਦੇ। ਮੈਨੂੰ ਤਿਆਗ ਦੇ।' ਯਸ਼ੋਧਰਾ ਨੇ ਨੀਵੀਂ ਪਾਈ ਹੋਈ ਸੀ। ਉਸ ਸਹਿਜੇ-ਸਹਿਜੇ ਕਿਹਾ, 'ਮੈਂ ਤਾਂ ਉਸੇ ਰਾਤ ਤੁਹਾਨੂੰ ਵਿਦਾਇਗੀ ਦੇ ਦਿੱਤੀ ਸੀ।'.....ਪਰ ਮੇਰੀ ਗੱਲ ਤਾਂ ਹੋਰ ਹੀ ਆ.... ਨਾ ਤਾਂ ਮੇਰੇ ਸਾਈਂ ਨੇ ਮੈਥੋਂ ਵਿਦਾਅ ਲਈ ਸੀ ਤੇ ਨਾ ਹੀ ਮੈਂ ਕਦੇ ਉਹਨੂੰ ਵਿਦਾਅ ਕੀਤਾ.....ਸਰਦਾਰ ਜੀ, ਸਮਝੇ ਮੇਰੀ ਗੱਲ ਨੂੰ....।" 000

(984 ਮਾਡਲ ਹਾਊਸ, ਜਲੰਧਰ)

ਜਦ ਲਾਲ ਪੱਗ ਰੁਲਦੀ ਵੇਖੀ: ਕਹਾਣੀ: ਗੁਰਚਰਨ ਸਿੰਘ ਸਹਿੰਸਰਾ

ਸੰਨ 40 ਦੀ ਮਈ ਦੇ ਵਿਚਕਾਰਲੇ ਦਿਨ ਸਨ। ਮੈਂ ਰੱਸ਼ਕਈ ਜਾਣ ਲਈ ਸਵੇਰੇ ਨੌਂ ਵਜੇ ਨੁਸ਼ਹਿਰੇ ਦੇ ਮੋਟਰ ਅੱਡੇ ਉੱਤੇ ਮਰਦਾਨ ਦੇ ਪਲੇਟਫਾਰਮ 'ਤੇ ਲੱਗੀ ਲਾਰੀ ਵਿਚ ਜਾ ਬੈਠਾ।

ਨੁਸ਼ਹਿਰੇ ਦਾ ਲਾਰੀ-ਅੱਡਾ ਉਦੋਂ ਤਕ ਵੇਖੇ ਸਾਰੇ ਲਾਰੀ ਅੱਡਿਆਂ ਨਾਲੋਂ ਚੰਗਾ, ਸੁਥਰਾ ਤੇ ਮੁਸਾਫ਼ਰਾਂ ਨੂੰ ਬੜੀਆਂ ਸਹੂਲਤਾਂ ਦਿੰਦਾ ਸੀ। ਇੱਥੇ ਰੇਲ ਦੇ ਵੱਡੇ ਸਟੇਸ਼ਨਾਂ ਵਾਂਗ ਜੁਦਾ ਜੁਦਾ ਬੰਨਿਆਂ ਨੂੰ ਜਾਣ ਵਾਲੀਆਂ ਲਾਰੀਆਂ ਲਈ ਪਲੇਟ ਫਾਰਮ ਬਣੇ ਹੋਏ ਸਨ ਤੇ ਇਨ੍ਹਾਂ ਪਲੇਟ ਫਾਰਮਾਂ ਦੇ ਉੱਤੇ ਦੀ ਇਕ ਵੱਡਾ ਸਾਰਾ ਟੀਨ ਦਾ ਪੱਕਾ ਢਾਰਾ ਛੱਤਿਆ ਹੋਇਆ ਸੀ। ਮੀਂਹ ਹੋਵੇ ਜਾਂ ਧੁੱਪ, ਮੁਸਾਫਰ ਆਰਾਮ ਨਾਲ ਲਾਰੀਆਂ ਵਿਚ ਚੜ੍ਹ ਉਤਰ ਸਕਦੇ ਸਨ।

ਲਾਰੀ ਪਿੱਛੋਂ ਪਸ਼ਾਉਰੋਂ ਆਈ ਸੀ। ਕੁਝ ਸਵਾਰੀਆਂ ਉਤਰੀਆਂ ਤੇ ਉਨ੍ਹਾਂ ਦੀ ਥਾਂ ਮੇਰੇ ਵਰਗੀਆਂ ਹੋਰ ਨਵੀਆਂ ਜਾ ਚੜ੍ਹੀਆਂ। ਲਾਰੀਆਂ ਵਿਚੋਂ ਉਦੋਂ, ਜੋ ਅਜੇ ਬੱਸਾਂ ਨਹੀਂ ਕਹਾਉਣ ਲੱਗੀਆਂ ਸਨ, ਸੀਟਾਂ ਦੇ ਮੂੰਹ ਅਗਾਂਹ ਡਰਾਈਵਰ ਦੀ ਸੀਟ ਵੱਲ ਨਹੀਂ ਸਨ, ਸਗੋਂ ਤਿੰਨ ਲੰਮੇ ਬੈਂਚ ਹੁੰਦੇ ਸਨ, ਦੋ ਤਾਂ ਪਾਸਿਆਂ 'ਤੇ ਬਾਹਰਲੇ ਬੰਨਿਆਂ ਨਾਲ ਤੇ ਇਕ ਵਿਚਾਲੇ। ਇਕ ਬੂਹਾ ਅਗਲੇ ਪਾਸੇ ਡਰਾਈਵਰ ਦੇ ਖੱਬੇ ਹੱਥ ਤੇ ਦੂਸਰਾ ਲਾਰੀ ਦੀ ਪਿੱਠ ਵਿਚ ਹੁੰਦਾ ਸੀ। ਵਿਚਕਾਰਲੇ ਬੈਂਚ ਵਾਲੀਆਂ ਸਵਾਰੀਆਂ ਦੀਆਂ ਲੱਤਾਂ, ਸੱਜੇ ਜਾਂ ਖੱਬੇ, ਜਿਸ ਬੰਨੇ ਬੈਂਚ ਦਾ ਮੂੰਹ ਹੋਵੇ, ਉਧਰ ਦੀਆਂ ਸਵਾਰੀਆਂ ਵੱਲ ਹੁੰਦੀਆਂ ਤੇ ਸਾਹਮਣੇ ਦੀਆਂ ਸਵਾਰੀਆਂ ਦੀਆਂ ਲੱਤਾਂ ਵਿਚ ਫ਼ਸਦੀਆਂ ਸਨ।

ਖੱਬੇ ਹੱਥ ਦੇ ਮੇਰੇ ਬੈਂਚ ਸਾਹਮਣੇ ਵਿਚਕਾਰਲੇ ਬੈਂਚ ਉੱਤੇ ਦੋ ਪੁਲਸੀ ਸਿਪਾਹੀਆਂ ਨੇ ਦੋ ਪੱਕੀ ਹੋਈ ਜਵਾਨੀ ਦੇ ਪਠਾਣ ਕੈਦੀ ਇਕ ਹੀ ਹੱਥਕੜੀ ਵਿਚ ਜਰੁਟ ਕਰਕੇ ਤੇ ਪੈਰਾਂ ਨੂੰ ਬੇੜੀਆਂ ਲਾ ਕੇ ਬਠਾਏ ਹੋਏ ਸਨ। ਉਨ੍ਹਾਂ ਦੇ ਖੱਬੇ ਪਾਸੇ ਬੈਠੇ ਸਿਪਾਹੀ ਨੇ ਹੱਥਕੜੀ ਦੀ ਸੰਗਲ਼ੀ ਆਪਣੀ ਪੇਟੀ ਵਿਚ ਪਰੋਤੀ ਹੋਈ ਸੀ। ਦੂਸਰਾ ਇਕ ਪਾਸੇ ਗਾਤਰੇ ਵਿਚ ਰਫ਼ਲ ਦੇ ਕਾਰਤੂਸਾਂ ਨਾਲ ਭਰੀਆਂ ਜੇਬਾਂ ਵਾਲੀ ਨਸਵਾਰੀ ਪੇਟੀ ਤੇ ਦੂਸਰੇ ਪਾਸੇ ਖਾਦੀ ਜ਼ੀਨ ਦੇ ਝੋਲੇ ਦਾ ਬੰਗਣਾ ਪਾਈ ਰਫ਼ਲ ਲੈ ਕੇ ਸੱਜੇ ਪਾਸੇ ਬੈਠਾ ਸੀ। ਦੋਹਾਂ ਦੀ ਵਰਦੀ ਬਹੁਤ ਚੁਸਤ ਸੀ ਤੇ ਕਾਲ਼ੇ ਰੰਗ ਦੇ ਬੂਟ ਪੇਟੀ ਬਹੁਤ ਲਿਸ਼ਕਾਏ ਹੋਏ ਸਨ। ਜਿਵੇਂ ਅੰਗਰੇਜ਼ੀ ਰਾਜ ਵਿਚ ਆਮ ਪੁਲਿਸ ਵਾਲੇ ਰੱਖਦੇ ਸਨ। ਦੋਵੇਂ ਸਿਪਾਹੀ ਉਠਦੀ ਜਵਾਨੀ ਦੇ ਗੱਭਰੂ ਸਨ।

ਦੋਵੇਂ ਕੈਦੀ ਪਠਾਣ ਬੜੇ ਹੱਟੇ ਕੱਟੇ ਸਨ। ਉਨ੍ਹਾਂ ਦੇ ਚਿਹਰਿਆਂ ਦੀ ਸੂਕਾ ਸ਼ਾਕੀ ਤੇ ਅੱਖਾਂ ਤੋਂ ਡਰ ਲਗਦਾ ਸੀ। ਉਨ੍ਹਾਂ ਤੋਂ ਡਰ ਡਰ ਨਿੱਕੇ ਬੱਚੇ ਆਪਣੇ ਮਾਪਿਆਂ ਨੂੰ ਚਿੰਬੜ ਚਿੰਬੜ ਉਨ੍ਹਾਂ ਦੇ ਕੰਨਾਂ ਵਿਚ ਹੌਲੀ ਹੌਲੀ ਚੋਰ ਚੋਰ ਆਖਦੇ ਸਨ। ਸਾਰੀਆਂ ਨਵੀਆਂ ਸਵਾਰੀਆਂ ਨੇ, ਵਿਚੇ ਹੀ ਮੈਂ, ਉਨ੍ਹਾਂ ਤੋਂ ਹਟ ਕੇ ਬੈਠਣ ਦਾ ਚਾਰਾ ਕੀਤਾ।

ਲਾਰੀ ਭਰ ਗਈ ਤੇ ਤੁਰ ਪਈ। ਜੇਠ ਮਹੀਨੇ ਦੀ ਧੁੱਪ ਵਾਹਵਾ ਚਮਕ ਆਈ ਸੀ।

ਮੇਰੇ ਸੱਜੇ ਪਾਸੇ ਨਾਲ ਹੀ ਬਿੱਲੀਆਂ ਅੱਖਾਂ ਵਾਲੇ ਦੋ ਕੈਦੀਆਂ ਦੇ ਹਾਣ ਦੇ ਦੋ ਹੋਰ ਪਠਾਣ ਬੈਠੇ ਸਨ। ਉਨ੍ਹਾਂ ਦੀ ਸ਼ਕਲ ਸੂਰਤ ਤੇ ਦਿੱਖ ਕੈਦੀਆਂ ਵਾਂਗ ਹੀ ਡਰਾਉਣੀ ਜਾਪਦੀ ਸੀ। ਉਹ ਲਾਰੀ ਦੇ ਅੱਡੇ 'ਤੇ ਖਲੋਤਿਆਂ ਤੇ ਤੁਰੇ ਜਾਂਦਿਆਂ ਵੀ ਆਪਸ ਵਿਚ ਘੁਸਰ ਮੁਸਰ ਕਰੀ ਗਏ। ਉਨ੍ਹਾਂ ਦੀ ਇਸ ਫੁਸ ਫੁਸ ਤੋਂ ਸਵਾਰੀਆਂ ਤੰਗ ਪੈ ਰਹੀਆਂ ਸਨ। ਵਿਚ ਵਿਚਾਲੇ ਉਨ੍ਹਾਂ ਦੀਆਂ ਅੱਖਾਂ ਕਿਤੇ

ਕਿਤੇ ਕੈਦੀਆਂ ਵੱਲ ਸਿੱਧੀਆਂ ਹੋ ਜਾਂਦੀਆਂ ਤਾਂ ਇਨ੍ਹਾਂ ਦੀ ਤੱਕ ਨਾਲ ਕੈਦੀਆਂ ਦੇ ਚਿਹਰਿਆਂ ’ਤੇ ਪ੍ਰਭਾਵਾਂ ਤੋਂ ਸ਼ੱਕ ਪੈਂਦਾ ਸੀ ਕਿ ਉਹ ਕੈਦੀਆਂ ਦੇ ਜ਼ਰੂਰ ਸਨੇਹੀ ਹੋਣਗੇ। ਇਸ ਤੋਂ ਇਲਾਵਾ ਉਨ੍ਹਾਂ ਵਿਚ ਹੋਰ ਕੋਈ ਲੱਛਣ ਨਹੀਂ ਦਿਸਿਆ ਜਿਸ ਤੋਂ ਉਨ੍ਹਾਂ ਦੀ ਵਾਕਫ਼ੀ ਪਰਗਟ ਹੁੰਦੀ ਹੋਵੇ।

ਸਿਪਾਹੀ ਵੀ ਸਰੀਰ ਦੇ ਤਕੜੇ ਨਰੋਏ ਗੱਭਰੂ ਸਨ ਤੇ ਉਹ ਆਪਣੇ ਕੈਦੀਆਂ ਨੂੰ ਸੰਭਾਲੀ ਬੜੇ ਬੇਫ਼ਿਕਰ ਬੈਠੇ ਸਨ। ਲਾਰੀ ਰੇਲ ਦੇ ਪੁਲ਼ ਤੋਂ ਕਾਬਲ ਦਰਿਆ ਪਾਰ ਕਰ ਗਈ ਤੇ ਅਕਾਲੀ ਫੂਲਾ ਸਿੰਘ ਸ਼ਹੀਦ ਵਾਲੀ ਪਹਾੜੀ ਦਾ ਢਿੱਡ ਚੀਰ ਕੇ ਲੰਘਾਈ ਗਈ ਸੜਕ ਉੱਤੋਂ ਦੀ ਘੂਕਦੀ ਰਸਾਲਪੁਰ ਜਾ ਖਲੋਤੀ। ਉੱਥੇ ਜਦ ਕੁਝ ਸਵਾਰੀਆਂ ਉਤਰੀਆਂ ਤੇ ਚੜ੍ਹੀਆਂ ਤਾਂ ਲਾਰੀ ਤੁਰ ਪਈ।

ਪਹਾੜੀ ਲੰਘਦਿਆਂ ਹੀ ਕਾਬਲ ਦਰਿਆ ਦੇ ਪਾਰਲਾ ਜੁਗਰਾਫੀਆ ਦਿਸ ਪਿਆ। ਚਾਰ ਚੁਫ਼ੇਰੇ ਦਿਸਹੱਦੇ ਉੱਤੇ ਪਹਾੜਾਂ ਦੀਆਂ ਲਤਰਾਂ ਤੇ ਲਤਰਾਂ ਚੜ੍ਹੀਆਂ ਦਿਸਦੀਆਂ ਸਨ ਜੋ ਘੱਟੇ ਮਿੱਟੀ ਦੀ ਚੜ੍ਹੀ ਹੋਈ ਧੁੰਦ ਵਿਚ ਬੜੀਆਂ ਨਿੰਗੀਆਂ ਨਜ਼ਰੀ ਆ ਰਹੀਆਂ ਸਨ। ਇਹ ਦਰਿਆ ਕਾਬਲ ਦਾ ਵਿਰਲ ਬਹੁਤ ਵੱਡਾ ਮੈਦਾਨੀ ਪੱਧਰ ਸੀ, ਜਿਸ ਵਿਚ ਨਹਿਰਾਂ ਤੇ ਖੂਹਾਂ ਤੋਂ ਸਿੰਜਾਈ ਹੁੰਦੀ ਸੀ। ਪਿੰਡਾਂ ਲਾਗੇ, ਖੂਹਾਂ ‘ਤੇ, ਸੜਕਾਂ ਤੇ ਸ਼ਹਿਰਾਂ ਦੇ ਕੰਢਿਆਂ ‘ਤੇ ਤਾਂ ਰੁੱਖ ਦਰਖ਼ਤ ਬਹੁਤ ਸਨ ਪਰ ਰਸ਼ਕਈ ਤਕ ਖੇਤਾਂ ਵਿਚ ਸ਼ਾਇਦ ਹੀ ਕੋਈ ਦਰਖ਼ਤ ਦਿਸਦਾ ਹੋਵੇ।

ਰਸਾਲਪੁਰੋਂ ਉਰੇ ਤੇ ਅਗਾਂਹ ਲੰਘ ਕੇ ਵੀ ਸੜਕ ਦੇ ਦੋਹੀਂ ਪਾਸੀਂ ਨਿਗਾਹ ਦੇ ਪਸਾਰ ਤਕ ਕਣਕਾਂ ਦੇ ਵੱਢ ਸੁੰਞੇ ਪਏ ਸਨ। ਸੱਜੇ ਹੱਥ ਤਾਂ ਦੂਰ ਹਟ ਕੇ ਰੁੱਖਾਂ ਦਰਖਤਾਂ ਦੀ ਹਰਿਆਉਲ ਝੌਲਾ ਮਾਰਦੀ ਸੀ, ਪਰ ਖੱਬੇ ਹੱਥ ਤਾਂ ਉਜਾੜ ਹੀ ਉਜਾੜ ਸੀ। ਕੋਈ ਪਿੰਡ ਨਜ਼ਰੇ ਨਹੀਂ ਸੀ ਚੜ੍ਹਦਾ। ਮਈ ਦੀਆਂ ਧੁੱਪਾਂ ਵੱਢਾਂ ਵਿਚੋਂ ਕਣਕ ਦੇ ਬੁਥਿਆਂ ਤੇ ਪੋਹਲੀ ਨੂੰ ਸੁਕਾ ਰਹੀਆਂ ਸਨ ਤੇ ਦਰਿਆਵਾਂ ਤੇ ਪਹਾੜਾਂ ਦੇ ਨੇੜ ਸਦਕਾ ਹਮੇਸ਼ਾ ਚਲਦੀ ਰਹਿੰਦੀ ਹਵਾ ਪੋਹਲੀ ਨੂੰ ਉਖਾੜ ਉਖਾੜ ਡੂੰਘੇ ਨਾਲਿਆਂ ਦੀਆਂ ਖੱਡਾਂ ਦੇ ਖੂੰਜੇ ਖਰਲਾਂ ਤੇ ਹੋਰ ਓਟ ਵਾਲੀਆਂ ਥਾਵਾਂ ਵਿਚ ਢੇਰ ਲਾਈ ਜਾਂਦੀ ਸੀ। ਧੁੱਪ ਦੇ ਤੇਜ਼ ਹੋਣ ਨਾਲ ਇਹ ਹਵਾ ਤੇਜ਼ ਹੋ ਜਾਂਦੀ ਤੇ ਮਿੱਟੀ ਘੱਟਾ ਤੇ ਕੱਖ ਕਾਣ ਉਡਾਉਣ ਲੱਗ ਪੈਂਦੀ।

0

ਹਵਾ ਵਾਹਵਾ ਤੇਜ਼ ਹੋ ਗਈ ਸੀ ਜੋ ਲਾਰੀ ਦੀਆਂ ਬਾਰੀਆਂ ਵਿਚੋਂ ਸ਼ੂਕਦੀ ਸਾਡੀਆਂ ਝੁੰਗੀਆਂ ਦੇ ਸ਼ਿੰਬਲੇ ਉਡਾ ਰਹੀ ਸੀ। ਲਾਰੀ ਜਦ ਰਸਾਲਪੁਰ ਲੰਘ ਤੁਰੀ ਤਾਂ ਇਕ ਕੈਦੀ ਮੂੰਹ ਨੂੰ ਵੱਟ ਚਾੜ੍ਹ ਤੇ ਨੱਕ ਵੱਟ ਬੈਠਿਆਂ ਬੈਠਿਆਂ ਉਸਲ ਵੱਟੇ ਭੰਨਣ ਲੱਗ ਪਿਆ ਤੇ ਉਹਨੇ ਢਿੱਡ ਘੁਟ ਘੁਟ ਪਸ਼ਤੋ ਵਿਚ ਹਾਲ ਪਾਹਰਿਆਂ ਸ਼ੁਰੂ ਕਰ ਦਿੱਤੀ, ਜਿਸ ਤੋਂ ਮੇਰੇ ਵਰਗੇ ਉਦੋਂ ਪਸ਼ਤੋ ਨਾ ਜਾਨਣ ਵਾਲੇ ਨੂੰ ਵੀ ਮਾਲੂਮ ਹੋ ਗਿਆ ਕਿ ਉਸ ਦੇ ਢਿੱਡ ਵਿਚ ਜ਼ਰੂਰ ਕੋਈ ਸੂਲ ਉੱਠਿਆ ਸੀ ਤੇ ਟੱਟੀ ਜਾਣ ਲਈ ਤਰਲੇ ਮਾਰ ਰਿਹਾ ਸੀ। ਉਹ ਭਾਵੇਂ ਕੈਦੀ ਸੀ, ਖਬਰੇ ਕਿੰਨਾ ਪਾਪੀ ਹੋਵੇਗਾ, ਪਰ ਮਨੁੱਖ ਤਾਂ ਸੀ। ਇਸ ਮਨੁੱਖੀ ਨਾਤੇ ਨੇ ਸਾਡੇ ਦਿਲਾਂ ਵਿਚ ਪੈਦਾ ਹੋਈ ਉਸ ਵੱਲ ਘਿਰਨਾ ਨੂੰ ਨਰਮਾ ਦਿੱਤਾ ਤੇ ਸਾਡੀਆਂ ਹਮਦਰਦੀਆਂ ਉਹਦੇ ਵੱਲ ਕਰ ਦਿੱਤੀਆਂ ਤੇ ਸਵਾਰੀਆਂ ਨੂੰ ਉਸ ’ਤੇ ਤਰਸ ਆਉਣ ਲੱਗ ਪਿਆ।

ਪਰ ਸਿਪਾਹੀ ਕੋਈ ਪਰਵਾਹ ਨਹੀਂ ਸੀ ਕਰ ਰਹੇ। ਉਨ੍ਹਾਂ ਵਿਚ ਅੰਗਰੇਜ਼ੀ ਸਾਮਰਾਜ ਵੱਲੋਂ ਗ਼ੁਲਾਮ ਲੋਕਾਂ ਦੀਆਂ ਲੋੜਾਂ ਵੱਲ ਵਰਤੀ ਜਾ ਰਹੀ ਬੇਪਰਵਾਹੀ, ਬੇਰੁਖੀ, ਬੇਰਹਿਮਤੀ ਤੇ ਬੇਕਿਰਕੀ ਕੁੱਟ ਕੁੱਟ ਕੇ ਭਰੀ ਹੋਈ ਜਾਪਦੀ ਸੀ। ਇਸ ਤਰ੍ਹਾਂ ਲਗਦਾ ਸੀ ਜਿਵੇਂ ਸਤਾਰਾਂ ਰੁਪਏ ਮਹੀਨੇ ਵਿਚ ਅੰਗਰੇਜ਼ੀ ਹਕੂਮਤ ਨੇ ਉਨ੍ਹਾਂ ਦੇ ਦਿਲਾਂ ਵਿਚੋਂ ਇਨਸਾਨੀ ਹਮਦਰਦੀ ਦਾ ਖਾਨਾ ਹੀ ਕੱਢ ਲਿਆ ਹੋਵੇ।

ਕੈਦੀ ਦੀ ਦੁਹਾਈ ਨੇ ਸਾਰੀਆਂ ਸਵਾਰੀਆਂ ਦੇ ਦਿਲਾਂ ਨੂੰ ਨਰਮਾ ਕੇ ਸਿਪਾਹੀਆਂ ਦੀ ਆਕੜ ਉੱਤੇ ਗੁੱਸਾ ਚੜ੍ਹਾ ਦਿੱਤਾ ਸੀ। ਸਵਾਰੀਆਂ ਕੈਦੀ ਵੱਲ ਰਹਿਮ ਦੀਆਂ ਤੇ ਸਿਪਾਹੀਆਂ ਨੂੰ ਕਹਿਰ ਦੀਆਂ ਨਜ਼ਰਾਂ ਨਾਲ ਵੇਖਣ ਲੱਗ ਪਈਆਂ। ਕਈ ਤਾਂ ਸਿਪਾਹੀਆਂ ਨੂੰ ਕੈਦੀ ਦੀ ਮੰਗ ਮੰਨ ਲੈਣ ਲਈ ਆਖਣ ਡਹਿ ਪਈਆਂ। ਪਰ ਸਿਪਾਹੀਆਂ ਦੇ ਖਾਨਿਆਂ ਵਿਚ ਕੈਦੀ ਦੀ ਤਰਲੋ ਮੱਛੀ ਨਹੀਂ

ਸੀ ਪੈ ਰਹੀ। ਉਹਨਾਂ ਨੂੰ ਬਰਤਾਨਵੀ ਹਾਕਮਾਂ ਵੱਲੋਂ ਅਜੇ ਇਹ ਦੱਸਿਆ ਹੀ ਨਹੀਂ ਸੀ ਗਿਆ ਕਿ ਚਲਦੀ ਲਾਰੀ ਵਿਚ ਅਜਿਹਾ ਮਾਮਲਾ ਪੇਸ਼ ਆ ਜਾਵੇ ਤਾਂ ਕੀ ਕੀਤਾ ਜਾਵੇ।

ਅਖੀਰ ਜਦ ਲਾਰੀ ਰਸਾਲਪੁਰ ਤੋਂ ਢਾਈ ਮੀਲ ਨਿਕਲ ਆਈ ਤਾਂ ਕੈਦੀ ਨੇ ਝੱਗਾ ਚੁੱਕ ਕੇ ਨਾਲੇ ਨੂੰ ਹੱਥ ਪਾਇਆ ਤੇ ਬੈਂਚੋਂ ਉਤਰ ਕੇ ਲਾਰੀ ਵਿਚ ਹੀ ਟੱਟੀ ਬੈਠ ਜਾਣ ਦਾ ਸਾਂਗ ਧਾਰਿਆ। ਇਹ ਵੇਖ ਕੇ ਸਵਾਰੀਆਂ ਵਿਚ ਹਫੜਾ ਦਫੜੀ ਮੱਚ ਗਈ ਤੇ ਉਹ ਸਿਪਾਹੀਆਂ ਉੱਤੇ ਬਹੁਤ ਔਖੀਆਂ ਹੋਣ ਲੱਗ ਪਈਆਂ। ਸਿਪਾਹੀਆਂ ਦੀ ਸਾਮਰਾਜੀ ਆਕੜ ਟੁੱਟੀ ਤੇ ਉਨ੍ਹਾਂ ਨੇ ਲਾਰੀ ਖੜ੍ਹੀ ਕਰਵਾ ਲਈ।

ਉਹ ਕੈਦੀਆਂ ਨੂੰ ਲੈ ਕੇ ਲਾਰੀ ਦੀ ਅਗਲੀ ਬਾਰੀ ਥਾਣੀਂ ਹੇਠਾਂ ਉਤਰ ਗਏ। ਐਨ ਉਸੇ ਵੇਲੇ ਮੇਰੇ ਕੋਲ਼ ਬੈਠੇ ਦਗਾ ਰੌੜਾ ਦਗਾ ਰੌੜਾ ਕਰਦੇ ਆ ਰਹੇ, ਯਾਨੀ ਪਸ਼ਤੋ ਬੋਲਦੇ ਆ ਰਹੇ ਦੋਵੇਂ ਪਠਾਣ ਵੀ ਪਿਛਲੀ ਬਾਰੀ ਉਤਰ ਕੇ ਕੈਦੀਆਂ ਕੋਲ਼ ਚਲੇ ਗਏ।

ਸਿਪਾਹੀ ਕੈਦੀਆਂ ਨੂੰ ਲੈ ਕੇ ਲਾਰੀ ਤੋਂ ਅਜੇ ਦੋ ਕਦਮ ਹੀ ਪਰੇ ਹਟੇ ਸਨ ਕਿ ਡਜ਼ ਦੀ ਆਵਾਜ਼ ਆਈ ਤੇ ਨਾਲ ਹੀ ਦੋਂਹ ਬੰਦਿਆਂ ਦੇ ਭੁੰਜੇ ਢਹਿ ਪੈਣ ਦਾ ਖੜਕਾ ਹੋਇਆ।

ਮੌਤ ਨਗਾਰੇ ਦੀ ਇਸ ਆਵਾਜ਼ ਤੋਂ ਡਰ ਕੇ ਸਭ ਸਵਾਰੀਆਂ ਆਪੋ ਆਪਣੀਆਂ ਥਾਈਂ ਦੜ ਵੱਟ ਗਈਆਂ ਤੇ ਕਿਸੇ ਦਾ ਬਾਹਰ ਨਿਕਲ ਕੇ ਵੇਖਣ ਦਾ ਹੌਸਲਾ ਨਾ ਪਿਆ। ਮਾਪਿਆਂ ਨੇ ਬੱਚੇ ਛਾਤੀਆਂ ਨਾਲ ਘੁੱਟ ਲਏ। ਸਵਾਰੀਆਂ ਅੰਦਰ ਬੈਠੀਆਂ ਹੀ ਵਾਪਰੀ ਨੂੰ ਜਾਨਣ ਦੀ ਕੋਸ਼ਿਸ਼ ਕਰਨ ਤਕ ਹੀ ਸੀਮਤ ਰਹਿ ਗਈਆਂ ਸਨ। ਮੈਂ ਧੌਣ ਭੰਵਾ ਕੇ ਆਪਣੀ ਸੀਟ ਤੋਂ ਹੀ ਬਿਨਾਂ ਸਿਰ ਬਾਹਰ ਕੱਢਿਆਂ ਕੁੱਕੜ ਵਾਂਗ ਬਾਹਰ ਝਾਕਿਆ ਤਾਂ ਦੋਵੇਂ ਕੈਦੀ ਸਿੱਧੇ ਪਏ ਸਨ। ਤੇ ਸਿਪਾਹੀ ਕਿਧਰੇ ਨਹੀਂ ਸਨ ਦਿਸਦੇ। ਮੇਰੇ ਪਾਸੋਂ ਹੀ ਉਠ ਕੇ ਜਾਣ ਵਾਲੇ ਜਵਾਨਾਂ ਵਿਚੋਂ ਇਕ ਦੇ ਹੱਥ ਵਿਚ ਮਾੜਾ ਮਾੜਾ ਧੂੰਆਂ ਛੱਡ ਰਿਹਾ ਪਿਸਤੌਲ ਫੜਿਆ ਹੋਇਆ ਸੀ ਤੇ ਦੂਸਰਾ ਇਸ ਤਰ੍ਹਾਂ ਨਿੰਵਿਆਂ ਹੋਇਆ ਸੀ ਜਿਵੇਂ ਭੋਏਂ ਤੋਂ ਕੋਈ ਚੀਜ਼ ਚੁੱਕ ਰਿਹਾ ਹੋਵੇ।

ਮੈਂ ਥੋੜ੍ਹਾ ਜਿਹਾ ਹੋਰ ਹੌਸਲਾ ਕੀਤਾ ਤੇ ਬਾਰੀ ਨਾਲ ਮੱਥਾ ਲਾ ਕੇ ਹੋਰ ਹੇਠਾਂ ਕਰ ਕੇ ਨਿਗਾਹ ਮਾਰੀ ਤਾਂ ਇਕ ਸਿਪਾਹੀ ਜ਼ਮੀਨ ’ਤੇ ਡਿੱਗਾ ਪਿਆ ਸੀ ਤੇ ਨਿੰਵਿਆਂ ਹੋਇਆ ਜਵਾਨ ਸੱਜੇ ਹੱਥ ਵਿਚ ਪਿਸਤੌਲ ਫੜੀ ਖੱਬੇ ਹੱਥ ਨਾਲ ਉਸ ਦੀ ਪੇਟੀ ਖੋਲ੍ਹ ਰਿਹਾ ਸੀ। ਰਫ਼ਲ ਵਾਲੇ ਸਿਪਾਹੀ ਦੀਆਂ ਲਾਰੀ ਹੇਠ ਵੜੇ ਜਾਂਦੇ ਦੀਆਂ ਮਸਾਂ ਲੱਤਾਂ ਹੀ ਦਿਸੀਆਂ। ਨਿੰਵਿਆਂ ਹੋਇਆ ਜਵਾਨ ਸਿਪਾਹੀ ਦੀ ਪੇਟੀ ਵਿਚੋਂ ਹੱਥਕੜੀ ਦੀ ਸੰਗਲੀ ਕੱਢ ਕੇ ਸਿੱਧਾ ਖੜ੍ਹਾ ਹੋ ਗਿਆ ਤਾਂ ਦੋਹਾਂ ਜਣਿਆਂ ਨੇ ਆਪਣੇ ਪਿਸਤੌਲਾਂ ਦੀਆਂ ਨਾਲੀਆਂ ਲਾਰੀ ਵੱਲ ਸਿੱਧੀਆਂ ਕਰ ਦਿੱਤੀਆਂ। ਉਸ ਬੰਨੇ ਦੀਆਂ ਸਾਰੀਆਂ ਸਵਾਰੀਆਂ ਨੇ ਨਿਉਂ ਕੇ ਲੱਤਾਂ ਉੱਤੇ ਸਿਰ ਰੱਖ ਲਏ। ਬਾਹਰੋਂ ਚੰਗੇ ਰੋਹ ਵਾਲੀ ਕੜਕਦੀ ਪਸ਼ਤੋ ਵਿਚ ਤਾੜਨਾ ਹੋਈ, ਜਿਸ ਨੂੰ ਪਸ਼ਤੋਆਂ ਨੇ ਤਾਂ ਸਮਝਣਾ ਸੀ, ਮੇਰੇ ਵਰਗੇ ਅਨਪੜ੍ਹ ਵੀ ਜਾਣ ਗਏ ਕਿ ਉਨ੍ਹਾਂ ਦੇ ਕੰਮ ਵਿਚ ਦਖ਼ਲ ਦੇਣ ਵਾਲਿਆਂ ਨੂੰ ਉਹ ਜਾਨੋਂ ਮਾਰ ਦੇਣਗੇ।

ਸਭ ਸਵਾਰੀਆਂ ਇਸ ਮੌਤ ਦੀ ਘੁਰਕੀ ਤੋਂ ਸਹਿਮ ਗਈਆਂ ਤੇ ਕੋਈ ਵੀ ਹਿੰਦ ਦਾ ਲਾਲ ਬਾਹਰ ਜਾਣ ਤੇ ਪਰਾਈ ਹਕੂਮਤ ਦੀ ਮੌਤੇ ਮਰਨ ਲਈ ਤਿਆਰ ਨਾ ਹੋਇਆ।

ਸਵਾਰੀਆਂ ਵੱਲੋਂ ਤਸੱਲੀ ਕਰ ਕੇ ਇਕ ਕੈਦੀ ਨੇ ਹੱਥਕੜੀ ਦੀ ਸੰਗਲੀ ਗਲ ਵਿਚ ਲਮਕਾ ਲਈ ਤੇ ਖਾਲੀ ਹੱਥ ਨਾਲ ਆਪਣੇ ਤੇ ਦੂਸਰੇ ਦੇ ਸਿਪਾਹੀ ਦੀ ਢੱਠੀ ਹੋਈ ਰਫ਼ਲ ਚੁੱਕ ਲਈ। ਅੱਗੇ ਅੱਗੇ ਕੈਦੀਆਂ ਦਾ ਜਰੁਟ ਬੇੜੀਆਂ ਛਣਕਾਉਂਦਾ ਤੇ ਪਿੱਛੇ ਪਿੱਛੇ ਪਿਸਤੌਲਾਂ ਵਾਲੇ ਪਠਾਣ ਲਹਿੰਦੇ ਬੰਨੇ ਕਣਕਾਂ ਦੇ ਵੱਢਾਂ ਵਿਚ ਸਿੱਧੇ ਹੋ ਤੁਰੇ। ਪਿਸਤੌਲਾਂ ਵਾਲੇ ਮੁੜ ਮੁੜ ਲਾਰੀ ਵੱਲ ਵੇਖਦੇ ਤੇ ਪਿਸਤੌਲਾਂ ਵਿਚੋਂ ਮੌਤ ਵਗਾਹ ਮਾਰਨ ਦਾ ਡਰ ਦਿੰਦੇ ਬੜੀ ਮੌਜ ਨਾਲ ਜਾ ਰਹੇ ਸਨ।

ਜਦ ਉਹ ਫਰਲਾਂਗ ਤੋਂ ਅਗਾਂਹ ਨਿਕਲ ਗਏ ਤਾਂ ਪਹਿਲਾਂ ਡਰਾਈਵਰ, ਫੇਰ ਕਲੀਨਰ ਤੇ ਉਨ੍ਹਾਂ

ਦੀ ਵੇਖਾ ਵੇਖੀ ਸਭ ਮਰਦ ਸਵਾਰੀਆਂ ਲਾਰੀ ਤੋਂ ਉਤਰ ਪਈਆਂ। ਸਾਨੂੰ ਉਤਰਿਆ ਵੇਖ ਕੇ ਲਾਰੀ ਹੇਠ ਵੜਿਆ ਸਿਪਾਹੀ ਵੀ ਬਾਹਰ ਨਿਕਲ ਆਇਆ। ਉਸ ਦਾ ਰੰਗ ਪੀਲ਼ਾ ਭੂਕ ਤੇ ਸਰੀਰ ਤਰੇਲੀਉ ਤਰੇਲੀ ਹੋਇਆ ਪਿਆ ਸੀ। ਉਸ ਨੇ ਬਾਹਰ ਆ ਕੇ ਆਪਣੀ ਬੁਜ਼ਦਿਲੀ ਦੇ ਨਿਸ਼ਾਨ ਮਿਟਾਉਣ ਲਈ ਕਾਰਤੂਸਾਂ ਦੀ ਗਾਤਰੇ ਪਾਈ ਪੇਟੀ ਤੇ ਝੋਲ਼ਾ ਸੂਤ ਕੀਤੇ, ਆਪਣੀ ਵਰਦੀ ਝਾੜੀ ਤੇ ਬੋਝੇ ਵਿਚੋਂ ਰੁਮਾਲ ਕੱਢ ਕੇ ਗੋਡਿਆਂ ਤੇ ਅਰਕਾਂ ਦੀ ਮਿੱਟੀ ਪੂੰਝੀ। ਉਸ ਦਾ ਝਾੜ ਪੂੰਝ ਦਾ ਇਹ ਕੰਮ, ਉਸ ਦੀ ਕੰਬਣੀ ਤੇ ਨਮੋਸ਼ੀ ਨੂੰ ਸਾਥੋਂ ਲੁਕਾ ਨਾ ਸਕਿਆ। ਤੇ ਅਸੀਂ ਸਾਰੇ ਉਸ ਦੀ ਬੁਜ਼ਦਿਲੀ ਉੱਤੇ ਨਰੋਲ ਸੂਰਮਗਤੀ ਦੇ ਪੱਖ ਤੋਂ ਘਿਰਨਾ ਕਰ ਰਹੇ ਸਾਂ।

ਚਿੱਤ ਪਏ ਹੋਏ ਸਿਪਾਹੀ ਦੀ ਸੱਜੀ ਪੁੜਪੁੜੀ ਤੋਂ ਗੋਲੀ ਨਾਲ ਹੋਈ ਮੋਰੀ ਵਿਚੋਂ ਬਿੱਲੀ ਦੀ ਪੂਛ ਵਰਗੀ ਲਹੂ ਦੀ ਧਾਰ ਵਗ ਵਗ ਉਸ ਦੀ ਗਿੱਚੀ ਹੇਠ ਛਪੜੀ ਲਾਈ ਜਾ ਰਹੀ ਸੀ, ਜਿਸ ਨਾਲ ਮੂਸਲ ਵਰਗੇ ਕੁੱਲੇ ਉੱਤੇ ਬੱਧੀ ਹੋਈ ਲਾਲ ਪਟਕੇ ਵਾਲੀ ਖਾਕੀ ਪਗੜੀ ਹੇਠੋਂ ਲਿਬੜਦੀ ਜਾਂਦੀ ਸੀ।

ਡਰਾਈਵਰ ਨੇ ਅਗਾਂਹ ਹੋ ਕੇ ਉਸ ਦੇ ਨੰਗੇ ਗੁੱਟ ਉੱਤੇ ਹੱਥ ਰੱਖਿਆ ਤੇ ਨਿਰਾਸਤਾ ਨਾਲ ਸਿਰ ਮਾਰ ਕੇ ਆਖਿਆ, "ਖਤਮ"!

ਮੁਸਲਮ ਸਵਾਰੀਆਂ ਦੇ ਹੱਥ ਅੱਡੇ ਗਏ ਤੇ ਉਹ ਉਸ ਦੀ ਰੂਹ ਦੀ ਸ਼ਾਂਤੀ ਤੇ ਉਸ ਦੇ ਗੁਨਾਹਾਂ ਦੀ ਬਖਸ਼ੀਸ਼ ਵਾਸਤੇ ਦੁਆ ਕਹਿਣ ਲੱਗ ਪਈਆਂ।

ਮੈਂ ਦੁਆ ਉਆ ਕੀ ਕਰਨੀ ਸੀ। ਮੈਂ ਤਾਂ ਸਿਆਸੀ ਕੰਘੀਆਂ ਮਾਰਨ ਲੱਗ ਪਿਆ।

ਜਿਸ ਗੋਲ਼ੀ ਦੀ ਦਬੱਲ ਵਰਤੋਂ ਨਾਲ ਅੰਗਰੇਜ਼ੀ ਸਾਮਰਾਜ ਸਾਡੀ ਆਜ਼ਾਦੀ ਨੂੰ ਖੋਹੀ ਤੇ ਦੱਬੀ ਬੈਠਾ ਸੀ, ਅੱਜ ਉਹ ਗੋਲ਼ੀ ਜਦ ਉਸ ਦੇ ਭਾੜੇ 'ਤੇ ਲਏ ਹੋਏ ਗੋਲ਼ੀਮਾਰ ਯਮਾਂ ਵੱਲ ਸਿੱਧੀ ਹੋਈ ਤਾਂ ਦੋਵੇਂ ਯਮ, ਸਾਨੂੰ ਦੱਬੀ ਤੇ ਡਰਾਈ ਰੱਖਣ ਵਾਲਾ ਗੋਲ਼ੀ ਗੱਟਾ ਕੋਲ ਹੁੰਦਿਆਂ ਸੁੰਦਿਆਂ, ਜ਼ਮੀਨ 'ਤੇ ਢੱਠੇ ਪਏ ਸਨ। ਇਕ ਗੋਲ਼ੀ ਦੀ ਮੌਤ ਦਾ ਮਾਰਿਆ ਤੇ ਦੂਸਰਾ ਗੋਲ਼ੀ ਦੇ ਡਰ ਦਾ ਮਾਰਿਆ।

ਉਹ ਚਾਰੇ ਜਣੇ ਅਜੇ ਨੇੜੇ ਹੀ ਜਾ ਰਹੇ ਸਨ, ਉਹਨਾਂ ਪਠਾਣਾਂ ਤਾਂ ਕੁਜਾ ਤੋਰ ਵੀ ਤਿੱਖੀ ਨਾ ਕੀਤੀ। ਮਾਲੂਮ ਹੁੰਦਾ ਸੀ ਕਿ ਉਹਨਾਂ ਦੀਆਂ ਖਾਖਾਂ ਵਿਚ ਅੰਗਰੇਜ਼ੀ ਰਾਜ ਦੀ ਵਿਕਰਾਲ ਹਥਿਆਰ ਸ਼ਕਤੀ ਦੇ ਸਿਰ 'ਤੇ ਆ ਕੜਕਣ ਦਾ ਉੱਕਾ ਹੀ ਡਰ ਨਹੀਂ ਸੀ।

ਅਸਾਂ ਅਜੇ ਲੋਕਾਂ ਨੂੰ ਚੰਗੀ ਤਰ੍ਹਾਂ ਵੇਖਿਆ ਵੀ ਨਹੀਂ ਸੀ ਤੇ ਸੁੱਖੀ ਸਾਂਦੀਂ ਬਚ ਰਹੇ ਸਿਪਾਹੀ ਦੀ ਅਜੇ ਬੁਜ਼ਦਿਲੀ ਤੇ ਨਮੋਸ਼ੀ ਹਜ਼ਾਰ ਜਤਨ ਕਰਨ 'ਤੇ ਵੀ ਨਹੀਂ ਸੀ ਲੁਕੀ ਕਿ ਮਰਦਾਨ ਵੱਲੋਂ ਇਕ ਕਾਰ ਆ ਗਈ ਜਿਸ ਨੂੰ ਸਿਪਾਹੀ ਨੇ ਹੱਥ ਖੜ੍ਹਾ ਕਰ ਕੇ ਰੋਕ ਲਿਆ। ਇਹ ਸਾਡੇ ਡਰਾਇਵਰ ਨੂੰ ਚਲੇ ਨਾ ਜਾਣ ਲਈ ਆਖ ਕੇ ਕਾਰ ਵਿਚ ਬੈਠ ਰਸਾਲਪੁਰ ਨੂੰ ਚਲਿਆ ਗਿਆ।

0

ਲਾਰੀ ਰੁਕੀ ਰਹੀ। ਸਵਾਰੀਆਂ ਤਿੰਨ ਤਿੰਨ ਚਹੁੰ-ਚਹੁੰ ਦੀਆਂ ਟੋਲੀਆਂ ਹੋ ਕੇ ਇਸ ਘਟਨਾ ਉੱਤੇ, ਇਸ ਦੇ ਭਿੰਨ ਭਿੰਨ ਪੱਖਾਂ ਉੱਤੇ, ਇਸ ਦੇ ਨਿਕਲਣ ਵਾਲੇ ਨਤੀਜੇ ਉੱਤੇ, ਨਿੰਦ ਵਿਚਾਰ ਕਰਨ ਲੱਗ ਪਈਆਂ। ਸਵਾਰੀਆਂ ਤਕਰੀਬਨ ਸਾਰੀਆਂ ਹੀ ਪਸ਼ਤੋ ਸਨ ਤੇ ਮੈਂ ਇਕੱਲਾ ਹਿਨਕੋ ਸਾਂ। ਇਸ ਲਈ ਮੈਂ ਇਕੱਲਾ ਹੀ ਅਟੰਕ ਖੜ੍ਹਾ ਸਾਂ। ਮੈਂ ਡਰ ਰਿਹਾ ਸਾਂ ਕਿ ਚੰਗੇ ਫਸੇ? ਪਤਾ ਨਹੀਂ ਕਦੋਂ ਛੁਟਕਾਰਾ ਹੋਵੇ? ਪੁਲਿਸ ਤਾਂ ਪੁੱਛ ਪੜਤਾਲ ਕੇ ਹੀ ਸਵਾਰੀਆਂ ਦੀ ਖਲਾਸੀ ਕਰੇਗੀ। ਮੈਨੂੰ ਬਹੁਤ ਕਾਹਲ਼ ਸੀ।

ਕਈਆਂ ਸਵਾਰੀਆਂ, ਖਾਸ ਕਰ ਜਨਾਨੀਆਂ ਨੂੰ ਉਸ ਮੁਰਦੇ 'ਤੇ ਸਿਪਾਹੀ ਕਰ ਕੇ ਨਹੀਂ, ਇਕ ਜਵਾਨ ਬੰਦਾ ਹੋਣ ਕਰ ਕੇ ਤੇ ਕਿਸੇ ਦਾ ਪੁੱਤਰ ਹੋਣ ਦੇ ਨਾਤੇ ਅਫ਼ਸੋਸ ਹੋ ਰਿਹਾ ਸੀ। ਪਰ ਮੈਨੂੰ ਉਸ ਸਿਪਾਹੀ ਦੀ ਮੌਤ ਉੱਤੇ ਚਿੜੀ ਦੇ ਮਰਨ ਜੋਗਾ ਵੀ ਹਿਰਖ ਨਹੀਂ ਸੀ ਤੇ ਲਾਰੀ ਹੇਠ ਵੜੇ ਹੋਏ

ਸਿਪਾਹੀ ਦੀ ਬੁਜ਼ਦਿਲੀ 'ਤੇ ਵੀ ਮੈਨੂੰ ਕੋਈ ਚਿੰਤਾ ਨਹੀਂ ਸੀ ਜਿਸ ਨੇ ਸਤਾਰਾਂ ਰੁਪਏ ਮਹੀਨੇ ਦੇ ਭਾੜੇ ਉੱਤੇ ਅੰਗਰੇਜ਼ ਨੂੰ ਦਿੱਤੀ ਹੋਈ ਆਪਣੀ ਜਾਨ ਬੜੀ ਹਿੰਮਤ ਨਾਲ ਭੰਗ ਦੇ ਭਾੜੇ ਜਾਣ ਤੋਂ ਬਚਾ ਲਈ ਸੀ!

ਮੈਨੂੰ ਸਮੇਂ ਦੀ ਹੋ ਰਹੀ ਇਸ ਖੇਹ ਖਰਾਬੀ ਵਿਚ ਵੀ ਉਹ ਜਣੇ ਬੜੇ ਚੰਗੇ ਤੇ ਸੂਰਮੇ ਜਾਪਣ ਲੱਗੇ ਜਿਨ੍ਹਾਂ ਨੇ ਅੰਗਰੇਜ਼ੀ ਸਾਮਰਾਜ ਦੇ ਪੁਲਸੀ ਜਬਾੜਿਆਂ ਵਿਚੋਂ ਆਪਣੇ ਨਾਲ ਦਿਆਂ ਨੂੰ ਛੁਡਾ ਲਿਆ ਸੀ। ਮੈਂ ਕੈਦੀਆਂ ਦੇ ਚਲਿੱਤਰ ਤੇ ਉਹਨਾਂ ਦੇ ਨਾਲ ਦਿਆਂ ਦੀ ਖੋਹਮਾਹੀ ਦੀ ਦਲੇਰੀ, ਹਿੰਮਤ ਤੇ ਸਫ਼ਲਤਾ ਉੱਤੇ ਮਨ ਵਿਚ ਅਸ਼ ਅਸ਼ ਕਰ ਰਿਹਾ ਸਾਂ।

ਸਵਾਰੀਆਂ ਦੀ ਆਪਸੀ ਦੰਦ ਕਥਾ ਤੇ ਮੇਰੇ ਸੋਚ ਨਿਰਨੇ ਅਜੇ ਖਤਮ ਨਹੀਂ ਸਨ ਹੋਏ ਕਿ ਰਸਾਲਪੁਰ ਵੱਲੋਂ ਦੀ ਲਾਲ ਧਾਰੀ ਵਾਲੀ ਗੂੜ੍ਹੇ ਨੀਲੇ ਰੰਗ ਦੀ ਆ ਰਹੀ ਸਟੇਸ਼ਨ ਵੈਗਨ ਦੀਆਂ ਬਰੇਕਾਂ ਚੀਕੀਆਂ, ਉਹ ਸਾਡੇ ਲਾਗੇ ਆ ਕੇ ਖਲੋ ਗਈ। ਉਸ ਵਿਚੋਂ ਮਦਾਰੀ ਦੇ ਪਾਟੇ ਖਾਂ ਦੀ ਫੁਰਤੀ ਨਾਲ ਉਹੋ ਸਿਪਾਹੀ ਤੇ ਮਿਲੀਸ਼ੀਏ ਦੀ ਵਰਦੀ ਵਾਲੇ, ਗੋਲ਼ੀ ਗੱਟੇ ਨਾਲ ਲੈਸ ਦਸ ਬਾਰਾਂ ਸਿਪਾਹੀ, ਇਕ ਹਵਾਲਦਾਰ ਤੇ ਇਕ ਥਾਣੇਦਾਰ ਉਤਰੇ, ਜਿਹਨਾਂ ਨੂੰ ਸਾਡੇ ਡਰਾਈਵਰ ਨੇ 'ਉਹਨਾਂ' ਵੱਲ ਉਂਗਲ ਕਰ ਕੇ ਦੱਸਿਆ ਕਿ "ਉਹ ਜਾਂਦੇ ਹਨ।"

ਉਹ ਅਜੇ ਵੀ ਦੂਰ ਵੱਢਾਂ ਵਿਚ ਜਾਂਦੇ ਮਾੜੇ ਮਾੜੇ ਦਿਸ ਰਹੇ ਸਨ। ਪੁਲਿਸ ਵਾਲਿਆਂ ਨੇ ਬਤਖਾਂ ਵਾਂਗ ਧੌਣਾਂ ਚੁੱਕ ਕੇ ਉਨ੍ਹਾਂ ਵੱਲ ਵੇਖਿਆ। ਥਾਣੇਦਾਰ ਤੇ ਹਵਾਲਦਾਰ ਨੇ ਅੱਖਾਂ ਉੱਤੇ ਸੱਜੇ ਹੱਥਾਂ ਦਾ ਬਰਾਂਡਾ ਬਣਾ ਕੇ ਉਹਨਾਂ ਨੂੰ ਚੰਗੇ ਧਿਆਨ ਨਾਲ ਜਾਚਿਆ। ਜਦ ਉਨ੍ਹਾਂ ਦੀ ਤਸੱਲੀ ਹੋ ਗਈ ਤਾਂ ਹਵਾਲਦਾਰ ਤੇ ਅੱਠਾਂ ਸਿਪਾਹੀਆਂ ਨੇ ਆਪਣੀਆਂ ਪੇਟੀਆਂ ਨਾਲੋਂ ਸੰਗੀਨਾਂ ਖਿੱਚੀਆਂ ਤੇ ਰਫ਼ਲਾਂ ਦੀਆਂ ਨਾਸਾਂ 'ਤੇ ਟੰਗ ਲਈਆਂ। ਫੇਰ ਉਹਨਾਂ ਸਣੇ ਰਫ਼ਲਾਂ ਆਪਣੀਆਂ ਸੱਜੀਆਂ ਬਾਹਾਂ ਉਤਾਂਹ ਉਲਾਰੀਆਂ ਤੇ 'ਯਾ ਅਲੀ' ਦਾ ਨਾਅਰਾ ਮਾਰ ਕੇ ਉਹਨਾਂ ਦੇ ਮਗਰ ਦੌੜ ਗਏ।

ਥਾਣੇਦਾਰ ਜਿਸ ਕਿਰਲੇ ਵਾਂਗ ਧੌਣ ਅਕੜਾਈ ਹੋਈ ਸੀ ਤੇ ਜਿਸ ਦੀ ਖਾਕੀ ਪੱਗ ਦਾ ਮਾਇਆ ਨਾਲ ਆਕੜਿਆ ਖੜ੍ਹਾ ਕਲਗੇ ਵਰਗਾ ਫਰਲਾ ਅੰਗਰੇਜ਼ੀ ਰਾਜ ਦੀ ਹੈਂਕੜ ਦਾ ਸੂਚਕ ਸੀ, ਨੇ ਬਾਕੀ ਰਹਿੰਦੇ ਸਿਪਾਹੀਆਂ ਨੂੰ ਨਾਲ ਲੈ ਕੇ ਤਫ਼ਤੀਸ਼ ਸ਼ੁਰੂ ਕਰ ਦਿੱਤੀ। ਉਸ ਨੇ ਗੱਡੀ ਵਿਚ ਪਏ ਆਪਣੇ ਬੈਗ ਵਿਚੋਂ ਕੁਝ ਕਾਗਜ਼ ਤੇ ਫੁਟਾਂ ਵਾਲਾ ਫੀਤਾ ਕੱਢਿਆ, ਮਰੇ ਸਿਪਾਹੀ ਦੀ ਲਾਸ਼ ਨੂੰ ਚੰਗੀ ਤਰ੍ਹਾਂ ਵੇਖਿਆ। ਉਸ ਦੇ ਜ਼ਖ਼ਮ ਦੀ ਥਾਂ ਅੱਖਾਂ ਅੱਖਾਂ ਵਿਚ ਹੀ ਨਾਪੀ। ਲੋਥ ਤੋਂ ਲਾਰੀ ਦੀ ਵਿੱਥ ਮਿਣੀ ਤੇ ਉਸ ਦੇ ਡਿੱਗੇ ਹੋਏ ਥਾਂ 'ਤੇ ਲਾਰੀ ਦੇ ਖਲੋਣ ਦਾ ਨਕਸ਼ਾ ਬਣਾਇਆ। ਨਕਸ਼ੇ ਉੱਤੇ ਨੱਠ ਗਏ ਹੋਇਆ ਦੇ ਉਤਰਨ ਤੇ ਖਲੋਣ ਵਾਲੀਆਂ ਥਾਵਾਂ ਦੇ ਨਿਸ਼ਾਨ ਲਾਏ ਤੇ ਤਫ਼ਤੀਸ਼ ਦੇ ਹੋਰ ਸਾਰੇ ਖੇਖਣ ਪੂਰੇ ਕੀਤੇ।

ਫੇਰ ਉਹ ਪੁੱਛ ਪੁਛਾਈ ਲਈ ਸਵਾਰੀਆਂ ਵੱਲ ਹੋਇਆ। ਮੈਨੂੰ ਖੁਸ਼ਪੋਸ਼ ਜਿਹਾ ਵੇਖ ਕੇ ਉਹ ਸਭ ਤੋਂ ਪਹਿਲਾਂ ਮੈਨੂੰ ਹੀ ਪੁੱਛਣ ਲੱਗਾ। ਮੈਂ ਨਿਰੋਲ ਛਾਛੀ ਉਚਾਰਨ ਦੀ ਪੰਜਾਬੀ ਬੋਲਦਿਆਂ ਹੋਇਆਂ ਆਪਣਾ ਥਾਂ ਪਤਾ ਸ਼ਾਮਸ਼ਾਬਾਦ ਜ਼ਿਲ੍ਹਾ ਅਟਕ ਦੱਸਿਆ ਜਿੱਥੇ ਮੇਰਾ ਸਿਆਸੀ ਕੰਮਾਂ ਲਈ ਆਮ ਜਾਣ ਆਉਣ ਤੇ ਰਹਿਣ ਬਹਿਣ ਸੀ, ਜਿੱਥੋਂ ਦੇ ਕਈ ਬੰਦੇ ਮੇਰੀ ਸ਼ਾਹਦੀ ਦੇਣ ਲਈ ਤਿਆਰ ਸਨ। ਪਰ ਇਸ ਖਲਜਗਣ ਵਿਚ ਗਏ ਹੋਏ ਮੇਰੇ ਭਾਗ ਇਸ ਕਰ ਕੇ ਸਾਫ ਬਚ ਨਿਕਲੇ ਕਿ ਮੈਂ ਪਸ਼ਤੋ ਨਹੀਂ ਜਾਣਦਾ ਸਾਂ। ਇਸ ਲਈ ਥਾਣੇਦਾਰ ਨੇ ਮੈਨੂੰ ਗਵਾਹਾਂ ਵਿਚ ਨਾ ਰੱਖਿਆ ਤੇ ਜਾਣ ਦੀ ਆਗਿਆ ਦੇ ਦਿੱਤੀ।

ਮੈਂ ਸ਼ੁਕਰ ਮਨਾਇਆ ਤੇ ਉੱਥੋਂ ਖਿਸਕਣ ਦੀ ਕੀਤੀ। ਮੈਂ ਬਾਕੀ ਸਾਰੀਆਂ ਸਵਾਰੀਆਂ ਨੂੰ ਉੱਥੇ ਅੜਿਆ ਛੱਡ ਕੇ ਪੈਦਲ ਹੀ ਰਸ਼ਕਈ ਨੂੰ ਤੁਰ ਪਿਆ ਜੋ ਉਥੋਂ ਢਾਈ ਮੀਲ ਹੀ ਬਾਕੀ ਰਹਿ ਗਈ ਸੀ। ਮਰਦਾਨ ਇਸ ਤੋਂ ਪੰਜ ਮੀਲ ਹੋਰ ਅਗਾਂਹ ਸੀ। ਮਰਦਾਨ ਦੇ ਜ਼ਿਲ੍ਹੇ ਦੇ ਬਾਗ

ਬਗੀਚਿਆਂ ਦੀ ਸਰਸਬਜ਼ੀ ਰਸ਼ਕਈ ਤੋਂ ਸ਼ੁਰੂ ਹੋ ਜਾਂਦੀ ਹੈ ਤੇ ਉੱਥੋਂ ਰਸ਼ਕਈ ਦੇ ਬਾਗਾਂ ਦੇ ਉਦਾ ਵਾੜ ਵਾਂਗ ਖੜ੍ਹੇ ਸਫ਼ੈਦੇ ਦੇ ਦਰਖ਼ਤਾਂ ਤੇ ਐਧਰ ਉਧਰ ਦੇ ਹੋਰ ਰੁੱਖਾਂ ਦੀ ਹਰੀ ਹਰੀ ਧਾਰ ਨਜ਼ਰ ਆਉਂਦੀ ਸੀ।

ਮੈਂ ਰਵਾਂ ਰਵੀਂ ਪੌਣੇ ਘੰਟੇ ਵਿਚ ਹੀ ਰਸ਼ਕਈ ਪਹੁੰਚ ਗਿਆ ਤੇ ਆਪਣੇ ਪਰਾਹੁਣੇ ਘਰ ਇਬਾਸ ਖ਼ਾਂ ਨੂੰ ਜਾ ਸਲਾਮ ਦੁਆ ਬੁਲਾਈ। ਖੈਰ ਸੁੱਖ ਪੁੱਛਣ ਪੁਛਾਉਣ ਤੋਂ ਬਾਅਦ ਉਸ ਨੇ ਗਲ਼ੀ ਤੋਂ ਪਰਲੇ ਪਾਰ ਦੇ ਘਰ ਵਿਚ ਕੰਧ ਦੇ ਉੱਤੋਂ ਦੀ ਚਾਹ ਲਿਆਉਣ ਲਈ ਆਵਾਜ਼ ਦਿੱਤੀ।

ਮੇਰਾ ਪਰਾਹੁਣਾ ਘਰ ਇੱਧਰੋਂ ਜਾਂਦੇ ਹੱਥ ਹੀ ਪਿੰਡੋਂ ਬਾਹਰ ਸੜਕ ਦੇ ਗੋਲ਼ੇ 'ਤੇ ਦਸ ਪੰਦਰਾਂ ਕਦਮ ਹੀ ਹਟਵਾਂ ਸੀ। ਘਰ ਉੱਚੇ ਥਾਂ ਹੋਣ ਕਰ ਕੇ ਵਿਹੜੇ ਵਿਚ ਖਲੋਤਿਆਂ ਨੂੰ ਸੜਕ 'ਤੇ ਉਸ ਤੋਂ ਪਾਰ ਰੇਲ ਦਾ ਸਟੇਸ਼ਨ ਤੇ ਪਲੇਟਫਾਰਮ ਦਿਸਦੇ ਸਨ।

ਚਾਹ ਆਈ ਤੇ ਇਸ ਤੋਂ ਛੇਤੀ ਹੀ ਮਗਰੋਂ ਰੋਟੀ ਆ ਗਈ। ਅਜੇ ਅਸੀਂ ਰੋਟੀ ਖਾਂਦੇ ਸਾਂ ਕਿ ਬਾਹਰ ਸੜਕ 'ਤੇ ਫੌਜੀ ਮਾਰਚ ਦੇ ਟਾਪਾਂ ਦੀ ਆਵਾਜ਼ ਆਉਣ ਲੱਗ ਪਈ। ਉਠ ਕੇ ਵੇਖਿਆ ਤਾਂ ਮਰਦਾਨ ਵਾਲੇ ਪਾਸਿਓਂ ਮਿਲੀਸ਼ੀਏ ਦੀ ਵਰਦੀ ਵਾਲੀ ਹਥਿਆਰਬੰਦ ਪੁਲਿਸ ਦੀ ਤਕੜੀ ਪਲਟਣ ਚਾਰ ਚਾਰ ਦੀਆਂ ਲਾਈਨਾਂ ਵਿਚ ਰਫਲਾਂ ਮੋਢਿਆਂ ਨਾਲ ਖੜ੍ਹੀਆਂ ਕਰੀ ਰਸਾਲਪੁਰ ਨੂੰ ਜਾ ਰਹੀ ਸੀ ਤੇ ਦੁਪਹਿਰ ਦੀ ਧੁੱਪ ਵਿਚ ਰਫਲਾਂ ਦੀਆਂ ਸੰਗੀਨਾਂ ਲਿਸ਼ਕਾਰੇ ਮਾਰ ਰਹੀਆਂ ਸਨ। ਉਸ ਤੋਂ ਬਾਅਦ ਕਈ ਹੋਰ ਪੁਲਸੀ ਪਲਟਣਾਂ ਉਧਰ ਨੂੰ ਲੰਘੀਆਂ। ਇਸ ਤਰ੍ਹਾਂ ਜਾਪਦਾ ਸੀ ਜਿਵੇਂ ਰਸਾਲਪੁਰ ਵੱਲ ਕਿਧਰੇ ਲਾਮ ਲੱਗ ਪਈ ਹੋਵੇ। ਬਾਅਦ ਲੌਢੇ ਕੁ ਵੇਲੇ ਕੁਝ ਪੁਲਸੀ ਧਾੜਾਂ ਮੁੜ ਆਈਆਂ ਤੇ ਮਰਦਾਨ ਵੱਲ ਵਾਪਸ ਜਾਣ ਲੱਗ ਪਈਆਂ। ਪਰ ਮਰਦਾਨ ਵੱਲੋਂ ਹੋਰ ਜਾਣੀਆਂ ਨਾ ਹਟੀਆਂ।

ਬਰਤਾਨਵੀ ਸਾਮਰਾਜੀ ਸਰਾਲ ਆਪਣੀ ਆਈ 'ਤੇ ਆ ਗਈ ਹੋਈ ਮਾਲੂਮ ਹੁੰਦੀ ਸੀ। ਮੈਨੂੰ ਉਹਨਾਂ ਨੱਠ ਗਿਆਂ ਦੀ ਜਾਨ ਦਾ ਖ਼ਤਰਾ ਪੈਦਾ ਹੋ ਗਿਆ ਤੇ ਮੈਂ ਜਾਤਾ, ਕਿ ਰਸਾਲਪੁਰ ਨੂੰ ਜਾ ਰਹੀਆਂ ਸੰਗੀਨਾਂ ਚੜ੍ਹੀਆਂ ਰਫਲਾਂ ਉਹਨਾਂ ਦੀ ਬੋਟੀ ਬੋਟੀ ਉਡਾ ਦੇਣਗੀਆਂ। ਇਸ ਲਿਹਾਜ਼ ਨਾਲ ਉਹ ਸੂਰਮਿਆਂ ਤੋਂ ਮੈਨੂੰ ਵਿਚਾਰੇ ਜਾਪਣ ਲੱਗ ਪਏ।

ਪਰ ਸ਼ਾਮ ਨੂੰ ਮੇਰੇ ਇਹ ਭਹਿਮਸੇ ਦੂਰ ਹੋ ਗਏ, ਜਦ ਰਸ਼ਕਈ ਵਿਚ ਖਾਉਪੀਏ ਨਾਲ ਇਹ ਢੰਡੋਰਾ ਪਿਟਵਾਇਆ ਗਿਆ ਕਿ "ਕੁਝ ਬਦਮਾਸ਼ਾਂ ਨੇ ਦੋ ਡਾਕੂਆਂ ਨੂੰ ਪੁਲਿਸ ਹੱਥੋਂ ਖੋਹ ਲਿਆ ਹੈ। ਜੋ ਕੋਈ ਉਹਨਾਂ ਨੂੰ ਫੜਾਵੇ ਜਾਂ ਗ੍ਰਿਫ਼ਤਾਰ ਕਰਵਾਉਣ ਲਈ ਉਹਨਾਂ ਦੀ ਸੂਹ ਦੇਵੇ, ਉਸ ਨੂੰ ਸਰਕਾਰ ਇਨਾਮ ਦੇਵੇਗੀ।"

ਮੈਂ ਤੇ ਇਬਾਸ ਖ਼ਾਂ, ਜਿਸ ਨੂੰ ਮੈਂ ਆਉਂਦਿਆਂ ਹੀ ਸਾਰੀ ਕਹਾਣੀ ਦੱਸ ਦਿੱਤੀ ਸੀ, ਨੇ ਬਰਤਾਨਵੀ ਰਾਜ ਦੀ ਇਸ ਨਾਮਰਦੀ ਦੀ ਬੜੀ ਖਿੱਲੀ ਉਡਾਈ।

ਭਾਵੇਂ ਉਸ ਲਾਰੀ ਵਿਚ ਬੈਠਣਾ ਮੇਰੇ ਵਰਗੇ ਅਲੋਪ ਕੰਮ ਕਰਨ ਵਾਲੇ ਸਿਆਸੀ ਬੰਦੇ ਲਈ ਬੜੀ ਕਮਅਕਲੀ ਸੀ, ਪਰ ਇਸ ਸਮੇਂ ਉਸ ਤੋਂ ਬਾਅਦ ਹਥਿਆਰਬੰਦ ਪੁਲਿਸ ਦੇ ਚੜ੍ਹੇ ਕਟਕ ਤੇ ਉਹਨਾਂ ਦੀ ਅਯੋਗਤਾ ਨੇ ਮੇਰੇ ਅੰਦਰ ਬੜਾ ਸੋਚ ਪਰਿਵਰਤਨ ਲਿਆਂਦਾ। ਮੇਰੀਆਂ ਸੋਚਾਂ ਤੇ ਵਿਚਾਰਾਂ ਨੱਠ ਜਾਣ ਵਾਲਿਆਂ ਦੀ ਵਰਿਆਮਗੀ ਤੇ ਬਹਾਦਰੀ ਉੱਤੇ ਅਸ਼ ਅਸ਼ ਕਰੀ ਜਾਣ ਤੋਂ ਵਧ ਕੇ ਸਿਆਸੀ ਉਡਾਰੀਆਂ ਬਣ ਗਈਆਂ ਤੇ ਇਹਨਾਂ ਸੋਚਾਂ ਦੇ ਮਨ ਵਿਚ ਉੱਠੇ ਜਵਾਬੀ ਸਿੱਟੇ ਨੇ ਬਰਤਾਨਵੀ ਰਾਜ ਦੀ ਹਥਿਆਰਬੰਦ ਤਾਕਤ ਤੋਂ ਮੇਰਾ ਡਰ ਉੱਕਾ ਹੀ ਉਡਾ ਦਿੱਤਾ ਤੇ ਉਸ ਦੀ ਦੁਨੀਆਂ ਦੀਆਂ ਮਾੜੀਆਂ ਤੇ ਫਾਡੀ ਕੌਮਾਂ ਨੂੰ ਦਬਾਈ ਰੱਖਣ ਦੀ ਮਾਰ ਖੋਰ ਸ਼ਕਤੀ ਮੈਨੂੰ ਹੇਚ ਜਾਪਣ ਲੱਗ ਪਈ ਤੇ ਬਰਤਾਨਵੀ ਸ਼ੇਰ ਮੇਰੀ ਨਿਗਾਹ ਵਿਚ ਨਿਰਾ ਕਾਗਤੀ ਡਰਨਾ ਬਣ ਗਿਆ।

ਮੇਰੇ ਅੰਦਰ ਇਹ ਸਵਾਲ ਬਾਰੰਬਾਰ ਉਠ ਰਹੇ ਸਨ।

"ਐਡੀ ਵੱਡੀ ਹਕੂਮਤ ਦਾ ਰਫ਼ਲ ਵਾਲਾ ਸਿਪਾਹੀ ਪਿਸਤੌਲਾਂ ਵਾਲੇ ਦੋਂਹ ਜਣਿਆਂ ਤੋਂ ਡਰ ਕੇ ਰਫ਼ਲ ਸੁੱਟ ਬਹੇ ਤੇ ਲਾਰੀ ਹੇਠਾਂ ਵੜ ਕੇ ਜਾਨ ਬਚਾਏ?"

"ਬਰਤਾਨਵੀ ਰਾਜ ਸ਼ਕਤੀ ਦੇ ਸੂਰਮਿਆਂ ਦੀ ਰਫਲਾਂ ਵਾਲੀ ਗਾਰਦ ਬੇੜੀਆਂ ਨਾਲ ਡੰਗੇ ਹੋਏ ਸਾਹਮਣੇ ਜਾ ਰਹੇ ਦਿਸਦੇ ਕੈਦੀਆਂ ਨੂੰ ਨਾ ਫੜ ਸਕੀ?"

"ਉਪਰੰਤ ਹਥਿਆਰਬੰਦ ਪੁਲਿਸ ਦੀਆਂ ਪਲਟਣਾਂ ਦੇ ਚੜ੍ਹੇ ਕਟਕ ਵੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਅਸਮਰਥ ਰਹੇ?"

"ਜਦ ਬਰਤਾਨਵੀ ਸੂਰਮਾਈ ਦੀ ਹਥਿਆਰਬੰਦ ਸ਼ਕਤੀ ਦਾ ਸਾਰਾ ਜ਼ੋਰ ਨਕੰਮਾ ਸਾਬਤ ਹੋਇਆ ਤਾਂ ਉਸ ਨੂੰ ਅਖੀਰ ਆਪਣੀ ਮੁੱਢ ਕਦੀਮ ਤੋਂ ਚਲਾਈ ਹੋਈ ਤਮਾਂਅ ਦੇ ਦੇ ਜਨਤਾ ਵਿਚੋਂ ਬੰਦੇ ਖਰੀਦਣ ਤੇ ਗ਼ਦਾਰ ਬਣਾ ਲੈਣ ਦੀ ਨਿੰਦਕ ਤੇ ਕੁਟਿਲ ਸਾਮਰਾਜੀ ਨੀਤੀ ਦਾ ਆਸਰਾ ਲੈਣਾ ਪਿਆ ਤੇ ਉਸ ਨੇ ਇਨਾਮ ਦਾ ਲਾਲਚ ਦੇ ਕੇ ਲਾਲਚੀ ਹਿੱਤਾਂ ਨੂੰ ਭਰਮਾਉਣ ਤੇ ਭੱਜ ਗਿਆਂ ਨੂੰ ਫੜਾ ਦੇਣ ਦਾ ਢੰਡੋਰਾ ਫਿਰਵਾਇਆ?"

ਮੇਰੀਆਂ ਨਜ਼ਰਾਂ ਵਿਚ ਇਹ ਉਸ ਅੰਗਰੇਜ਼ੀ ਰਾਜ ਦਾ ਸਭ ਤੋਂ ਵੱਡਾ ਗੀਦੀਪੁਣਾ ਤੇ ਕੁਟਲਤਾ ਸੀ ਜਿਸ ਦੇ ਦੁਨੀਆਂ ਦੀਆਂ ਅਨੇਕਾਂ ਕੌਮਾਂ ਉਤੇ ਜਬਰ ਜ਼ੁਲਮ ਨਾਲ ਠੋਸੇ ਹੋਏ ਰਾਜ ਉੱਤੇ 'ਸੂਰਜ ਨਹੀਂ ਛੁਪਦਾ' ਕਿਹਾ ਜਾਂਦਾ ਸੀ।

ਇਹਨਾਂ ਸਵਾਲਾਂ ਦਾ ਮੇਰੇ ਮਨ ਵਿਚੋਂ ਇਹ ਜਵਾਬ ਆ ਰਿਹਾ ਸੀ ਕਿ "ਭਲਿਆ ਲੋਕਾ! ਉਹ ਤਾਂ ਅਜੇ ਡਾਕੂ ਸਨ, ਜੋ ਆਪਣੇ ਨਿਜੀ ਸੀਮਿਤ ਹਿੱਤਾਂ ਵਾਸਤੇ ਐਨੀ ਵੱਡੀ ਰਾਜ ਤਾਕਤ ਦੇ ਮੂੰਹ ਆਉਣ ਤੋਂ ਨਹੀਂ ਝੰਵੇ ਤੇ ਉਸ ਪਾਸੋਂ ਆਪਣੇ ਨਾਲ ਦਿਆਂ ਨੂੰ ਛੁਡਾ ਕੇ ਕਿਧਰੇ ਗ਼ਾਇਬ ਹੋ ਗਏ। ਜੇ ਕਿਤੇ ਆਜ਼ਾਦੀ ਦੀ ਲਹਿਰ ਦੀਆਂ ਸਿਆਣੀਆਂ ਜਥੇਬੰਦ ਤਾਕਤਾਂ ਹਥਿਆਰ ਫੜ ਲੈਣ ਤਾਂ ਜ਼ੁਲਮ ਜ਼ੋਰ ਨਾਲ ਦਬਾਈ ਰੱਖਣ ਵਾਲੀਆਂ ਰਫਲਾਂ ਜੋ ਕੇਵਲ ਨਿਹੱਥਿਆਂ ਦੇ ਹੀ ਲਹੂ ਨਹਾਉਂਦੀਆਂ ਹਨ, ਜਨਤਾ ਦੀ ਹਥਿਆਰਬੰਦ ਸੱਟ ਅੱਗੇ, ਭਾਵੇਂ ਉਹ ਛੋਟੀ ਹੀ ਹੋਵੇ, ਬੋਦੀਆਂ ਪੈ ਜਾਂਦੀਆਂ ਹਨ।"

ਇਸ ਗੱਲ ਨੇ ਜਨਤਾ ਦੇ ਕੌਮੀ ਏਕੇ ਦੀ ਲੜਨ ਸ਼ਕਤੀ ਉੱਤੇ ਮੇਰਾ ਭਰੋਸਾ ਤੇ ਵਿਸ਼ਵਾਸ ਹੋਰ ਪੱਕਾ ਕਰ ਦਿੱਤਾ ਤੇ ਇਸ ਵਿਸ਼ਵਾਸ ਤੋਂ ਦੇਸ਼ ਦੀ ਆਜ਼ਾਦੀ ਲਈ ਹਥਿਆਰ ਲੈ ਕੇ ਲੜਨ ਦੀ ਮੇਰੀ ਦ੍ਰਿੜਤਾ ਵਧੇਰੇ ਮਜ਼ਬੂਤ ਹੋ ਗਈ।

ਉਂਝ ਤਾਂ ਮੈਂ ਅੱਗੇ ਹੀ ਇਨਕਲਾਬੀ ਸਾਂ ਤੇ ਹਥਿਆਰਬੰਦ ਇਨਕਲਾਬ ਵਿਚ ਦੀਨ ਰੱਖਣ ਵਾਲੀ ਕਿਰਤੀ ਪਾਰਟੀ ਦਾ ਉੱਘਾ ਮੁਹਰੀ ਸਾਂ, ਪਰ ਉਸ ਦਿਨ ਤੋਂ ਮੈਂ ਬਰਤਾਨਵੀ ਸਾਮਰਾਜ ਦੀ ਹਥਿਆਰਬੰਦ ਸ਼ਕਤੀ ਦੇ ਜ਼ੋਰ ਨੂੰ ਤੁੱਛ ਸਮਝਣ ਲੱਗ ਪਿਆ ਤੇ ਕੌਮੀ ਲਹਿਰ ਅੰਦਰ ਮੁਹਰੇ ਹੋ ਕੇ ਅੰਗਰੇਜ਼ੀ ਰਾਜ ਵਿਰੁੱਧ ਲੜ ਰਹੀਆਂ ਸਿਆਸੀ ਪਾਰਟੀਆਂ ਤੇ ਜਥੇਬੰਦੀਆਂ ਨੂੰ ਹਥਿਆਰਨ ਤੇ ਬਰਤਾਨਵੀ ਸਾਮਰਾਜ ਨਾਲ ਟੱਕਰਾਂ ਲੈਣ ਤੇ ਬਗਾਵਤ ਕਰਨ ਦੇ ਰਾਹ ਦਾ ਬੜਾ ਪੱਕਾ ਉਪਾਸ਼ਕ ਪਰਚਾਰਕ ਹੋ ਗਿਆ।

0

(ਸੋ 1947 ਵਿਚ ਜਾ ਕੇ ਉਹੀ ਗੱਲ ਹੋਈ। ਜਦ ਦੂਸਰੀ ਵੱਡੀ ਜੰਗ ਵਿਚ ਮਾਰ ਖਾ ਖਾ ਕੇ ਕਮਜ਼ੋਰ ਹੋ ਗਏ ਹੋਏ ਅੰਗਰੇਜ਼ੀ ਸਾਮਰਾਜ ਦੀ ਹਿੰਦੁਸਤਾਨੀ ਹਕੂਮਤ ਦੀ ਦੇਸੀ ਜਲ ਸੈਨਾ ਨੇ ਬਗ਼ਾਵਤ ਕੀਤੀ, ਹਵਾਈ ਸੈਨਾ ਤੇ ਬਿਹਾਰ ਦੀ ਪੁਲਿਸ ਨੇ ਹੜਤਾਲਾਂ ਕਰ ਦਿੱਤੀਆਂ ਤਾਂ ਅੰਗਰੇਜ਼ੀ ਸਾਮਰਾਜ ਦੇ ਹਿੰਦੁਤਸਾਨ ਉੱਤੇ ਰਾਜ ਕਰਨ ਤੇ ਇਸ ਦੀ ਆਜ਼ਾਦੀ ਦਬੀ ਮਿੱਧੀ ਰੱਖਣ ਦੇ ਇਹ ਡੰਡੇ ਤੇ ਰਫ਼ਲਾਂ ਠੁੱਸ ਹੋ ਗਈਆਂ ਤੇ ਉਸ ਨੂੰ ਹਿੰਦੁਸਤਾਨ ਵਿਚੋਂ ਆਪਣਾ ਰਾਜ ਕਾਜ ਚੁੱਕ ਕੇ ਪੱਤਰਾ ਵਾਚਣਾ ਪਿਆ।) 000

ਮੰਜੇ ਦੀ ਬਾਹੀ: ਕਹਾਣੀ: ਅਜਮੇਰ ਸਿੰਘ ਔਲਖ

ਉੱਚ ਦੁਮਾਲੜਾ ਲੇਖਕ ਤੇ ਨਾਟ-ਕਰਮੀ ਹੋਣ ਤੋਂ ਇਲਾਵਾ ਇਕ ਬੇਹੱਦ ਨਫੀਸ ਇਨਸਾਨ ਸੀ ਅਜਮੇਰ ਸਿੰਘ ਔਲਖ। ਨਿਰਛਲ, ਸੱਚਾ ਸੁੱਚਾ, ਅਸਲੀ ਮਨੁੱਖ। ਆਪਣੇ ਵਰਗਾ ਇਕੋ ਇਕ। ਪੰਜਾਬੀ ਸਾਹਿਤ ਤੇ ਕਲਾ ਜਗਤ ਨਾਲ ਜੁੜਿਆ ਉਹ ਇਕੋ ਇਕ ਵਿਅਕਤੀ ਸੀ, ਰਾਸ਼ਟਰੀ ਪੱਧਰ ਦੇ ਦੋ ਵੱਡੇ - ਸਾਹਿਤ ਅਕਾਦਮੀ ਅਤੇ ਸੰਗੀਤ ਨਾਟਕ ਅਕਾਦਮੀ - ਪੁਰਸਕਾਰ ਜਿਸ ਦੀ ਝੋਲੀ ਪਏ। ਪੰਜਾਬੀ ਵਿਚ ਨਾਟਕ-ਰਚਨਾ ਅਤੇ ਮੰਚਨ ਵਿਚ ਆਮ ਲੋਕਾਂ ਦੇ ਸਰੋਕਾਰਾਂ ਦੀ ਬਾਤ ਪਾਉਣ ਅਤੇ ਉਹਨਾਂ ਨਾਲ ਜੁੜੇ ਰਹਿਣ ਵਿਚ ਉਸਨੇ ਮਿਸਾਲ ਕਾਇਮ ਕੀਤੀ। ਸਾਹਿਤ-ਸਿਰਜਣਾ ਅਤੇ ਥੀਏਟਰ ਦੋਹਾਂ ਖੇਤਰਾਂ ਵਿਚ ਜ਼ਿੰਦਗੀ ਦੀ ਸਹਿਜ ਪੇਸ਼ਕਾਰੀ ਵਿਚੋਂ ਹੀ ਉਸਦੀ ਕਲਾ ਉਭਰਦੀ ਸੀ। ਸਾਲ 1964 ਵਿਚ ਜਦੋਂ ਉਸ ਨਾਲ ਸਾਂਝ ਪਈ, ਔਲਖ ਨੇ ਹਾਲੇ ਸਾਹਿਤ-ਸਿਰਜਣਾ ਦੇ ਪਿੜ ਵਿਚ ਪੈਰ ਨਹੀਂ ਸੀ ਧਰਿਆ। ਉਦੋਂ ਉਸਦਾ ਅਦੀਬਾਂ ਨਾਲ ਸਿਰਫ ਉਠਣ ਬੈਠਣ ਹੀ ਸੀ। ਜੋ ਨਿਰਮਾਣਤਾ ਉਸ ਵਿਚ ਉਦੋਂ ਸੀ, ਵੱਡੇ ਸਿਰਜਕ ਵਜੋਂ ਸਥਾਪਤ ਹੋਣ 'ਤੇ ਵੀ ਉਸ ਵਿਚ ਉਹ ਬਦਸਤੂਰ ਕਾਇਮ ਰਹੀ। 'ਸਿਰਜਣਾ' ਤੇ ਇਸਦੇ ਸੰਪਾਦਕ ਨਾਲ ਉਸਦਾ ਸ਼ੁਰੂ ਤੋਂ ਸਾਥ ਰਿਹਾ। ਆਪਣੇ ਨਾਟਕ 'ਸੱਤ ਬਗਾਨੇ' ਨੂੰ ਛਾਪਣ ਸਮੇਂ ਉਸਦੀ ਭੂਮਿਕਾ ਲਿਖਣ ਦਾ ਮਾਣ ਵੀ ਔਲਖ ਨੇ ਸੰਪਾਦਕ 'ਸਿਰਜਣਾ' ਨੂੰ ਦਿੱਤਾ ਸੀ। 'ਮੰਜੇ ਦੀ ਬਾਹੀ' ਬਹੁਤ ਸਮਾਂ ਪਹਿਲਾਂ 'ਸਿਰਜਣਾ' ਵਿਚ ਛਪੀ ਸੀ, ਜਿਸ ਕਹਾਣੀ ਨੂੰ ਮਗਰੋਂ ਔਲਖ ਨੇ ਬਹੁ-ਚਰਚਤ ਨਾਟਕ 'ਇਕ ਰਾਮਾਇਣ ਹੋਰ' ਵਿਚ ਢਾਲ਼ਿਆ। ਪੰਜਾਬੀ ਕਿਸਾਨੀ ਸਮਾਜ ਦੇ ਆਰਥਿਕ-ਸਭਿਆਚਾਰਕ ਸਰੋਕਾਰਾਂ ਨੂੰ ਡੂੰਘੀ ਕਲਾਤਮਕ ਪੁੱਠ ਨਾਲ ਉਭਾਰਦੀ ਇਹ ਕਹਾਣੀ ਏਥੇ ਦੁਬਾਰਾ ਛਾਪਦੇ ਹੋਏ ਅਸੀਂ ਸਦੀਵੀ ਵਿਛੋੜਾ ਦੇ ਗਏ ਮਿੱਤਰ ਤੇ ਵੱਡੇ ਸਿਰਜਕ ਅਜਮੇਰ ਔਲਖ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ। -ਰਘਬੀਰ ਸਿੰਘ

ਗੱਲ 'ਕੇਰਾਂ ਮੂੰਹੋਂ ਨਿਕਲੇ ਸਹੀ, ਫਿਰ ਆਖੂ ਤੂੰ ਕੌਣ ਤੇ ਮੈਂ ਕੌਣ? ਤੇ ਗੱਲ ਕੋਈ ਝੂਠੀ ਵੀ ਨਹੀਂ ਸੀ- ਪੰਜਾਹਾਂ ਨੂੰ ਪੁੱਜਿਆ ਗੱਜੂ ਕਾਣਾ ਮੁੱਲ ਦੀ ਤੀਮੀਂ ਲਿਆਉਣ ਲੱਗਾ ਸੀ।

ਗੱਜੂ ਦੀ ਭਰਜਾਈ ਸੰਤੋ ਨੇ ਸੁਣਿਆ, ਓਦ੍ਹੇ ਤਾਂ ਜਿਵੇਂ ਸਾਹ ਹੀ ਸੂਤੇ ਗਏ ਹੋਣ। "ਮਰ ਵੇ ਗੱਜੂ ਬੰਦਿਆ, ਤੇਰਾ ਬਹਿ ਜੇ ਬੇੜਾ!"

ਬੇੜਾ ਬੈਠੇ ਚਾਹੇ ਤਰੇ, ਗੱਜੂ ਨੇ ਆਪਣੇ ਛੋਟੇ ਭਾਈ ਸੱਜਣ ਨੂੰ ਸੌ ਦੀ ਇਕ ਸੁਣਾ ਦਿੱਤੀ- "ਮੇਰੇ ਹਿੱਸੇ ਦੀ ਜਮੀਨ ਵੰਡ ਦੇ, ਨਹੀਂ ਤਾਂ ਪੰਚੈਤ 'ਕੱਠੀ ਕਰਨੀ ਪਊ!"

ਸੱਜਣ ਦੂਰ ਦੀ ਸੋਚਣ ਵਾਲਾ ਬੰਦਾ ਸੀ, ਉਂਝ ਵੀ ਸੁਭਾਅ ਦਾ ਕੂਲ਼ਾ ਸੀ, ਸੁਣ ਕੇ ਚੁੱਪ ਰਿਹਾ। ਇਕ ਦੋ ਬੰਦੇ ਉਸ ਨੇ ਵਿਚ-ਦੀ ਸੁੱਟੇ, ਪਰ ਗੱਜੂ ਤਾਂ ਪਰਾਂ 'ਤੇ ਪਾਣੀ ਹੀ ਨਹੀਂ ਸੀ ਪੈਣ ਦਿੰਦਾ; ਅਖੇ, ਮੇਰਾ ਨੀ ਜੀਅ ਕਰਦਾ ਜੱਗ 'ਤੇ ਬੂਟਾ ਲਾਉਣ ਨੂੰ?

ਅਸਲ ਵਿਚ ਗੱਲ 'ਗਾਹਾਂ ਖਾਸੀ ਤੁਰਗੀ ਸੀ। ਗੱਜੂ ਨੇ ਨੰਦ ਬੰਗਾਲੀ ਰਾਹੀਂ ਧਨੌਲੇ ਕੰਨੀਂ ਇਕ ਤੀਮੀਂ ਦਾ ਸੌਦਾ ਲਗਭਗ ਪੱਕਾ ਹੀ ਕਰ ਛੱਡਿਆ ਸੀ, ਸਿਰਫ਼ ਰਕਮ ਤਾਰਨੀ ਬਾਕੀ ਸੀ। ਚਾਹੁੰਦਾ ਉਹ ਇਹ ਸੀ, ਬਈ ਤੀਮੀਂ ਲਿਆਉਣ ਤੋਂ ਪਹਿਲਾਂ ਮਾੜਾ-ਮੋਟਾ ਘਰ-ਘਾਟ ਦਾ ਬੰਨ੍ਹ-ਸੁੱਬ ਕਰ ਲਵੇ। ਚਾਰ ਕਿੱਲੇ ਭੋਂਇੰ ਉਸ ਨੂੰ ਆਉਣੀ ਸੀ। ਇਕ ਕਿੱਲਾ ਰਹਿਣ ਕਰਨਾ ਉਸ ਜੇਠੂ ਬਾਣੀਏ ਨਾਲ ਪੱਕਾ ਕਰ ਛੱਡਿਆ ਸੀ, ਤਿੰਨ ਹਜ਼ਾਰ ਵਿਚ। ਸੌਲਾਂ ਸੌ ਦੀ ਤੀਮੀਂ, ਬਾਕੀ ਘਰ ਦਾ

ਲਕਾ ਤੁਕਾ! 'ਕੇਰਾਂ ਜ਼ਮੀਨ ਵੰਡੀ ਜਾਵੇ, ਘਰ ਤਾਂ ਵੰਡਿਆ ਅਈ ਪਿਐ, ਉਛਲ ਸੱਜਣ ਦੀ- ਚਾਹੇ ਅੰਦਰਲਾ ਲੈ ਲਵੇ, ਚਾਹੇ ਬਾਹਰਲਾ।

ਜਦੋਂ ਕੋਈ ਵਾਹ ਨਾ ਗਈ, ਸੱਜਣ ਬਾਹਰਲੇ ਘਰ ਜਾ ਕੇ ਗੱਜੂ ਦੇ ਪੈਰੀਂ ਪੈ ਗਿਆ- "ਆਹ ਦੇਖ ਬਾਈ, ਤੇਰੇ ਪੈਰੀਂ ਪੱਗ ਧਰਨਾ। ਆਪਣੇ ਘਰ ਦੀ ਇਜ਼ਤ ਰੱਖ! ਜੇ ਤੂੰ ਅੱਡ ਹੋਣਾ ਸੀ ਤਾਂ ਮੇਰਾ ਬਿਆਹ ਕਾਹਨੂੰ ਕਰਨਾ ਸੀ। ਰੱਬ ਦੀ ਕਿਰਪਾ ਨਾਲ ਆਪਣੀ ਜੜ੍ਹ ਲੱਗੀ ਹੋਈ ਐ। ਮੇਰੇ ਜਬਾਕ ਹੋਏ ਕਿ ਤੇਰੇ ਹੋਏ, ਇਕੋ ਗੱਲ ਐ। ਸੰਤੀ ਵੀ ਕਦੇ ਤੈਨੂੰ ਓਏ ਕਰ ਕੇ ਨੀ ਬੋਲੀ। ਨਾਲੇ ਮੁੱਲ ਦੀ ਤੀਮੀਂ ਦਾ ਕੀ ਪਤਾ ਹੁੰਦੈ, ਅੱਜ ਏਥੇ, ਕੱਲ੍ਹ ਓਥੇ।"

ਪਰ ਗੱਜੂ ਉੱਤੇ ਇਨ੍ਹਾਂ ਗੱਲਾਂ ਦਾ ਨਾ ਅਸਰ ਹੋਣਾ ਸੀ ਤੇ ਨਾ ਹੀ ਹੋਇਆ। ਸੱਜਣ ਨੂੰ ਉਸ ਨੇ ਇਕੋ ਨਾਲ ਚੁੱਪ ਕਰ ਦਿੱਤਾ- "ਮੁੱਲ ਦੀ ਤੀਮੀਂ ਦਾ ਦੁੱਖ ਹੋਊ ਤਾਂ ਉਹ ਮੈਨੂੰ ਹੋਊ, ਮੈਂ ਝੱਲ ਲੂੰ! ਪਰ ਸੱਜਣਾ, ਜਮੀਨ ਤਾਂ ਤੈਨੂੰ ਵੰਡਣੀ ਪਊ, ਭਾਈ ਭਰੱਪਣ ਨਾਲ ਵੰਡ ਦੇਂਗਾ ਤੇਰੀ ਸ਼ਾਬਾਸ਼ੇ, ਲੋਕ ਤਮਾਸ਼ਾ ਦਖਾਉਣੈਂ ਉਹ ਤੇਰੀ ਮਰਜੀ।"

ਸੱਜਣ ਪਰਨੇ ਨਾਲ ਅੱਖਾਂ ਪੂੰਝ ਕੇ ਅੰਦਰਲੇ ਘਰ ਨੂੰ ਤੁਰ ਪਿਆ। ਉਹ ਸੋਚਦਾ ਸੀ ਚਾਰ ਕਿੱਲਿਆਂ ਦੇ ਸਿਰ 'ਤੇ ਤਾਂ ਉਸ ਦੇ ਇਕ ਮੁੰਡੇ ਨੂੰ ਵੀ ਨਹੀਂ ਸਾਕ ਹੋਣਾ। ਚੰਗੀ ਭਲੀ ਕਬੀਲਦਾਰੀ ਦੀ ਗੱਡੀ ਰੁੜ੍ਹੀ ਜਾ ਰਹੀ ਸੀ, ਆਹ ਬਿਚ ਭੈਣ ਦੇਣੇ ਦਾ ਹੋਰ ਹੀ ਫ਼ਾਨਾ ਆ ਫਸਿਆ! ਪਰ ਸੱਜਣ ਇਹ ਵੀ ਜਾਣਦਾ ਸੀ, ਬਈ ਇਹ ਫਾਨਾ ਆਪਣੇ ਆਪ ਆ ਕੇ ਨਹੀਂ ਸੀ ਫਸਿਆ, ਸਗੋਂ ਸੰਤੋ ਨੇ ਫਸਾਇਆ ਸੀ। ਉਸ ਨੇ ਗੱਲੀਂ ਬਾਤੀਂ ਸੰਤੋ ਨੂੰ ਕਈ ਵਾਰ ਆਖਿਆ ਵੀ ਸੀ, "ਇਸ ਕਾਣੇ ਦਾ ਵਿਗੜਦੇ ਦਾ ਪਤਾ ਨੀ ਲਗਦਾ, ਤੂੰ ਏਹਨੂੰ ਪਲੋਸ ਪਲਾਸ ਕੇ ਰੱਖਿਆ ਕਰ।" ਪਰ ਸੰਤੋ ਨੇ ਜ਼ਿੱਦ ਨਾ ਛੱਡੀ, "ਮਰਨੀ ਮਰਜੂੰ, ਪਰ ਮੈਂ ਜੇਠ ਨੂੰ ਮੰਜੇ ਦੀ ਬਾਹੀ 'ਤੇ ਨੀ ਬੈਠਣ ਦੇਣਾ।"

ਸੱਜਣ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਉਹਨਾਂ ਦਾ ਘਰ ਵਸਾਉਣ ਵਿਚ ਗੱਜੂ ਦਾ ਹੀ ਹੱਥ ਸੀ। ਸੱਜਣ ਤਾਂ ਓਦੋਂ ਅਜੇ ਡੰਗਰ ਚਾਰਦਾ ਹੁੰਦਾ ਸੀ ਜਦੋਂ ਉਨ੍ਹਾਂ ਦਾ ਪਿਉ ਲਾਂਗੇ ਦਾ ਗੱਡਾ ਲੱਦਦਾ ਡਿਗ ਕੇ ਮਰ ਗਿਆ ਸੀ। ਪੰਜ ਕੁ ਸਾਲਾਂ ਬਾਅਦ ਕੁਆਰੇ ਪੁੱਤਾਂ ਦਾ ਝੋਰਾ ਕਰਦੀ ਉਨ੍ਹਾਂ ਦੀ ਮਾਂ ਵੀ ਮੰਜੇ ਨਾਲ ਅੱਡੀਆਂ ਰਗੜਦੀ ਤੁਰ ਗਈ ਸੀ। ਗੱਜੂ ਉੱਤੇ ਈ ਆ ਪਿਆ ਸੀ ਸਾਰਾ ਭਾਰ! ਦੋ ਭੈਣਾਂ ਬੂਹਿਓਂ ਤੋਰੀਆਂ। ਸੱਜਣ ਨੂੰ ਭਾਈ ਨੀ, ਪੁੱਤਾਂ ਵਾਂਗੂ ਪਾਲ਼ਿਆ ਤੇ ਵੱਡਾ ਕੀਤਾ। ਫੇਰ ਇਕ ਵੱਡੀ ਕੁਰਬਾਨੀ, ਸੱਜਣ ਦਾ ਵਿਆਹ ਕੀਤਾ। ਜੱਟ ਦੇ ਪੁੱਤ ਨੂੰ ਚਾਰ ਕਿੱਲਿਆਂ 'ਤੇ ਕਿਹੜਾ ਕੁੜੀ ਦਿੰਦੈ? ਗੱਜੂ ਨੇ ਸੋਚਿਆ, ਉਸ ਨੂੰ ਤਾਂ ਸਾਕ ਹੋਣੋਂ ਰਿਹਾ, ਇਕ ਤਾਂ ਰੱਬ ਨੇ ਉਂਝ ਬੱਜੋ-ਬੱਤਾ ਬਣਾਤਾ, ਦੂਜੇ ਉਮਰ ਪਖੋਂ ਵੀ ਪੈਂਤੀ ਛੱਤੀ ਦਾ ਹੋ ਚੱਲਿਆ ਸੀ। ਚਲੋ, ਭਾਈ ਤਾਂ ਕੁਆਰਾ ਨਾ ਰਹੇ। ਉਸ ਨੇ ਬਾਰੂ-ਕੇ ਸੀਤੇ ਨਾਲ ਗੱਲ ਕੀਤੀ:

"ਦੇਖ ਸੀਤਾ ਸਿਆਂ? ਮੈਂ ਤਾਂ ਨਾ ਵਿਆਹ ਕਰਾਵਾਂ, ਨਾ ਈਂ ਮੈਨੂੰ ਹੋਵੇ। ਅੱਠ ਕਿੱਲੇ ਸੱਜਣ ਨੂੰ ਮੁੱਕਦੇ ਨੀ, ਤੂੰ ਕਰ ਪੁੰਨ, ਆਪਣੀ ਸਾਲੀ ਦਾ ਸਾਕ ਲਿਆ। ਐਨੇ ਨਾਲ ਸਾਡਾ ਵੀ ਜੱਗ ਵਿਚ ਸੀਰ ਪੈਜੂ।" ਸੀਤੇ ਨੂੰ ਵੀ ਗੱਲ ਜਚ ਗਈ ਸੀ ਤੇ ਉਸ ਨੇ ਸੱਜਣ ਨੂੰ ਸਾਕ ਕਰਵਾ ਕੇ ਦੋ ਮਹੀਨਿਆਂ ਦੇ ਅੰਦਰ ਅੰਦਰ ਆਪਣੀ ਸਾਲੀ ਸੰਤੋ ਉਨ੍ਹਾਂ ਦੇ ਘਰ ਲਿਆ ਬਠਾਈ ਸੀ।

ਸੱਜਣ ਦੇ ਵਿਆਹ ਦੀ ਖੁਸ਼ੀ ਗੱਜੂ ਨੇ ਇੰਝ ਮਨਾਈ ਜਿਵੇਂ ਉਹਦਾ ਆਪਣਾ ਵਿਆਹ ਹੋਇਆ ਹੋਵੇ। ਜੱਟ ਦਾ ਇਕ ਪੁੱਤ ਵਿਆਹਿਆ ਜਾਵੇ, ਸਮਝੋ ਸਾਰੇ ਵਿਆਹੇ ਗਏ। ਇਕ ਕਿੱਲਾ ਜ਼ਮੀਨ ਰੱਖ ਕੇ ਉਸ ਨੇ ਸੰਤੋ ਲਈ ਮੂੰਹ ਸਿਰ ਦੀਆਂ ਸਾਰੀਆਂ ਟੂੰਮਾਂ ਬਣਾ ਦਿੱਤੀਆਂ।

ਸੰਤੋ ਵੀ ਮੂੰਹ ਮੱਥੇ ਲੱਗਣ ਵਾਲੀ ਤੀਮੀਂ ਸੀ, ਆਉਂਦਿਆਂ ਹੀ ਉਸ ਨੇ ਘਰ ਦੀ ਖਿੱਲਰੀ

ਹੋਈ ਕਬੀਲਦਾਰੀ ਨੂੰ ਰੱਸਾ ਪਾ ਲਿਆ। ਉੱਤੋਂ ਚੰਗੇ ਭਾਗਾਂ ਨੂੰ, ਸਾਲੋਂ ਅੰਦਰ ਚੰਨ ਵਰਗਾ ਮੁੰਡਾ ਝੋਲੀ ਪਾ ਦਿੱਤਾ।

ਦਿਨਾਂ ਵਿਚ ਹੀ ਗੱਜੂ ਅਤੇ ਸੱਜਣ ਦੇ ਘਰ ਦਾ ਰੰਗ ਹੋਰ ਹੋ ਗਿਆ। ਚੁੰਬਕ ਦੀ ਤਰ੍ਹਾਂ, ਸੰਤੋ ਨੇ ਸਾਰੀਆਂ ਬਰਕਤਾਂ ਉਨ੍ਹਾਂ ਦੇ ਘਰ ਵੱਲ ਖਿੱਚ ਲਈਆਂ। ਸੰਤੋ ਦੁਆਲੇ ਉਹ ਊਰੀ ਆਗੂੰ ਘੁਕਦੇ ਰਹਿੰਦੇ। ਦੋ ਕੁ ਸਾਲਾਂ ਵਿਚ ਹੀ ਉਨ੍ਹਾਂ ਨੇ ਰਹਿਣ ਕੀਤਾ ਕਿੱਲਾ ਵੀ ਛੁਡਾ ਲਿਆ। ਫੁੱਲਾਂ ਵਰਗੇ ਦਿਨ ਲੰਘਣ ਲੱਗੇ। ਸੰਤੋ ਦੀ ਕੁੱਖੋਂ ਇਕ ਕੁੜੀ ਤੇ ਇਕ ਹੋਰ ਮੁੰਡਾ ਜੰਮੇ। ਹੋਰ ਜੱਟ ਨੂੰ ਕੀ ਚਾਹੀਦੈ? ਦੁੱਧ ਤੇ ਪੁੱਤ, ਇਹ ਦੋ ਚੀਜ਼ਾਂ ਹੀ ਉਹ ਰੱਬ ਕੋਲੋਂ ਮੰਗਦੈ!

ਪਰ ਅਚਾਨਕ ਫੁੱਲਾਂ ਉੱਤੇ ਖੇਡਦੀ ਕਾਟੋ ਨੂੰ ਇਕ ਭੂਤ ਦਿਖਾਈ ਦੇ ਗਿਆ। ਤਕਦੀਰ ਨੇ ਗੱਜੂ ਨਾਲ ਇਕ ਰਾਤ ਇਕ ਨਾਟਕ ਖੇਡਿਆ। ਉਸ ਨੂੰ ਸੁਪਨਾ ਆਇਆ ਜਿਵੇਂ ਉਸ ਨਾਲ ਕੋਈ ਤੀਮੀਂ ਸੁੱਤੀ ਪਈ ਹੋਵੇ। ਗੱਜੂ 'ਬਾਖਰੂ, ਬਾਖਰੂ' ਕਰਦਾ ਉਠ ਖੜ੍ਹਾ ਹੋਇਆ। ਆਲੇ-ਦੁਆਲੇ ਅੱਖਾਂ ਪਾੜ ਪਾੜ ਵੇਖਿਆ- ਉੱਥੇ ਤਾਂ ਕੋਈ ਵੀ ਨਹੀਂ ਸੀ!

ਅਗਲੇ ਦਿਨ ਸਾਰੀ ਦਿਹਾੜੀ ਇਹ ਸੁਪਨਾ ਗੱਜੂ ਦੇ ਦਿਮਾਗ਼ ਵਿਚ ਘੁੰਮਦਾ ਰਿਹਾ। ਦਿਨ ਛਿਪਦੇ ਨਾਲ ਹੀ ਉਸ ਨੂੰ ਡਰ ਜਿਹਾ ਹੋਣ ਲੱਗਾ ਕਿ ਕਿਤੇ ਇਹ ਸੁਪਨਾ ਅੱਜ ਰਾਤੀਂ ਫਿਰ ਨਾ ਆ ਜਾਵੇ। ਉਸ ਨੇ ਆਪਣੇ ਛੇ ਸਾਲ ਦੇ ਭਤੀਜੇ ਮਿੱਠੂ ਨੂੰ ਆਪਣੇ ਨਾਲ ਪਾ ਲਿਆ।

ਉਸ ਰਾਤ ਉਸ ਨੂੰ ਉਹ ਸੁਪਨਾ ਤਾਂ ਨਾ ਆਇਆ ਪਰ ਜਿਹੜਾ ਆਇਆ, ਉਹ ਉਸ ਨਾਲੋਂ ਵੀ ਅਜੀਬ ਕਿਸਮ ਦਾ ਸੀ। ਉਹ ਡੇਰੇ ਆਲੀ ਢਾਬ ਵਿਚ ਨਹਾ ਰਿਹਾ ਸੀ, ਤੇੜ-ਸਿਰ ਦੇ ਕੱਪੜੇ ਲਾਹ ਕੇ, ਅਲਫ਼ ਨੰਗਾ! ਇਕ ਤੀਮੀਂ ਆਈ ਤੇ ਉਸ ਦੇ ਕੱਪੜੇ ਚੁੱਕ ਕੇ ਪਰਾਂਹ ਵਣਾਂ ਵਿਚ ਜਾ ਲੁਕੀ।

ਏਦਾਂ ਮ੍ਹੀਨਾਂ-ਵੀਹ ਦਿਨ ਉਸ ਨੂੰ ਇਹੋ ਜਿਹੇ ਜਾਂ ਇਨ੍ਹਾਂ ਨਾਲ ਮਿਲਦੇ ਜੁਲਦੇ ਸੁਪਨੇ ਆਉਂਦੇ ਰਹੇ। ਹਰ ਸੁਪਨੇ ਵਿਚ ਕਹਾਣੀ ਵੱਖ ਹੁੰਦੀ ਹੋਈ ਵੀ ਇਕ ਗੱਲ ਸਾਂਝੀ ਹੁੰਦੀ- ਤੀਮੀਂ ਦੇ ਆਉਣ ਦੀ ਗੱਲ।

ਪਹਿਲੇ ਦੋ ਤਿੰਨ ਸੁਪਨਿਆਂ ਨੇ ਤਾਂ ਗੱਜੂ ਨੂੰ ਘਬਰਾਹਟ ਦਿੱਤੀ। ਪਰ ਫੇਰ ਉਸ ਨੂੰ ਇਹ ਸੁਪਨੇ ਚੰਗੇ ਚੰਗੇ ਲੱਗਣ ਲੱਗ ਪਏ। ਉਸ ਨੂੰ ਇਹਨਾਂ ਵਿਚੋਂ ਨਿੱਘ ਜਿਹੀ ਮਿਲਣ ਲੱਗੀ। ਸੱਚੀ ਗੱਲ ਤਾਂ ਇਹ ਹੈ ਕਿ ਜੇ ਹੁਣ ਕਦੀ ਗੱਜੂ ਨੂੰ ਕੋਈ ਅਜਿਹਾ ਸੁਪਨਾ ਨਾ ਆਉਂਦਾ ਤਾਂ ਉਹ ਅਗਲੇ ਦਿਨ ਟੁੱਟਿਆ ਟੁੱਟਿਆ ਜਿਹਾ ਮਹਿਸੂਸ ਕਰਦਾ। ਅਜੀਬ ਗੱਲ ਸੀ ਕਿ ਇਹ ਸੁਪਨੇ ਜਾਂ ਤਾਂ ਉਸ ਨੂੰ ਪੰਦਰਾਂ ਸੋਲਾਂ ਸਾਲ ਦੀ ਉਮਰ ਤੋਂ ਲੈ ਕੇ ਛੱਬੀ-ਸਤਾਈ ਸਾਲ ਦੀ ਉਮਰ ਤਕ ਆਏ ਸਨ ਜਾਂ ਹੁਣ, ਜਦੋਂ ਉਹ ਚਹੁੰ ਤੇ ਚਾਲੀ ਸਾਲ ਦਾ ਹੋ ਚੱਲਿਆ ਸੀ!

ਇਕ ਦਿਨ ਹੋਰ ਹੀ ਭਾਣਾ ਵਰਤਿਆ। ਦਿਨ ਛਿਪੇ ਮੂੰਹ ਨ੍ਹੇਰੇ ਜਿਹੇ ਉਹ ਸੂਏ ਵੱਲ ਜੰਗਲ ਪਾਣੀ ਗਿਆ। ਸਕੂਲ ਵਿਚ ਦੀ ਲੰਘਦਿਆਂ ਉਸ ਨੂੰ ਇਕ ਤੀਮੀਂ ਤੇ ਇਕ ਮਰਦ ਦਾ ਝਉਲਾ ਪਿਆ। ਮਰਦ ਨੇ ਤੀਵੀਂ ਨੂੰ ਆਪਣੀ ਹਿੱਕ ਨਾਲ ਘੁੱਟ ਰੱਖਿਆ ਸੀ। ਗੱਜੂ ਨੇ ਦੋਵਾਂ ਨੂੰ ਜਾ ਗਿੱਚੀ ਤੋਂ ਨੱਪਿਆ। ਇਹ ਤਾਂ ਜੇਠੂ ਬਾਣੀਏ ਦੀ ਵੱਡੀ ਕੁੜੀ ਸ਼ੀਲੋ ਤੇ ਧਰਮੇ ਤਖਾਣ ਦਾ ਮੁੰਡਾ ਘੀਚਰ ਸੀ। ਘੀਚਰ ਉਸ ਦੇ ਪੈਰੀਂ ਪੈ ਗਿਆ, "ਚਾਚਾ ਹੱਥ ਬੰਨ੍ਹਾ ਲੈ, ਅੱਗੇ ਗੱਲ ਨਾ ਕਰੀਂ।"

"ਉਡ ਜੋ ਭੈਣ ਦਿਓ ਦੁੱਗੋ, ਜੇ ਅੱਗੇ ਨੂੰ ਏਹਾ ਜਾ ਕੰਮ ਕੀਤਾ ਤਾਂ ਦੇਖ ਲਿਓ ਫੇਰ?" ਕਹਿਣ ਨੂੰ ਤਾਂ ਗੱਜੂ ਨੇ ਉਹਨਾਂ ਨੂੰ ਕਹਿ ਦਿੱਤਾ ਪਰ ਅੰਦਰੋਂ, ਇਹ ਸਭ ਕੁਝ ਦੇਖ ਕੇ ਉਸ ਨੂੰ ਆਪ ਨੂੰ ਵੀ ਸੁਆਦ ਜਿਹਾ ਆ ਗਿਆ ਸੀ।

ਉਸ ਰਾਤ ਉਸ ਨੂੰ ਫਿਰ ਸੁਪਨਾ ਆਇਆ, ਪਹਿਲਿਆਂ ਸੁਪਨਿਆਂ ਵਰਗਾ ਪਰ ਇਸ ਵਾਰੀ ਉਸ ਨੇ ਸੁਪਨੇ ਵਿਚਲੀ ਤੀਮੀਂ ਨੂੰ ਪਛਾਣ ਲਿਆ- ਇਹ ਤਾਂ ਸੰਤੋ ਸੀ, ਉਸ ਦੀ ਆਪਣੀ ਭਰਜਾਈ।

ਸੁਪਨਾ ਕਾਹਦਾ ਆਇਆ, ਗੱਜੂ ਨੂੰ ਸੂਲੀ 'ਤੇ ਟੰਗ ਗਿਆ। ਕਦੇ ਉਸ ਨੂੰ ਲਗਦਾ, ਉਹ ਕੋਈ ਗੁਨਾਹਗਾਰ ਹੈ ਤੇ ਉਹ ਆਪਣੇ ਆਪ ਨੂੰ ਗਾਲ੍ਹਾਂ ਦੇਣ ਲੱਗ ਪੈਂਦਾ, "ਇਹ ਕੀ ਹੁੰਦਾ ਜਾਂਦੈ ਤੈਨੂੰ ਭੈਣ ਦਿਆ ਦੁੱਗਾ। ਧੌਲੀ ਦਾੜ੍ਹੀ ਹੁਣ ਤੈਨੂੰ ਇਹ ਕੀ ਚਾਅ ਕੁੱਦਣ ਲੱਗ ਪਿਐ!"

ਤੇ ਕਦੇ ਉਸ ਅੰਦਰ ਅੱਗ ਜਿਹੀ ਪੈਦਾ ਹੁੰਦੀ ਜਿਹੜੀ, ਉਸ ਨੂੰ ਲਗਦਾ ਉਸ ਨੂੰ ਸਾੜ ਕੇ ਹੀ ਸਾਹ ਲਵੇਗੀ। ਹਾਲਤ ਇਹ ਹੋ ਗਈ ਕਿ ਸੁਪਨਿਆਂ ਦੀ ਥਾਂ ਹੁਣ ਜਾਗਦਿਆਂ ਵੀ ਉਹ ਇਸ ਸਮੱਸਿਆ ਨਾਲ ਉਲਝਿਆ ਰਹਿੰਦਾ। ਪਤਾ ਨਹੀਂ ਕਿਉਂ, ਉਹ ਸੰਤੋ ਨੂੰ ਹੁਣ ਚੋਰ ਅੱਖ ਨਾਲ ਵੇਖਣ ਲੱਗ ਪਿਆ। ਸੰਤੋ ਉਸ ਤੋਂ ਘੁੰਡ ਕੱਢਦੀ ਸੀ ਪਰ ਇਹ ਘੁੰਡ ਐਵੇਂ ਨਾਂ ਦਾ ਹੀ ਸੀ। ਉਸ ਨੇ ਸੰਤੋ ਦਾ ਚਿਹਰਾ-ਮੋਰ੍ਹਾ ਅੱਗੇ ਵੀ ਸੌ ਵਾਰੀ ਵੇਖਿਆ ਸੀ ਪਰ ਉਹ ਚਿਹਰੇ-ਮੋਰ੍ਹੇ ਵਿਚ ਕੋਈ ਹੋਰ ਹੀ ਗੱਲ ਸੀ।

ਬਿਮਾਰੀ ਵਧਦੀ ਵਧਦੀ ਵਧ ਹੀ ਗਈ। ਅੱਗ ਦੇ ਭਾਂਬੜਾਂ ਨੇ ਗੱਜੂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਸਿਆਲਾਂ ਦੀ ਇਕ ਰਾਤ ਨੂੰ ਜਦੋਂ ਸੱਜਣ ਸੀਰੀ ਨਾਲ ਟਾਹਲੀ ਆਲੇ ਖੇਤ ਪਾਣੀ ਲਾਉਣ ਗਿਆ ਸੀ, ਗੱਜੂ ਆਪਣੇ ਆਪ ਨਾਲ ਘੁਲਦਾ ਸੰਤੋ ਦੇ ਮੰਜੇ ਦੀ ਬਾਹੀ ਉੱਤੇ ਜਾ ਬੈਠਾ। ਕੰਬਦੇ ਹੱਥਾਂ ਨਾਲ ਉਸ ਸੰਤੋ ਦੀ ਬਾਂਹ ਨੂੰ ਹਲੂਣਿਆ। ਸੰਤੋ ਤ੍ਰਭਕ ਕੇ ਉਠੀ, ਜਿਵੇਂ ਕਿਸੇ ਸੁਪਨੇ ਵਿਚੋਂ ਜਾਗੀ ਹੋਵੇ। ਗੱਜੂ ਨੂੰ ਆਪਣੇ ਮੰਜੇ 'ਤੇ ਬੈਠਾ ਵੇਖ ਕੇ ਜਿਵੇਂ ਉਸ ਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ। ਇਕ ਵਾਰ ਤਾਂ ਉਸ ਨੂੰ ਸੱਜਣ ਦਾ ਝਉਲਾ ਵੀ ਪਿਆ ਪਰ ਰਾਤ ਦੇ ਹਨੇਰੇ ਵਿਚ ਵੀ ਉਹ ਗੱਜੂ ਦੀ ਬੁਝੀ ਹੋਈ ਹੋਈ ਅੱਖ ਨੂੰ ਪਛਾਣ ਗਈ। ਉਸ ਅੰਦਰ ਜਿਵੇਂ ਕੋਈ ਸੁੱਤੀ ਹੋਈ ਬਘਿਆੜੀ ਜਾਗ ਪਈ ਹੋਵੇ। ਉਹ ਗੱਜੂ 'ਤੇ ਝਪਟਣ ਹੀ ਵਾਲੀ ਸੀ ਕਿ ਉਸ ਦੀ ਤ੍ਰੀਮਤ-ਸੂਝ ਬੋਲ ਪਈ, "ਸੰਤੋ ਬੰਦੀਏ, ਕੁਝ ਹੋਸ਼ ਕਰ।" ਸਾਰੀ ਸ਼ਕਤੀ 'ਕੱਠੀ ਕਰ ਕੇ ਉਸ ਨੇ ਆਪਣਾ ਗੁੱਸਾ ਕਾਬੂ ਕੀਤਾ ਤੇ ਬੋਲੀ: "ਗੱਜਣਾ, ਜੇ ਬੰਦੇ ਦਾ ਪੁੱਤ ਐਂ ਤਾਂ ਹੁਣੇ ਉਠ ਖੜ੍ਹ ਮੰਜੇ ਤੋਂ।"

ਗੱਜੂ ਦੇ ਸਿਰ ਉੱਤੇ ਜਿਵੇਂ ਕੋਤਰ-ਸੌ ਘੜਾ ਪਾਣੀ ਦਾ ਡੁੱਲ੍ਹ ਗਿਆ ਹੋਵੇ। ਸੰਤੋ ਨੂੰ ਉਹ ਇਕ ਸ਼ਬਦ ਵੀ ਨਾ ਕਹਿ ਸਕਿਆ। ਆਪਣੀ ਬਰਫ ਹੋਈ ਦੇਹ ਨੂੰ ਘਸੀਟਦਾ ਹੋਇਆ ਉਹ ਆਪਣੇ ਮੰਜੇ 'ਤੇ ਆ ਡਿੱਗਾ। ਗਈ ਰਾਤ ਤਕ ਉਹ ਛੱਤ ਦੀਆਂ ਛਤੀਰੀਆਂ ਵੱਲ ਵੇਖਦਾ ਰਿਹਾ। ਜਦੋਂ ਨੀਂਦ ਆਈ ਤਾਂ ਸੁਪਨੇ ਵੀ ਆਏ, ਸੁਪਨੇ ਜਿਨ੍ਹਾਂ ਵਿਚ ਘੋੜਿਆਂ 'ਤੇ ਚੜ੍ਹੀਆਂ ਤੀਮੀਆਂ ਉਸ ਦੀ ਹਿੱਕ ਉੱਤੋਂ ਦੀ ਦਗੜ-ਦਗੜ ਘੋੜੇ ਦਬੱਲੀ ਜਾਂਦੀਆਂ ਹਨ।

ਇਸ ਘਟਨਾ ਤੋਂ ਬਾਅਦ ਗੱਜੂ ਬਾਹਰਲੇ ਘਰ ਸੌਣ ਲੱਗ ਪਿਆ। ਇਸ ਘਟਨਾ ਤੋਂ ਬਾਅਦ ਗੱਜੂ ਮਰਜ਼ੀ ਨਾਲ ਕੋਈ ਕੰਮ ਕਰਦਾ, ਮਰਜ਼ੀ ਨਾਲ ਨਾ ਕਰਦਾ। ਇਸ ਘਟਨਾ ਤੋਂ ਬਾਅਦ ਗੱਜੂ ਨੂੰ ਕੋਈ ਤੋੜ ਜਿਹੀ ਲੱਗੀ ਰਹਿੰਦੀ ਤੇ ਉਹ ਇਸ ਤੋੜ ਨੂੰ ਕੰਡਾ ਖਾ ਕੇ ਤੋੜਨ ਦੀ ਕੋਸ਼ਿਸ ਕਰਦਾ। ਇਸ ਘਟਨਾ ਤੋਂ ਬਾਅਦ ਗੱਜੂ ਦਾ ਨੰਦ ਬੰਗਾਲੀ ਕੋਲ ਉਠਣ ਬਹਿਣ ਹੋ ਗਿਆ ਤੇ ਇਸ ਘਟਨਾ ਤੋਂ ਬਾਅਦ ਗੱਜੂ ਨੇ ਮੁੱਲ ਦੀ ਤੀਮੀਂ ਲਿਆਉਣ ਦਾ ਫੈਸਲਾ ਕਰ ਕੇ ਆਪਣੇ ਛੋਟੇ ਭਾਈ ਨੂੰ ਸੌ ਦੀ ਇਕ ਸੁਣਾਈ: "ਮੇਰੇ ਹਿੱਸੇ ਦੀ ਜਮੀਨ ਵੰਡ ਦੇ, ਨਹੀਂ ਤਾਂ ਪੰਚੈਤ 'ਕੱਠੀ ਕਰਨੀ ਪਊ।"

ਜਦੋਂ ਕੋਈ ਵੀ ਹੀਲਾ ਲੋਟ ਨਾ ਆਇਆ ਤਾਂ ਅਖੀਰ ਸੱਜਣ ਨੇ ਹਥਿਆਰ ਸੁੱਟ ਦਿੱਤੇ- "ਚੰਗਾ ਭਰਾਵਾ, ਜਿਮੇਂ ਤੇਰੀ ਮਰਜ਼ੀ ਐ ਕਰ ਲੈ। ਜ਼ਮੀਨ ਵਿਚ ਤੇਰਾ ਅੱਧ ਐ, ਪਰਸੋਂ ਵੰਡ

ਲਾਂਗੇ। ਪੰਚੈਤ ਕਾਹਨੂੰ ਪਾਉਣੀ ਐ ਵਿਚਾਲੇ। ਐਮੇਂ ਕੋਈ ਕੁਸ਼ ਆਖੂ, ਕੋਈ ਕੁਸ਼। ਮੈਂ ਅੱਜ ਜਾ ਕੇ ਕੱਲ੍ਹ ਨੂੰ ਮਾਮੇ ਨੂੰ ਲੈ ਆਉਨੈਂ। ਘਰ ਦੀ ਗੱਲ ਘਰ ਵਿਚ ਨਿਬੜ ਜੂ।"

ਸੱਜਣ ਤਾਂ ਐਨੀ ਕਹਿ ਕੇ ਨਾਨਕੀਂ ਮਾਮੇ ਨੂੰ ਲੈਣ ਚਲਿਆ ਗਿਆ ਪਰ ਸੰਤੋ ਆਪਣੇ ਆਪ ਨਾਲ ਉਲਝੀ ਰਹੀ। ਸੱਚੀ ਗੱਲ ਤਾਂ ਇਹ ਹੈ ਕਿ ਸੰਤੋ ਇਹ ਗੱਲ ਸੁਪਨੇ ਵਿਚ ਵੀ ਨਹੀਂ ਸੀ ਸੋਚ ਸਕਦੀ ਕਿ ਗੱਜੂ ਤੀਮੀਂ ਸੱਚਮੁੱਚ ਹੀ ਲੈ ਆਵੇਗਾ। ਭਿਣਕ ਤਾਂ ਉਹਨੂੰ ਮਹੀਨਾ ਭਰ ਪਹਿਲਾਂ ਹੀ ਪੈ ਗਈ ਸੀ ਜਦੋਂ ਗੱਜੂ ਨੰਦ ਬੰਗਾਲੀ ਕੋਲ ਜਾਣ ਆਉਣ ਲੱਗ ਪਿਆ ਸੀ ਪਰ ਉਹ ਸੋਚਦੀ ਸੀ, ਐਵੇਂ ਦੋ ਚਾਰ ਦਿਨ ਦਾ ਪਾਲਗਪਣ ਐ, ਆਪੇ ਠੀਕ ਹੋ ਜੂ। ਪਰ ਉਹਨੂੰ ਕੀ ਪਤਾ ਸੀ, ਗੱਜੂ ਆਪਣੀ ਹਿੰਡ ਨੂੰ ਏਨੀ ਦੂਰ ਤਕ ਲੈ ਜਾਵੇਗਾ।

ਹੁਣ ਜਦੋਂ ਗੱਲ ਜ਼ਮੀਨ ਵੰਡਣ ਤਕ ਆ ਪਹੁੰਚੀ ਤਾਂ ਸੰਤੋ ਨੂੰ ਲੱਗਿਆ, ਉਸ ਦਾ ਤਾਂ ਬਣਿਆ ਬਣਾਇਆ ਘਰ ਢਹਿ-ਢੇਰੀ ਹੋਣ ਲੱਗਾ ਐ। ਅੱਠਾਂ ਵਿਚੋਂ ਚਾਰ ਕਿਲੇ ਗੱਜੂ ਲੈ ਜੂ ਤਾਂ ਉਹਦੇ ਦੋ ਪੁੱਤਾਂ ਪੱਲੇ ਕੀ ਪਊ? ਅੱਗ ਤੇ ਸੁਆਹ? ਚਾਰ ਕਿੱਲਿਆਂ ਨੂੰ ਤਾਂ ਕਿਸੇ ਧੀ ਵਾਲੇ ਨੇ ਇਸ ਘਰ ਵੱਲ ਮੂੰਹ ਵੀ ਨਹੀਂ ਕਰਨਾ। ਇਕ ਨੂੰ ਤਾਂ ਦੋ ਹੀ ਆਏ? ਫੇਰ ਉਹ ਨਪੁੱਤਿਆਂ ਦੀ ਪਤਾ ਨੀ ਕੇਹੇ ਜੇ ਘਰ ਦੀ ਹੋਊ? ਕਿਸੇ ਚੂੜ੍ਹੀ ਚਮਾਰੀ ਦੀ 'ਲਾਦ ਮੇਰੇ ਪੁੱਤਾਂ ਦੀ ਸ਼ਰੀਕ ਬਣੂੰ। ਸ਼ਰੀਕੇ ਦਾ ਦਾਗ ਆਪ ਨੂੰ ਕੇਹੜਾ ਨਹੀਂ ਲੱਗੂ। ਮੈਂ ਬੀ ਐਮੇਂ ਜਿੱਦ ਜਿੱਦ ਵਿਚ ਸਾਰੀ ਖੇਡ ਬਗਾੜ ਲੀ। ਕੋਈ ਬਗਾਨਾ ਤਾਂ ਨੀ ਸੀ, ਸੱਜਣ ਦਾ ਈ ਭਾਈ ਐ! ਉਹ ਵੀ ਤੀਮੀਆਂ ਨੇ ਜਿਹੜੀਆਂ ਸੱਤ ਬਗਾਨਿਆਂ ਨਾਲ ਜਾ ਕੇ ਖੇਹ ਖਾਂਦੀਆਂ ਨੇ। ਇਹ ਤਾਂ ਫਿਰ ਘਰ ਦੀ ਘਰ ਵਿਚ ਗੱਲ ਐ। ਨਾਲੇ ਮਾੜੀ ਗੱਲ ਤਾਂ ਤਾਂ ਹੋਵੇ, ਜੇ ਘਰ ਦਾ ਬੰਦਾ ਬੁਰੀ ਮੰਨੇ। ਸੱਜਣ ਤਾਂ ਆਪ ਕੈ ਬਾਰ ਆਨੀਂ ਬਹਾਨੀਂ ਕਹਿ ਬੈਠੇ! "ਜਾ ਨੀ ਸੰਤੋ ਕਮਲੀਏ, ਆਪਣੇ ਹੱਥੀਂ ਆਪਣੀ ਖੇਡ ਆਪ ਹੀ ਬਗਾੜੀ ਜਾਨੀ ਐਂ। ਜੱਗ ਵਿਚ ਤੈਨੂੰ ਕੌਣ ਸਿਆਣੀ ਆਖੂ...।"

ਸੋਚਾਂ ਸੋਚਦੀ ਸੰਤੋ ਨੂੰ ਰਾਤ ਪੈ ਗੀ। ਰੋਟੀ ਦਾ ਰਾੜ੍ਹਾ-ਬੀੜ੍ਹਾ ਕਰ ਕੇ ਉਸ ਨੇ ਗੜਬੀ ਚੁੱਕੀ ਤੇ ਪੰਪ ਤੋਂ ਭਰ ਲਈ। 'ਕੱਲੀ ਹੀ ਬਾਹਰ-ਕੰਨੀਂ ਚੱਲ ਪਈ। ਮੁੜਦੀ ਹੋਈ ਬੇਧੜਕ ਹੋ ਕੇ ਬਾਹਰਲੇ ਘਰ ਜਾ ਵੜੀ। ਗੱਜੂ ਮੰਜੇ 'ਚ ਪਿਆ ਖਊਂ-ਖਊਂ ਕਰ ਰਿਹਾ ਸੀ। ਉਸ ਦੇ ਮੰਜੇ ਦੀ ਬਾਹੀ 'ਤੇ ਬਹਿ ਕੇ ਉਹ ਭਰਜਾਈਆ ਵਾਲੇ ਮਿੱਠੇ ਅੰਦਾਜ਼ ਵਿਚ ਬੋਲੀ, "ਮਖਾਂ ਸੌਂ ਗਿਆ ਮਿੱਠੂ ਦੇ ਤਾਇਆ।"

ਦੂਜੇ ਦਿਨ ਜਦੋਂ ਸੱਜਣ ਆਪਣੇ ਮਾਮੇ ਨੂੰ ਲੈ ਕੇ ਮੁੜਿਆ ਤਾਂ ਸੰਤੋ ਨੇ ਉਸ ਨੂੰ ਅੰਦਰ ਲਿਜਾ ਕੇ ਕਿਹਾ, "ਸਾਰਾ ਕੁਸ਼ ਠੀਕ-ਠਾਕ ਹੋ ਗਿਆ। ਮੈਂ ਡੰਮ੍ਹ ਆਈ ਆਂ ਰਾਤ ਕਾਣੇ-ਬਹੇੜ ਦਾ ਮੱਥਾ।"

ਸੁਣ ਕੇ ਸੱਜਣ ਨੂੰ ਜਿਵੇਂ ਪਹਿਲੇ ਤੋੜ ਦੀ ਦਾਰੂ ਅਰਗਾ ਨਸ਼ਾ ਆ ਗਿਆ ਹੋਵੇ। "ਓਏ ਨਹੀਂ ਰੀਸਾਂ ਬਸੰਤ ਕੁਰ ਦੀਆਂ" ਕਹਿ ਕੇ ਉਸ ਨੇ ਸੰਤੋ ਨੂੰ ਜੱਫੀ ਵਿਚ ਘੁੱਟ ਕੇ ਇਕ ਨਹੀਂ, ਸੌ ਵਾਰੀ ਚੁੰਮਿਆ। 000

ਮੇਓ ਸਾਈਡਿੰਗ 'ਤੇ ਔਰਤਾਂ ਅਤੇ ਬੱਚੇ

ਹੀਊ ਜੇ. ਐਮ. ਜੌਹਨਸਟੋਨ: ਅਨੁਵਾਦਕ: ਹਰਪ੍ਰੀਤ ਸੇਖਾ

(ਸੰਨ 2011 ਵਿਚ ਛਪੀ ਆਪਣੀ ਕਿਤਾਬ 'ਜਿਊਲਜ਼ ਆਫ ਦੀ ਕਿਲਾ' ਵਿਚ ਕੈਨੇਡੀਅਨ ਇਤਿਹਾਸਕਾਰ ਹਿਊ ਜਾਹਨਸਨ ਨੇ ਇਕ ਮੋਢੀ ਕੈਨੇਡੀਅਨ ਪੰਜਾਬੀ ਕਪੂਰ ਸਿੰਘ ਦੇ ਪਰਿਵਾਰ ਦੀਆਂ ਤਿੰਨ ਪੁਸ਼ਤਾਂ ਦੀ ਕਹਾਣੀ ਦੱਸੀ ਹੈ। ਕਪੂਰ ਸਿੰਘ ਸੰਨ 1912 ਵਿਚ ਕੈਨੇਡਾ ਆਇਆ। ਇੱਥੇ ਉਸ ਨੇ ਲੱਕੜ ਦੀ ਮਿੱਲ ਵਿਚ ਇਕ ਮਜ਼ਦੂਰ ਵਜੋਂ ਕੰਮ ਸ਼ੁਰੂ ਕੀਤਾ ਅਤੇ ਬਾਅਦ ਵਿਚ ਸਖ਼ਤ ਮਿਹਨਤ ਅਤੇ ਲਗਨ ਨਾਲ ਉਹ ਆਪਣੀ ਲੱਕੜ ਮਿੱਲ ਲਾਉਣ ਵਿਚ ਕਾਮਯਾਬ ਹੋਇਆ। 'ਜਿਊਲਜ਼ ਆਫ ਦੀ ਕਿਲਾ' ਦੀ ਕਹਾਣੀ ਜਿੱਥੇ ਕੈਨੇਡਾ ਵਿਚ ਕਪੂਰ ਸਿੰਘ ਦੀ ਨਿੱਜੀ ਜੱਦੋਜਹਿਦ ਬਾਰੇ ਦੱਸਦੀ ਹੈ, ਉੱਥੇ ਇਹ ਕੈਨੇਡਾ ਵਿਚ ਇੰਡੋ-ਕੈਨੇਡੀਅਨ ਭਾਈਚਾਰੇ ਦੇ ਇਤਿਹਾਸ ਬਾਰੇ ਮਹੱਤਵਪੂਰਨ ਜਾਣਕਾਰੀ ਵੀ ਮੁਹੱਈਆ ਕਰਦੀ ਹੈ। 'ਕਿਲੇ ਦੇ ਮੋਤੀ' ਨਾਂ ਹੇਠ ਇਸ ਕਿਤਾਬ ਦਾ ਪੰਜਾਬੀ ਅਨੁਵਾਦ ਕੈਨੇਡਾ ਵਸਦੇ ਪੰਜਾਬੀ ਕਹਾਣੀਕਾਰ ਹਰਪ੍ਰੀਤ ਸੇਖਾ ਨੇ ਕੀਤਾ ਹੈ। ਪੇਸ਼ ਹੈ ਇਸ ਕਿਤਾਬ ਦਾ ਇਕ ਕਾਂਡ। -ਸੰਪਾਦਕ)

ਕਪੂਰ ਦੀ ਪੀੜ੍ਹੀ ਦੀਆਂ ਔਰਤਾਂ ਘਰਾਂ ਅਤੇ ਪਿੰਡਾਂ ਵਿਚ ਹੀ ਰਹਿੰਦੀਆਂ ਸਨ, ਜਦੋਂ ਕਿ ਆਦਮੀਆਂ ਵਿਚੋਂ ਬਹੁਤੇ ਯਾਤਰਾ ਕਰਦੇ ਸਨ। ਮਲਾਹਾਂ ਦੇ ਭਾਈਚਾਰੇ ਵਾਂਗ ਔਰਤਾਂ ਆਪਣੇ ਪਿਓਆਂ ਅਤੇ ਪਤੀਆਂ ਨੂੰ ਸਮੁੰਦਰੀ ਯਾਤਰਾ ਲਈ ਤੋਰ ਕੇ ਦੂਰ ਦੁਮੇਲ ਤਕ ਉਨ੍ਹਾਂ ਨੂੰ ਜਾਂਦਿਆਂ ਦੇਖਦੀਆਂ, ਜਦੋਂ ਤਕ ਉਹ ਦਿਸਣੋਂ ਨਾ ਹਟ ਜਾਂਦੇ। ਅਤੇ ਫਿਰ ਉਨ੍ਹਾਂ ਦੀ ਵਾਪਸੀ ਦੀ ਉਡੀਕ ਕਰਦੀਆਂ। ਉਨ੍ਹਾਂ ਵਿਚੋਂ ਕੁਝ ਸਾਲਾਂ ਬਾਅਦ ਮੁੜ ਆਉਂਦੇ ਪਰ ਕਈ ਵਾਪਸ ਆਉਣ ਵਿਚ ਸਫਲ ਨਾ ਹੁੰਦੇ। ਕਪੂਰ ਦਾ ਦੋਸਤ ਕਰਤਾਰ ਸਿੰਘ ਹੁੰਦਲ ਆਪਣੀ ਛੋਟੀ ਉਮਰ ਦੀ ਪਤਨੀ ਨੂੰ ਪਿੱਛੇ ਛੱਡ ਕੇ ਗਿਆ ਸੀ, ਜਿਸ ਨੂੰ ਬਾਅਦ ਵਿਚ ਉਹ ਕਦੇ ਵੀ ਨਾ ਮਿਲਿਆ। ਜਦੋਂ ਕਰਤਾਰ ਦੇ ਪਿਤਾ ਨੂੰ ਯਕੀਨ ਹੋ ਗਿਆ ਕਿ ਉਹ ਵਾਪਸ ਨਹੀਂ ਮੁੜੇਗਾ ਤਾਂ ਉਸ ਨੇ ਉਸਦੀ ਛੱਡੀ ਹੋਈ ਪਤਨੀ ਉੱਪਰ ਕਰਤਾਰ ਦੇ ਛੋਟੇ ਭਰਾ ਤੋਂ ਚਾਦਰ ਪਵਾ ਦਿੱਤੀ। ਜੱਟ ਸਿੱਖਾਂ ਵਿਚ ਇਸ ਤਰ੍ਹਾਂ ਦੀ ਸਹੂਲਤ ਵਿਧਵਾ ਔਰਤਾਂ ਲਈ ਹੁੰਦੀ ਸੀ। ਪਿੰਡ ਦੇ ਸਮਾਜ ਦੀ ਤਾਕਤ ਬਹੁਤੇ ਵਿਆਹਾਂ ਨੂੰ ਸਬੂਤਾ ਰੱਖਦੀ, ਭਾਵੇਂ ਪਤੀ ਦੇਰ ਤੋਂ ਬਾਹਰ ਗਏ ਹੋਣ। ਔਰਤਾਂ ਬਾਕੀ ਦੇ ਪਰਿਵਾਰ ਦੇ ਸਾਥ ਵਿਚ ਖੁਸ਼ ਰਹਿੰਦੀਆਂ। ਇਹ ਪਰਿਵਾਰ ਭਾਵੇਂ ਉਸਦੇ ਪਤੀ ਦਾ ਹੋਵੇ, ਜਿਵੇਂ ਕਰਤਾਰ ਦੀ ਘਰਵਾਲੀ ਦਾ ਕੇਸ ਸੀ, ਜਾਂ ਆਪਣੇ ਪੇਕਿਆਂ ਦਾ ਜਿਵੇਂ ਬਸੰਤ ਕੌਰ ਦਾ। ਅਖੀਰ 'ਤੇ ਬਹੁਤੇ ਘਰਵਾਲੇ ਵਾਪਸ ਮੁੜੇ ਜਾਂ ਪਤਨੀਆਂ ਨੂੰ ਆਪਣੇ ਨਾਲ ਲੈ ਗਏ। ਦੋਹਾਂ ਕੇਸਾਂ ਵਿਚ ਹੀ ਪਤਨੀਆਂ ਨੇ ਆਪਣੇ ਪਤੀਆਂ ਨੂੰ ਪਿੰਡਾਂ ਦੀਆਂ ਕਦਰਾਂ-ਕੀਮਤਾਂ ਨਾਲ ਜੁੜਨ ਵਿਚ ਮੱਦਦ ਕੀਤੀ, ਜਿਨ੍ਹਾਂ ਨੂੰ ਉਹ ਪਿੱਛੇ ਛੱਡ ਗਏ ਸਨ ਜਾਂ ਭੁੱਲ ਗਏ ਸਨ।

ਕਨੇਡਾ ਵਿਚ ਸਾਊਥ ਏਸ਼ੀਅਨ ਬੰਦਿਆਂ ਲਈ ਆਪਣੀਆਂ ਬੀਵੀਆਂ ਨੂੰ ਆਪਣੇ ਕੋਲ ਬੁਲਾਉਣ ਦਾ ਹੱਕ ਭਾਵੁਕ ਮਸਲਾ ਸੀ, ਜਿਸ ਨੂੰ ਹੱਲ ਹੋਣ ਵਿਚ ਵਰ੍ਹੇ ਲੱਗ ਗਏ। ਕਪੂਰ ਹਾਲੇ ਕੈਲੇਫੋਰਨੀਆ ਹੀ ਸੀ ਜਦੋਂ ਦੋ ਐਕਟੇਵਿਸਟ ਬਲਵੰਤ ਸਿੰਘ ਖੁਰਦਪੁਰ ਅਤੇ ਭਾਗ ਸਿੰਘ ਭਿਖੀਵਿੰਡ ਭਾਰਤ ਆਪਣੇ ਪਰਿਵਾਰਾਂ ਕੋਲ ਗਏ ਅਤੇ ਉਨ੍ਹਾਂ ਨੂੰ ਆਪਣੇ ਨਾਲ ਕਨੇਡਾ ਲਿਆਉਣ ਲਈ ਜ਼ੋਰਦਾਰ ਕੋਸ਼ਿਸ਼ਾਂ ਕੀਤੀਆਂ। ਇਸ ਤਰ੍ਹਾਂ ਕਰਨ ਦਾ ਮਤਲਬ ਆਪਣੇ ਭਾਈਚਾਰੇ ਨੂੰ ਮੱਦਦ ਪਹੁੰਚਾਉਣਾ ਸੀ। ਜਦੋਂ ਉਨ੍ਹਾਂ ਦਾ ਜਹਾਜ਼ ਜਨਵਰੀ 1912 ਵਿਚ ਵੈਨਕੂਵਰ ਦੀ ਬੰਦਰਗਾਹ 'ਤੇ

ਲੱਗਿਆ ਤਾਂ ਸੱਤ ਸੌ ਸਿੱਖ ਹਮਾਇਤੀਆਂ ਦਾ ਸ਼ੋਰ ਮਚਾਉਂਦਾ ਇਕੱਠ ਉਨ੍ਹਾਂ ਦੇ ਸਵਾਗਤ ਲਈ ਇੱਕਠਾ ਹੋਇਆ ਅਤੇ ਉਨ੍ਹਾਂ ਦੇ ਕਨੇਡਾ ਵਿਚਲੇ ਹਮਵਤਨੀਆਂ ਨੇ ਅਗਲੇ ਛੇ ਮਹੀਨੇ ਅੰਦੋਲਨ ਕੀਤਾ। ਆਖਰ ਓਟਵਾ ਕੁਝ ਢਿੱਲਾ ਪਿਆ ਅਤੇ ਪਰਿਵਾਰਾਂ ਨੂੰ ਇੱਥੇ ਰਹਿਣ ਦਿੱਤਾ ਅਤੇ ਨਾਲ ਹੀ ਸਪਸ਼ਟ ਕੀਤਾ ਕਿ ਭਾਈਚਾਰੇ ਵਿਚੋਂ ਕੋਈ ਹੋਰ ਇਸ ਵਿਹਾਰ ਦੀ ਉਮੀਦ ਨਾ ਰੱਖੇ। ਅਸਲ ਵਿਚ ਜਦੋਂ ਵੀ ਸਰਕਾਰ ਨੂੰ ਵੰਗਾਰਨ ਵਾਲੇ ਲੋਕ ਇਸਦੇ ਫੈਸਲਿਆਂ ਨਾਲ ਲੜਨ ਲਈ ਆਪਣਾ ਦ੍ਰਿੜ ਇਰਾਦਾ ਤੇ ਅਟੱਲਤਾ ਦਿਖਾਉਂਦੇ ਅਤੇ ਲੋੜੀਂਦੇ ਸਾਧਨ ਜੁਟਾਉਂਦੇ, ਸਰਕਾਰ ਪਿੱਛੇ ਹਟ ਜਾਂਦੀ। ਇਮੀਗਰੇਸ਼ਨ ਵਿਭਾਗ ਨੇ ਢਿੱਲਾ ਪੈ ਕੇ ਔਰਤਾਂ ਨੂੰ ਇੱਥੇ ਉੱਤਰਨ ਦੀ ਆਗਿਆ ਦੇ ਦਿੱਤੀ। ਕਿਸੇ ਕਾਨੂੰਨੀ ਟਕਰਾਅ ਅਤੇ ਮਿਸਾਲ ਬਣਨ ਤੋਂ ਬਚਣ ਲਈ ਇਸ ਕੇਸ ਨੂੰ "ਰਹਿਮ ਦੇ ਆਧਾਰ 'ਤੇ" ਆਖ ਦਿੱਤਾ। ਅਤੇ ਇਹ ਸਵੀਕਾਰ ਕਰਨ ਤੋਂ ਵੀ ਇਨਕਾਰ ਕੀਤਾ ਕਿ ਉਨ੍ਹਾਂ ਕੋਲ ਦਾਖਲੇ ਦਾ ਹੱਕ ਸੀ। ਸਰਕਾਰੀ ਅੰਕੜੇ ਦੱਸਦੇ ਹਨ ਕਿ ਪਹਿਲੀ ਸੰਸਾਰ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਛੇ ਸਾਲਾਂ ਵਿਚ ਸਿਰਫ ਸੱਤ ਔਰਤਾਂ ਅਤੇ ਬਾਰਾਂ ਬੱਚੇ ਦੇਸ਼ ਵਿਚ ਦਾਖਲ ਹੋਏ। ਇਨ੍ਹਾਂ ਔਰਤਾਂ ਅਤੇ ਬੱਚਿਆਂ ਵਿਚੋਂ ਕੁਝ ਤੁਰੰਤ ਹੀ ਕਨੇਡਾ ਨੂੰ ਛੱਡ ਗਏ। ਇਸ ਲਈ ਜੰਗ ਖਤਮ ਹੋਣ ਤਕ ਇੱਥੇ ਕਦੇ ਵੀ ਇੱਕੋ ਵੇਲੇ ਤਿੰਨ ਜਾਂ ਚਾਰ ਪਰਿਵਾਰਾਂ ਤੋਂ ਵੱਧ ਨਹੀਂ ਸੀ। ਇਹ ਉੱਭਰਵੀਆਂ ਅਤੇ ਕੁਝ ਮਾਮਲਿਆਂ ਵਿਚ ਦੁਖਦਾਈ ਕਹਾਣੀਆਂ ਵਾਲਾ ਇਕ ਛੋਟਾ ਗਰੁੱਪ ਸੀ। ਦੋ ਕੁ ਸਾਲਾਂ ਬਾਅਦ ਭਾਰਤ ਵਾਪਸ ਮੁੜਨ ਵਾਲਿਆਂ ਵਿਚ ਐਕਟੇਵਿਸਟ ਬਲਵੰਤ ਸਿੰਘ ਦੀ ਪਤਨੀ ਅਤੇ ਉਨ੍ਹਾਂ ਦੇ ਤਿੰਨ ਛੋਟੇ ਬੱਚੇ ਵੀ ਸਨ। 1914 ਦੀ ਪੱਤਝੜ ਵਿਚ ਉਹ ਬਲਵੰਤ ਸਿੰਘ ਦੇ ਨਾਲ ਹੀ ਸਾਨਫ੍ਰਾਂਸਿਸਕੋ ਤੋਂ ਜਹਾਜ਼ ਚੜ੍ਹੇ ਅਤੇ ਸਿੰਗਾਪੁਰ ਤਕ ਬਲਵੰਤ ਸਿੰਘ ਦੇ ਨਾਲ ਗਏ, ਉੱਥੇ ਬਲਵੰਤ ਸਿੰਘ ਨੂੰ ਗਦਰ ਦਾ ਕੰਮ ਸੀ । ਉਹ ਉੱਥੇ ਰੁਕ ਗਿਆ ਅਤੇ ਪਰਿਵਾਰ ਭਾਰਤ ਚਲਿਆ ਗਿਆ। ਬਾਅਦ ਵਿਚ ਉਹ ਉਸ ਨੂੰ ਕਦੇ ਵੀ ਨਾ ਮਿਲ ਸਕੇ। ਭਾਗ ਸਿੰਘ ਦੀ ਪਤਨੀ, ਹਰਨਾਮ ਕੌਰ 1914 ਦੇ ਸ਼ੁਰੂ ਵਿਚ ਆਪਣੇ ਦੂਜੇ ਬੱਚੇ ਦੇ ਜਨਮ ਤੋਂ ਨੌਂ ਦਿਨਾਂ ਬਾਅਦ ਡਾਕਟਰੀ ਗੁੰਝਲਾਂ ਕਾਰਣ ਮਰ ਗਈ। ਇਹ ਭਾਣਾ ਭਾਗ ਸਿੰਘ ਦੇ ਬੇਲਾ ਸਿੰਘ ਵਾਲੇ ਬਦਨਾਮ ਗੋਲੀਕਾਂਡ ਵਿਚ ਮਰਨ ਤੋਂ ਸੱਤ ਮਹੀਨੇ ਪਹਿਲਾਂ ਵਾਪਰਿਆ। ਉਸਦੇ ਸਸਕਾਰ ਦੀਆਂ ਸਨਸਨੀਖੇਜ਼ ਖਬਰਾਂ ਵੈਨਕੂਵਰ ਦੇ ਅਖਬਾਰਾਂ ਦੇ ਪਹਿਲੇ ਸਫੇ 'ਤੇ ਛਪੀਆਂ।

ਇਨ੍ਹਾਂ ਅਖਬਾਰਾਂ ਨੇ ਸ਼ਾਇਦ ਕੋਸ਼ਿਸ਼ ਨਾ ਕੀਤੀ ਹੋਵੇ ਕਿ ਪਤਾ ਕਰਨ ਕਿ ਹਰਨਾਮ ਕੌਰ ਦੇ ਬੱਚਿਆਂ ਨਾਲ ਕੀ ਬੀਤਿਆ। ਉਹ ਉਸ ਭਾਈਚਾਰੇ ਵਿਚ ਅਨਾਥ ਹੋ ਗਏ ਸਨ, ਜਿੱਥੇ ਸਾਰੇ ਮਰਦ ਹੀ ਸਨ। ਜੇ ਇਨ੍ਹਾਂ ਅਖਬਾਰਾਂ ਨੇ ਪੜਤਾਲ ਕੀਤੀ ਹੁੰਦੀ ਤਾਂ ਇਨ੍ਹਾਂ ਨੂੰ ਪਤਾ ਲੱਗਦਾ ਕਿ ਨਵ-ਜਨਮੀ ਬੱਚੀ ਅਤੇ ਇਕ ਛੋਟੇ ਮੁੰਡੇ ਦੀ ਜ਼ਿੰਮੇਵਾਰੀ ਵੈਨਕੂਵਰ ਦੇ ਗੁਰਦਵਾਰੇ ਨੇ ਉਠਾਈ ਅਤੇ ਇਨ੍ਹਾਂ ਬੱਚਿਆਂ ਦੀ ਸੰਭਾਲ 'ਇਕ ਗੋਰੀ ਔਰਤ' (ਗੁਰਦਵਾਰੇ ਦੇ ਰਿਕਾਰਡ ਵਿਚ ਇਸੇ ਤਰ੍ਹਾਂ ਦਰਜ ਹੈ) ਦੇ ਸਪੁਰਦ ਕੀਤੀ। ਇਸ ਔਰਤ ਦਾ ਨਾਂ ਐਨੀ ਰਾਈਟ ਸੀ ਅਤੇ ਪੰਜਾਬੀ ਨਾਂ ਬੀਬੀ ਲਾਭ ਕੌਰ। ਉਸ ਨੇ ਆਪਣੇ ਕੁਝ ਰਿਸ਼ਤੇਦਾਰਾਂ ਦੇ ਵਿਰੋਧ ਦੇ ਬਾਵਜੂਦ ਛੇ ਸਾਲ ਪਹਿਲਾਂ ਮੁਨਸ਼ਾ ਸਿੰਘ ਨਾਲ ਵਿਆਹ ਕਰਵਾਇਆ ਸੀ। ਨੌਜਵਾਨ ਸਿੱਖ, ਮੁਨਸ਼ਾ ਸਿੰਘ ਅੰਗ੍ਰੇਜ਼ੀ ਵਿਚ ਰਵਾਂ ਸੀ। ਦੋ ਸਿੱਖ ਅਨਾਥ ਬੱਚਿਆਂ ਲਈ ਐਨੀ ਰਾਈਟ ਸਭ ਤੋਂ ਢੁੱਕਵੀਂ ਪਾਲਣਹਾਰੀ ਮਾਂ ਸੀ ਪਰ ਗੁਰਦਵਾਰੇ ਦੀ ਪ੍ਰਬੰਧਕੀ ਕਮੇਟੀ ਪੰਜਾਬੀ ਮਾਂ ਤੋਂ ਬਿਨਾਂ ਵੱਡੀ ਹੋ ਰਹੀ ਬੱਚੀ ਲਈ ਫਿਕਰਮੰਦ ਸੀ। ਅਤੇ ਉਨ੍ਹਾਂ ਨੇ ਜਦੋਂ ਬੱਚੀ ਛੇ ਸਾਲ ਦੀ ਹੋਈ,ਐਨੀ ਤੋਂ ਵਾਪਸ ਲੈ ਕੇ ਪੰਜਾਬ ਭੇਜ ਦਿੱਤੀ।

ਪਹਿਲੀ ਸੰਸਾਰ ਜੰਗ ਵੇਲੇ ਕਨੇਡਾ ਵਿਚ ਰਹਿ ਰਹੀਆਂ ਦੋ ਜਾਂ ਤਿੰਨ ਸਾਊਥ ਏਸ਼ੀਅਨ ਔਰਤਾਂ ਵਿਚ ਹੀਰਾ ਸਿੰਘ ਦੀ ਪਤਨੀ ਅਤੇ ਹਾਕਮ ਸਿੰਘ ਹੁੰਦਲ ਦੀ ਮਾਂ ਵੀ ਸਨ। ਇਹ ਆਦਮੀ ਭਾਰਤੀ ਸੈਨਾ ਦੇ ਸੇਵਾ-ਮੁਕਤ ਸੈਨਿਕ ਸਨ ਅਤੇ ਗੁਰੂ ਨਾਨਕ ਮਾਈਨਿੰਗ ਐਂਡ ਟਰੱਸਟ ਕੰਪਨੀ ਦੇ ਮੁੱਢਲੇ ਡਾਇਰੈਕਟਰ। ਬ੍ਰਿਟਿਸ਼ ਕੋਲੰਬੀਆ ਵਿਚ ਜਾਇਦਾਦ ਬਣਾਉਣ ਤੋਂ ਬਾਅਦ ਉਹ ਆਪਣੇ

ਪਰਿਵਾਰਾਂ ਨੂੰ ਲੈਣ ਭਾਰਤ ਗਏ। 1911 ਵਿਚ ਵਾਪਸੀ ਵੇਲੇ ਹੀਰਾ ਸਿੰਘ ਨੂੰ ਇਮੀਗਰੇਸ਼ਨ ਵਿਭਾਗ ਨਾਲ ਦੇਸ਼ ਨਿਕਾਲੇ ਦੇ ਆਦੇਸ਼ਾਂ ਬਾਰੇ ਤਿੰਨ ਮਹੀਨੇ ਜੱਦੋ-ਜਹਿਦ ਕਰਨੀ ਪਈ ਅਤੇ ਅਖੀਰ ਆਪਣੀ ਪਤਨੀ ਅਤੇ ਤਿੰਨ ਸਾਲਾ ਬੇਟੀ ਨੂੰ ਲੈ ਆਇਆ ਅਤੇ ਇਹ ਆਗਿਆ 'ਰਹਿਮ ਦੇ ਅਧਾਰ 'ਤੇ' ਸੀ। 1912 ਦੀ ਬਹਾਰ ਰੁੱਤ ਦੇ ਪਿਛਲੇ ਪੱਖ ਵਿਚ ਉਸਦੀ ਪਤਨੀ ਨੇ ਵੈਨਕੂਵਰ ਵਿਚ ਸਲਵੇਸ਼ਨ ਆਰਮੀ ਦੇ ਪ੍ਰਸੂਤ ਘਰ ਵਿਚ ਆਪਣੇ ਦੂਜੇ ਬੱਚੇ ਨੂੰ ਜਨਮ ਦਿੱਤਾ। ਇਹ ਤੀਜਾ ਸਾਊਥ ਏਸ਼ੀਅਨ ਬੱਚਾ ਸੀ, ਜਿਸਦਾ ਜਨਮ ਕਨੇਡਾ ਵਿੱਚ ਹੋਇਆ ਸੀ।

ਇਹ ਇੱਕ ਕਨੇਡੀਅਨ ਪਰਿਵਾਰ ਦੀ ਸ਼ੁਰੂਆਤ ਸੀ ਅਤੇ ਹਾਕਮ ਸਿੰਘ ਹੁੰਦਲ ਦੇ ਬੱਚਿਆਂ ਦੇ ਪਹੁੰਚਣ ਨਾਲ ਇਕ ਹੋਰ ਪਰਿਵਾਰ ਦੀ ਸ਼ੁਰੂਆਤ ਹੋਈ। ਉਸਦੀ ਮਾਂ ਬਿਸ਼ਨ ਕੌਰ ਅਤੇ ਉਸਦੇ ਚਾਰ ਛੋਟੀ ਉਮਰ ਦੇ ਪੁੱਤਰ ਅਠਾਰਾਂ ਮਹੀਨੇ ਹਾਂਗਕਾਂਗ ਦੇ ਗੁਰਦਵਾਰੇ ਵਿਚ ਰਹਿੰਦੇ ਹੋਏ ਕਨੇਡਾ ਦੀ ਸਰਕਾਰ ਵੱਲੋਂ ਆਉਣ ਦੀ ਆਗਿਆ ਨੂੰ ਹਸਰਤ ਭਰੀਆਂ ਅੱਖਾਂ ਨਾਲ ਉਡੀਕਦੇ ਰਹੇ। ਇਹ ਇਜਾਜ਼ਤ ਅਖੀਰ ਜੁਲਾਈ 1913 ਵਿਚ 'ਰਹਿਮ' ਵਜੋਂ ਆਈ। ਹਾਕਮ ਸਿੰਘ ਹੁੰਦਲ ਨੇ ਉਨ੍ਹਾਂ ਵਾਸਤੇ ਵੈਨਕੂਵਰ ਦੇ ਪੁਆਇੰਟ ਗਰੇਅ ਇਲਾਕੇ ਵਿਚ ਇਕ ਘਰ ਤਿਆਰ ਕਰ ਰੱਖਿਆ ਸੀ। ਇੱਥੇ ਹੀ ਬੱਚੇ ਸਥਾਨਕ ਐਲੀਮੈਂਟਰੀ ਅਤੇ ਹਾਈ ਸਕੂਲ ਵਿਚ ਗਏ ਅਤੇ ਬਾਅਦ ਵਿਚ ਇੰਡੋ-ਕਨੇਡੀਅਨ ਵਿਦਿਆਰਥੀਆਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਬਣਾਉਂਦੇ ਹੋਏ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿਚ ਪਹੁੰਚੇ।

ਕਪੂਰ ਇਨ੍ਹਾਂ ਲੋਕਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਸਦੇ ਵਿਕਟੋਰੀਆ ਵਿਚ 'ਸੰਸਾਰ' ਦੇ ਸਟਾਫ ਮੈਂਬਰ ਹੋਣ ਦੌਰਾਨ 'ਸੰਸਾਰ' ਨੇ ਇਮੀਗਰੇਸ਼ਨ ਵਿਭਾਗ ਨਾਲ ਇਨ੍ਹਾਂ ਦੀ ਜੱਦੋ-ਜਹਿਦ ਦੀਆਂ ਕਈਆਂ ਖਬਰਾਂ ਲਾਈਆਂ ਸਨ। ਕਪੂਰ ਦੇ ਸਹਿਯੋਗੀ ਅਤੇ 'ਸੰਸਾਰ' ਦੇ ਸੰਪਾਦਕ ਕਰਤਾਰ ਸਿੰਘ ਹੁੰਦਲ ਦੀ ਹਾਕਮ ਨਾਲ ਰਿਸ਼ਤੇਦਾਰੀ ਸੀ। ਇਸ ਤੋਂ ਇਲਾਵਾ ਕਪੂਰ ਵਾਂਗ ਹਾਕਮ ਸਿੰਘ ਵੀ ਜਗੀਰਦਾਰ ਪਰਿਵਾਰ ਨਾਲ ਸੰਬੰਧਤ ਸੀ ਅਤੇ ਉਨ੍ਹਾਂ ਦੇ ਖਾਨਦਾਨੀ ਰੁਤਬੇ ਦੀ ਸਾਂਝ ਉਨ੍ਹਾਂ ਦੀ ਨਿੱਜੀ ਸਾਂਝ ਦਾ ਆਧਾਰ ਬਣੀ। ਬਾਅਦ ਵਿਚ ਜਦੋਂ ਕਪੂਰ ਅਤੇ ਉਸਦਾ ਪਰਿਵਾਰ ਕੈਟਸੀਲੈਨੋ ਇਲਾਕੇ ਵਿਚ ਰਹਿੰਦੇ ਸਨ, ਹਾਕਮ ਸਿੰਘ (ਉਸ ਵੇਲੇ ਬਜ਼ੁਰਗ ਹੋ ਗਿਆ ਸੀ) ਆਮ ਹੀ ਅਲਮਾ ਸਟਰੀਟ ਤੋਂ ਯੌਰਕ ਸਟਰੀਟ ਤਕ ਵੀਹ ਬਲਾਕ ਤੁਰ ਕੇ ਉਨ੍ਹਾਂ ਦੇ ਘਰ ਆਉਂਦਾ। ਉਸ ਨਾਲ ਉਸਦਾ ਕੁੱਤਾ ਹੁੰਦਾ ਅਤੇ ਹੱਥ ਵਿਚ ਖੂੰਡੀ ਹੁੰਦੀ। ਕਪੂਰ ਦੇ ਬੱਚਿਆਂ ਨੂੰ ਆਪਣੀ ਮਾਂ ਤੋਂ ਪਤਾ ਲੱਗਾ ਕਿ ਪੰਜਾਬ ਵਿਚ ਕਿਸੇ ਜਾਗੀਰਦਾਰ ਦੀ ਪਛਾਣ ਉਸ ਕੋਲ ਘੋੜੇ, ਕੁੱਤੇ ਅਤੇ ਖੂੰਡੀ ਤੋਂ ਹੁੰਦੀ ਸੀ। ਇਹ ਨਿਸ਼ਾਨੀਆਂ ਸਨ। ਉਸ ਵੇਲੇ ਜਗੀਰਦਾਰ ਕੋਲ ਵੈਨਕੂਵਰ ਵਿੱਚ ਘੋੜਾ ਤਾਂ ਨਹੀਂ ਸੀ ਪਰ ਕੁੱਤਾ ਅਤੇ ਖੂੰਡੀ ਜ਼ਰੂਰ ਸਨ।

ਕਪੂਰ ਉਦੋਂ ਓਂਟੇਰੀਓ ਵਿਚ ਹੀ ਰਹਿੰਦਾ ਸੀ, ਜਦੋਂ ਉਸ ਨੇ ਪਹਿਲੀ ਵਾਰ 1915-16 ਵਿਚ ਬਸੰਤ ਕੌਰ ਨੂੰ ਕਨੇਡਾ ਮੰਗਵਾਉਣ ਲਈ ਅਪਲਾਈ ਕੀਤਾ ਸੀ। ਇਹ ਸਮਾਂ ਉਸਦੇ ਨਾਈ ਦੀ ਦੁਕਾਨ ਵਿਚ ਵੜਨ ਤੋਂ ਸਾਲ ਤੋਂ ਥੋੜ੍ਹਾ ਕੁ ਪਿੱਛੋਂ ਸੀ, ਜਦੋਂ ਉਸ ਨੇ ਕਨੇਡਾ ਦੇ ਸਮਾਜ ਵਿਚ ਫਿੱਟ ਹੋਣ ਲਈ ਆਪਣੀ ਦਿੱਖ ਬਦਲਣ ਵਾਸਤੇ ਪਹਿਲੀ ਸ਼ੇਵ ਕਰਵਾਈ ਅਤੇ ਕੇਸ ਕਟਵਾਏ ਸਨ। ਇਸ ਗੱਲ ਦੀ ਵੀ ਸੰਭਾਵਨਾ ਹੋ ਸਕਦੀ ਹੈ ਕਿ ਉਸਦੇ ਰਾਜਨੀਤਕ ਪਹੁੰਚ ਵਾਲੇ ਮਿੱਤਰ, ਵਿਲੀਅਮ ਮੂਰ ਜਿਹੜਾ ਉਸ ਨੂੰ ਓਂਟੇਰੀਓ ਵਿਚ ਰਹਿਣ ਲਈ ਜ਼ੋਰ ਪਾਉਂਦਾ ਸੀ ਨੇ ਹੀ ਉਸ ਨੂੰ ਬਸੰਤ ਕੌਰ ਦੇ ਦਾਖਲੇ ਵਾਸਤੇ ਇਮੀਗਰੇਸ਼ਨ ਵਿਭਾਗ ਨੂੰ ਅਰਜ਼ੀ ਲਿਖਣ ਲਈ ਪ੍ਰੇਰਿਆ ਹੋਵੇ। ਉਹ ਉਸ ਵੇਲੇ ਪੱਚੀ ਸਾਲ ਦੀ ਸੀ ਅਤੇ ਉਨ੍ਹਾਂ ਦੇ ਵਿਆਹ ਨੂੰ ਦਸ ਸਾਲ ਹੋ ਗਏ ਸਨ ਪਰ ਉਨ੍ਹਾਂ ਨੇ ਹਾਲੇ ਇਕੱਠੇ ਰਹਿਣ ਲੱਗਣਾ ਸੀ।

1916 ਦੀ ਜਨਵਰੀ ਦੇ ਸ਼ੁਰੂ ਵਿਚ ਕਪੂਰ ਦੀ ਅਰਜ਼ੀ ਓਟਵਾ ਦੇ ਇਮੀਗਰੇਸ਼ਨ ਸੁਪਰਡੈਂਟ, ਵਿਲੀਅਮ ਡੰਕਨ ਸਕੌਟ ਦੀ ਮੇਜ਼ 'ਤੇ ਪਹੁੰਚੀ। ਵਿਲੀਅਮ ਡੰਕਨ ਸਕੌਟ ਬਹੁਤ ਪੁਰਾਣਾ ਅਫਸਰ

ਸੀ। ਜਦੋਂ ਤੋਂ ਪੰਜਾਬੀ ਕਨੇਡਾ ਵਿਚ ਆਉਣ ਲੱਗੇ ਸਨ ਅਤੇ ਜਦੋਂ ਤੋਂ ਉਨ੍ਹਾਂ ਨੂੰ ਰੋਕਣ ਲਈ ਸਥਾਨਕ ਲੋਕਾਂ ਦਾ ਦਬਾਅ ਵਧਿਆ ਸੀ, ਉਹ ਉਦੋਂ ਤੋਂ ਹੀ ਸਾਊਥ ਏਸ਼ੀਅਨ ਲੋਕਾਂ ਦੀ ਫਾਈਲ ਤੋਂ ਜਾਣੂੰ ਸੀ। ਜੰਗ ਦੇ ਸਮੇਂ ਵੇਲੇ ਉਹ ਸਾਊਥ ਏਸ਼ੀਅਨ ਲੋਕਾਂ ਦੇ ਕੇਸ ਨੂੰ ਮੁੜ ਵਿਚਾਰਨ ਲੱਗਾ ਅਤੇ ਆਪਣੇ ਤੋਂ ਉੱਪਰਲੇ ਅਫ਼ਸਰਾਂ ਨੂੰ ਭੇਜੇ ਯਾਦ-ਪੱਤਰਾਂ ਵਿਚ ਉਸ ਨੇ ਬੀਵੀਆਂ ਅਤੇ ਬੱਚਿਆਂ ਦੇ ਦਾਖਲੇ ਦੀ ਵਕਾਲਤ ਕੀਤੀ। ਕਪੂਰ ਇਸ ਬਾਰੇ ਨਹੀਂ ਸੀ ਜਾਣਦਾ ਪਰ ਸਕੌਟ ਨੇ ਉਸਦੀ ਅਰਜ਼ੀ ਨੂੰ ਸਹਿਯੋਗ ਦਿੱਤਾ ਸੀ ਅਤੇ ਕਨੇਡਾ ਵਿਚ ਸਾਊਥ ਏਸ਼ੀਅਨਾਂ ਪ੍ਰਤੀ ਇਮੀਗਰੇਸ਼ਨ ਨੀਤੀ ਨੂੰ ਮੁੜ ਉਦਾਰਤਾ ਨਾਲ ਵਿਚਾਰਨ ਲਈ ਇਸ ਅਰਜ਼ੀ ਨੂੰ ਦਲੀਲ ਵਜੋਂ ਵਰਤਿਆ ਸੀ। ਕਪੂਰ ਦੇ ਨਰਮ ਖਿਆਲੀ ਰਾਜਨੀਤਕ ਵਿਚਾਰ ਅਤੇ ਉਸਦੀ ਕਾਮਯਾਬੀ ਕਾਰਣ ਉਸਦਾ ਕੇਸ ਅੱਗੇ ਵਿਚਾਰਨ ਲਈ ਢੁਕਵਾਂ ਸੀ। ਪਰ ਇਹ ਇੱਥੋਂ ਤਕ ਹੀ ਰਿਹਾ। ਸਰਕਾਰ ਵਿਚ ਰਾਜਨੀਤਕ ਮੁਖੀ ਬੀ. ਸੀ. ਦੇ ਗੋਰੇ ਵੋਟਰਾਂ ਨੂੰ ਆਪਣੇ ਵਿਰੁੱਧ ਕਰਨ ਦਾ ਹਾਲੇ ਖਤਰਾ ਨਹੀਂ ਸੀ ਸਹੇੜਨਾ ਚਾਹੁੰਦੇ।

ਬਸੰਤ ਕੌਰ ਸੱਤ ਹੋਰ ਸਾਲ ਲੰਘਣ ਤੋਂ ਬਾਅਦ ਹੀ ਕਪੂਰ ਕੋਲ ਆ ਸਕੀ। ਜੰਗ ਦੇ ਪਹਿਲੇ ਸਾਲਾਂ ਵਿਚ ਕਪੂਰ ਦੇ ਦੋਸਤ ਕਰਤਾਰ ਸਿੰਘ ਹੁੰਦਲ, ਡਾ: ਸੁੰਦਰ ਸਿੰਘ ਅਤੇ ਉਨ੍ਹਾਂ ਦੇ ਅੰਗ੍ਰੇਜ਼-ਕਨੇਡੀਅਨ ਦੋਸਤਾਂ ਦੇ ਇਕ ਛੋਟੇ ਗਰੁੱਪ ਨੇ ਅਖਬਾਰਾਂ ਰਾਹੀਂ ਅਤੇ ਸਰਕਾਰੀ ਅਧਿਕਾਰੀਆਂ ਨਾਲ ਮੁਲਾਕਾਤਾਂ ਵਿਚ ਦਲੀਲ ਦਿੱਤੀ ਕਿ ਯੂਰਪ ਵਿਚ ਕਨੇਡੀਅਨ ਅਤੇ ਭਾਰਤੀ ਮੋਢੇ ਨਾਲ ਮੋਢਾ ਜੋੜ ਕੇ ਲੜ ਰਹੇ ਸਨ, ਇਸ ਲਈ ਭਾਰਤੀ ਕਨੇਡਾ ਵਿਚ ਬਿਹਤਰ ਸਲੂਕ ਦੇ ਅਧਿਕਾਰੀ ਸਨ। ਜਿਨ੍ਹਾਂ ਲੋਕਾਂ ਤਕ ਉਨ੍ਹਾਂ ਨੇ ਪਹੁੰਚ ਕੀਤੀ, ਸਕੌਟ ਉਨ੍ਹਾਂ ਵਿਚੋਂ ਇਕ ਸੀ। ਅਤੇ ਲੰਡਨ ਤੋਂ ਕਨੇਡਾ ਦੇ ਪ੍ਰਧਾਨ ਮੰਤਰੀ ਨੂੰ ਸੁਨੇਹੇ ਮਿਲ ਰਹੇ ਸਨ ਕਿ ਕਨੇਡਾ ਦੀ ਇਮੀਗਰੇਸ਼ਨ ਨੀਤੀ ਸਿੱਖਾਂ ਨੂੰ ਪੰਜਾਬ ਅਤੇ ਭਾਰਤੀ ਸੈਨਾ ਵਿਚ ਐਨਾ ਤੰਗ ਕਰ ਰਹੀ ਸੀ ਕਿ ਇਸ ਨੇ ਭਾਰਤ ਵਿਚ ਬਰਤਾਨਵੀ ਸਲਤਨਤ ਦੀ ਸਲਾਮਤੀ ਨੂੰ ਧਮਕਾ ਦਿੱਤਾ ਸੀ।

1917 ਦੀ ਪੱਤਝੜ ਵਿਚ ਓਟਵਾ ਵਿਚ ਅਫਸਰਸ਼ਾਹੀ ਅਤੇ ਸਿਆਸਤਦਾਨ, ਪਤਨੀਆਂ ਅਤੇ ਬੱਚਿਆਂ ਨੂੰ ਦਾਖਲੇ ਦੀ ਛੋਟ ਦੇਣ ਦੀ ਸ਼ਬਦਾਵਲੀ ਲਈ ਹੀ ਰਾਜ਼ੀ ਹੋਏ ਪਰ ਇਹ ਅਗਲੇ ਸੋਲ੍ਹਾਂ ਮਹੀਨੇ ਨੀਤੀ ਨਹੀਂ ਬਣੀ ਅਤੇ ਅਖੀਰ ਮਾਰਚ 1919 ਵਿਚ ਬਣ ਗਈ। ਪਰ ਬੀ. ਸੀ. ਦੇ ਗੋਰੇ ਲੋਕਾਂ ਵਿਚ ਵਿਵਾਦ ਖੜ੍ਹਾ ਹੋਣ ਦੇ ਡਰੋਂ ਇਹ ਨੀਤੀ ਚੁੱਪ ਕੀਤੇ ਹੀ ਬਣੀ। ਹੋਰ ਸਾਊਥ ਏਸ਼ੀਅਨਾਂ ਵਾਂਗ ਕਪੂਰ ਤੇ ਬਸੰਤ ਕੌਰ ਲਈ ਇਸ ਵਿਚ ਵੱਡੇ ਅੜਿੱਕੇ ਸਨ। ਕਨੇਡਾ ਦੀ ਸਰਕਾਰ ਮੰਗ ਕਰਦੀ ਸੀ ਕਿ ਪਤਨੀ ਜਾਂ ਬੱਚੇ ਕੋਲ ਪੰਜਾਬ ਵਿਚ ਕਮਿਸ਼ਨਰ ਜਾਂ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤਾ ਸਰਟੀਫੀਕੇਟ ਹੋਵੇ, ਜਿਹੜਾ ਕਨੇਡਾ ਤੋਂ ਸਪੌਂਸਰ ਕਰਨ ਵਾਲੇ ਪਤੀ ਜਾਂ ਪਿਤਾ ਨਾਲ ਰਿਸ਼ਤੇ ਨੂੰ ਤਸਦੀਕ ਕਰੇ। ਪੰਜਾਬ ਵਿਚ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੇ ਦਫਤਰ ਵਿਚ ਕਾਂਟ-ਛਾਂਟ ਕਰਨ ਲਈ ਇਹ ਇਕ ਹੋਰ ਦਸਤਾਵੇਜ਼ ਸੀ ਅਤੇ ਦੇਰੀ ਕਰਨ ਦਾ ਇਕ ਹੋਰ ਸਾਧਨ ਅਤੇ ਔਰਤਾਂ ਨੂੰ ਇਕ ਸਾਲ ਤੋਂ ਅਗਲੇ ਸਾਲ ਤਕ ਇਜਾਜ਼ਤਨਾਮੇ ਦੀ ਉਡੀਕ ਵਿਚ ਵਾਧਾ। ਕਨੇਡਾ ਦਾ ਇਮੀਗਰੇਸ਼ਨ ਵਿਭਾਗ ਇਸ ਸਮੱਸਿਆ ਅਤੇ ਕਨੇਡਾ ਵਿਚਲੇ ਪੰਜਾਬੀਆਂ ਦੀ ਨਿਰਾਸ਼ਾ ਬਾਰੇ ਭਲੀ-ਭਾਂਤ ਜਾਣਦਾ ਸੀ ਪਰ ਦੋ ਸਾਲ ਪਿੱਛੋਂ ਵੀ ਇਸ ਸਮੱਸਿਆ ਦੇ ਹੱਲ ਲਈ ਉਹ ਭਾਰਤ ਦੇ ਅਫਸਰਾਂ ਨਾਲ ਗੱਲਬਾਤ ਨਹੀਂ ਸੀ ਕਰ ਰਹੇ।

ਇਸ ਨਵੀਂ ਨੀਤੀ ਤਹਿਤ ਪਹਿਲੀਆਂ ਦੋ ਔਰਤਾਂ 1921 ਵਿਚ ਆਈਆਂ। ਅਗਲੇ ਸਾਲ ਬਸੰਤ ਕੌਰ ਨੇ ਸੱਤ ਹੋਰ ਔਰਤਾਂ, ਬਹੁਤ ਸਾਰੇ ਬੰਦਿਆਂ ਅਤੇ ਕੁਝ ਬੱਚਿਆਂ ਨਾਲ ਭਾਰਤ ਨੂੰ ਛੱਡਿਆ। ਜਿਵੇਂ ਆਮ ਤੌਰ 'ਤੇ ਦਿਹਾਤੀ ਪੰਜਾਬੀ ਕਰਦੇ ਸਨ, ਉਨ੍ਹਾਂ ਨੇ ਵੀ ਜੱਥੇ ਦੇ ਰੂਪ ਵਿਚ ਹੀ ਯਾਤਰਾ ਕੀਤੀ। ਵੱਖ-ਵੱਖ ਪਿੰਡਾਂ ਤੋਂ ਚੱਲ ਕੇ, ਇਕੱਠੇ ਸਫਰ ਕਰਨ ਦੀ ਯੋਜਨਾ ਨਾਲ ਉਹ ਇੱਕੋ ਵੇਲੇ ਜਹਾਜ਼ ਵਿਚ ਸਵਾਰ ਹੋਏ ਅਤੇ ਸਾਰੇ ਸਫਰ ਦੌਰਾਨ ਇਕੱਠੇ ਰਹੇ। ਕੁਝ ਔਰਤਾਂ ਦੇ ਨਾਲ ਉਨ੍ਹਾਂ ਦੇ ਪਤੀ ਸਨ, ਜਿਹੜੇ ਉਨ੍ਹਾਂ ਨੂੰ ਲੈਣ ਹੀ ਕਨੇਡਾ ਤੋਂ ਮੁੜੇ ਸਨ ਅਤੇ ਉਨ੍ਹਾਂ ਕੋਲ ਜੱਥੇ ਦੀ

ਅਗਵਾਈ ਕਰਨ ਲਈ ਯਾਤਰਾ ਦਾ ਅਭਿਆਸ ਸੀ। ਕਪੂਰ ਦਾ ਵੱਡਾ ਭਰਾ, ਭਗਵਾਨ, ਜਿਹੜਾ ਕਨੇਡਾ ਵਿਚ ਕੁਝ ਦੇਰ ਰਹਿਣ ਮਗਰੋਂ ਭਾਰਤ ਵਿਚ ਹੀ ਸੀ, ਬਸੰਤ ਕੌਰ ਨੂੰ ਨਾਲ ਲੈ ਕੇ ਆਇਆ। ਇਸ ਸਫਰ ਦੌਰਾਨ ਉਸ ਨੇ ਕਪੂਰ ਦੇ ਭਰੋਸੇ ਨਾਲ ਖਿਲਵਾੜ ਕੀਤਾ, ਜਿਹੜਾ ਐਨਾ ਗੰਭੀਰ ਸੀ ਕਿ ਕਪੂਰ ਉਸ ਨੂੰ ਕਦੇ ਵੀ ਨਹੀਂ ਭੁਲਾ ਸਕਿਆ। ਕਪੂਰ ਨੇ ਉਸ ਨੂੰ ਬਰਾਸਤਾ ਯੂਰਪ ਪਹਿਲੇ ਦਰਜੇ ਦੇ ਸਫਰ ਵਾਸਤੇ ਪੈਸੇ ਭੇਜੇ ਪਰ ਉਹ ਬਸੰਤ ਕੌਰ ਨੂੰ ਸਟੀਅਰੇਜ ਕਲਾਸ ਰਾਹੀਂ ਹਾਂਗਕਾਂਗ ਵੱਲ ਦੀ ਲੈ ਕੇ ਆਇਆ ਅਤੇ ਬਾਕੀ ਬਚੇ ਪੈਸੇ ਆਪਣੇ ਕੋਲ ਹੀ ਰੱਖ ਗਿਆ। ਹਾਂਗਕਾਂਗ ਰਾਹੀਂ ਸਫਰ ਕਰਨ ਲਈ ਉਹ ਇਹ ਦਲੀਲ ਦੇ ਸਕਦਾ ਸੀ ਕਿ ਉਸ ਨੇ ਹੋਰ ਆਉਣ ਵਾਲਿਆਂ ਦੇ ਨਾਲ ਹੀ ਇਹ ਰਸਤਾ ਚੁਣਿਆਂ ਪਰ ਉਹ ਜਾਣਦਾ ਸੀ ਕਿ ਕਪੂਰ ਇਸਦੀ ਉਮੀਦ ਨਹੀਂ ਸੀ ਰੱਖਦਾ। ਤਕਰੀਬਨ ਤੀਹ ਸਾਲ ਪਿੱਛੋਂ ਜਦੋਂ ਕਪੂਰ ਦੀਆਂ ਬੇਟੀਆਂ ਮੁਟਿਆਰਾਂ ਹੋ ਕੇ ਭਾਰਤ ਗਈਆਂ ਤਾਂ ਭਗਵਾਨ ਨੇ ਉਨ੍ਹਾਂ ਨੂੰ ਦੱਸਿਆ ਕਿ 1906 ਵਿਚ ਉਸ ਨੇ ਉਨ੍ਹਾਂ ਦੇ ਪਿਓ ਨੂੰ ਯੂਰਪ ਰਾਹੀਂ ਉੱਤਰੀ ਅਮਰੀਕਾ ਜਾਣ ਲਈ ਪਹਿਲੇ ਦਰਜੇ ਦੀ ਟਿਕਟ ਲੈ ਕੇ ਦਿੱਤੀ। ਇਹ ਸੱਚ ਨਹੀਂ ਸੀ। ਅਤੇ ਜ਼ਿੰਦਗੀ ਵਿਚ ਪਹਿਲੀ ਵਾਰ ਜੈਕੀ ਅਤੇ ਸੁਰਜੀਤ ਨੇ ਆਪਣੇ ਪਿਤਾ ਨੂੰ ਗੁੱਸੇ ਵਿਚ ਉਬਲਦੇ ਦੇਖਿਆ। "ਕੁੜੀਆਂ ਸਾਹਮਣੇ ਝੂਠ ਨਾ ਬੋਲ", ਉਹ ਬੋਲਿਆ।

ਜਦੋਂ ਬਸੰਤ ਕੌਰ ਨੇ ਭਾਰਤ ਛੱਡਿਆ, ਉਹ ਹਾਲੇ ਘੁੰਡ ਕੱਢਦੀ ਸੀ। ਇਹ ਪਰਦੇ ਦੀ ਰਸਮ ਪੰਜਾਬੀ ਔਰਤਾਂ ਬਾਹਰਲੇ ਲੋਕਾਂ ਵਿਚ ਜਾਂ ਸਤਿਕਾਰ ਨਾਲ ਆਪਣੇ ਪਰਿਵਾਰ ਦੇ ਵੱਡੇ ਮਰਦਾਂ ਤੋਂ ਚਿਹਰਾ ਲੁਕਾਉਣ ਲਈ ਵਰਤਦੀਆਂ ਸਨ। ਕਨੇਡਾ ਵਿਚ ਕਪੂਰ ਨੇ ਉਸ ਨੂੰ ਇਹ ਰਸਮ ਛੱਡਣ ਲਈ ਪ੍ਰੇਰਿਆ ਅਤੇ ਉਹ ਬਿਨਾਂ ਕਿਸੇ ਹੀਲ-ਹੁੱਜਤ ਦੇ ਮੰਨ ਗਈ। ਫਿਰ ਵੀ ਕਨੇਡਾ ਆਉਣ ਵੇਲੇ ਰਸਤੇ ਵਿਚ ਜਦੋਂ ਉਹ ਹਾਂਗਕਾਂਗ ਦੀਆਂ ਤੰਗ ਗਲ਼ੀਆਂ ਵਿਚ ਭਗਵਾਨ ਦੇ ਮਗਰ ਚੱਲ ਰਹੀ ਸੀ ਤਾਂ ਘੁੰਡ ਨਾਲ ਉਸ ਨੂੰ ਵੇਖਣ ਵਿਚ ਅੜਿੱਕਾ ਪੈ ਰਿਹਾ ਸੀ ਅਤੇ ਉਹ ਬਲਦਾਂ ਵਾਲੀ ਗੱਡੀ ਉਪਰ ਲੱਦੇ ਲੋਹੇ ਦੇ ਸਰੀਆਂ ਨਾਲ ਟਕਰਾ ਗਈ। ਉਸਦੇ ਮੱਥੇ ਵਿਚ ਡੂੰਘਾ ਜ਼ਖਮ ਹੋ ਗਿਆ। ਉਸ ਨੇ ਕੋਲੋਂ ਲੰਘਦੇ ਕਿਸੇ ਰਾਹੀ ਤੋਂ ਸੁਣਿਆ, "ਬੇਟੀ, ਤੇਰੇ ਸਿਰ'ਚੋਂ ਖੂਨ ਵਗ ਰਿਹਾ ਹੈ।"

ਬਹੁਤ ਸਾਲਾਂ ਬਾਅਦ ਬਸੰਤ ਕੌਰ ਨੇ ਇਹ ਕਹਾਣੀ ਆਪਣੀਆਂ ਬੇਟੀਆਂ ਨੂੰ ਦੱਸੀ। ਉਸ ਨੇ ਦੱਸਿਆ ਕਿ ਉਸ ਨੂੰ ਡਰ ਸੀ ਕਿ ਇਸ ਸੱਟ ਕਾਰਣ ਉਹ ਕਿਤੇ ਮੈਡੀਕਲ ਵਿਚੋਂ ਫੇਲ੍ਹ ਨਾ ਹੋ ਜਾਵੇ। ਸਾਰੇ ਪਰਵਾਸੀਆਂ ਨੂੰ ਹਾਂਗਕਾਂਗ ਵਿਚ ਕਨੇਡਾ ਵੱਲ ਜਾਣ ਵਾਲੇ ਜਹਾਜ਼ 'ਤੇ ਚੜ੍ਹਨ ਤੋਂ ਪਹਿਲਾਂ ਡਾਕਟਰੀ ਮੁਆਇਨਾ ਪਾਸ ਕਰਵਾਉਣਾ ਪੈਂਦਾ ਸੀ। ਜਦੋਂ ਇਹ ਮੁਆਇਨਾ ਹੋਇਆ ਤਾਂ ਉਹ ਫੇਲ੍ਹ ਹੋ ਗਈ। ਉਹ ਜ਼ਖ਼ਮ ਕਰਕੇ ਨਹੀਂ ਸਗੋਂ ਰੋਣ ਨਾਲ ਲਾਲ ਹੋਈਆਂ ਅੱਖਾਂ ਕਰਕੇ ਫੇਲ੍ਹ ਹੋਈ ਸੀ। ਆਪਣਾ ਪਿੰਡ ਅਤੇ ਦੇਸ਼ ਛੱਡਣ ਲਈ ਉਹ ਭਾਵਨਾਤਮਕ ਤੌਰ 'ਤੇ ਤਿਆਰ ਸੀ ਕਿਉਂਕਿ ਉਸਦੇ ਬਹੁਤ ਥੋੜ੍ਹੇ ਨੇੜੇ ਦੇ ਰਿਸ਼ਤੇਦਾਰ ਉੱਥੇ ਸਨ। ਉਸਦੇ ਪਿਤਾ ਦੀ ਬਹੁਤ ਸਾਲ ਪਹਿਲਾਂ ਮੌਤ ਹੋ ਗਈ ਸੀ, ਅਤੇ ਉਸਦਾ ਭਰਾ ਸੁੰਦਰ ਸਿੰਘ ਅਫਰੀਕਾ ਵਿਚ ਪਰਵਾਸ ਕਰ ਗਿਆ ਸੀ, ਜਿੱਥੇ ਉਸਦੀ 1920 ਵਿਚ ਮੌਤ ਹੋ ਗਈ ਸੀ। ਉਸਦਾ ਚਾਚਾ ਆਤਮਾ ਸਿੰਘ ਸੰਧੂ ਅਰਜਨਟਾਈਨਾ ਚਲਾ ਗਿਆ ਸੀ ਅਤੇ ਉਸਦੀ ਮੌਤ ਦੀ ਖਬਰ ਹਾਲ ਹੀ ਵਿਚ ਔੜ ਪਹੁੰਚੀ ਸੀ। ਉਸਦੇ ਨੇੜੇ ਦੇ ਪਰਿਵਾਰ ਵਿਚੋਂ ਉਸਦੀ ਮਾਂ ਹੀ ਸੀ, ਜਿਹੜੀ ਪਿੱਛੇ ਰਹਿ ਗਈ ਸੀ। ਪਰ ਉਸ ਨੂੰ ਕਨੇਡਾ ਆਉਣ ਦੇ ਰਾਹ ਵਿਚ ਵਿਦੇਸ਼ੀ ਆਲੇ-ਦੁਆਲੇ ਕਾਰਣ ਘਰ ਦੇ ਵਿਛੋੜੇ ਦਾ ਦੁੱਖ ਸਤਾਉਣ ਲੱਗਾ। ਜਦੋਂ ਹਾਂਗਕਾਂਗ ਵਿਚ ਡਾਕਟਰ ਨੇ ਉਸਦਾ ਡਾਕਟਰੀ ਮੁਆਇਨਾ ਕੀਤਾ ਤਾਂ ਉਸ ਨੂੰ ਅੱਖਾਂ ਵਿਚ ਲਾਲੀ ਦਿਸੀ ਅਤੇ ਉਸ ਨੇ ਇਸ ਨੂੰ ਕੁੱਕਰੇ ਕਰਾਰ ਦੇ ਦਿੱਤਾ। ਅੱਖਾਂ ਦੀ ਜਲਣ ਵਾਲੇ ਇਕ ਕਿਸਮ ਦੇ ਛੂਤ ਦੇ ਇਸ ਰੋਗ ਨੂੰ ਕਨੇਡਾ ਅਤੇ ਅਮਰੀਕਾ ਦੇ ਇਮੀਗਰੇਸ਼ਨ ਵਾਲੇ ਡਾਕਟਰ ਸਾਊਥ ਏਸ਼ੀਅਨ ਪਰਵਾਸੀਆਂ ਵਿਚੋਂ ਲੱਭਦੇ ਅਤੇ ਇਸ ਨੂੰ ਜਾਣਬੁੱਝ ਕੇ ਉਨ੍ਹਾਂ ਨੂੰ ਫੇਲ੍ਹ ਕਰਨ ਲਈ ਵਰਤਦੇ। ਹਾਂਗਕਾਂਗ ਵਾਲੇ ਡਾਕਟਰ ਨੇ ਬਸੰਤ ਕੌਰ ਅਤੇ ਉਸਦੀਆਂ ਚਾਰ ਹੋਰ ਸਾਥਣਾਂ ਦੀਆਂ ਅੱਖਾਂ ਵਿਚ

ਕੁੱਕਰੇ ਲੱਭੇ। ਉਨ੍ਹਾਂ ਪੰਜਾਂ ਨੂੰ ਇਲਾਜ (ਅੱਖਾਂ ਨੂੰ ਧੋਣਾ, ਵੈਸਲੀਨ ਅਤੇ ਰੋਗਾਣੂੰ-ਨਾਸ਼ਕ ਦਵਾਈ ਦਾ ਇਸਤੇਮਾਲ) ਲਈ ਉੱਥੇ ਰਹਿਣਾ ਪੈਣਾ ਸੀ ਅਤੇ ਬਾਕੀ ਚਲੇ ਗਏ। ਹਾਂਗਕਾਂਗ ਦੇ ਗੁਰਦਵਾਰੇ ਵਿਚ (ਇੱਥੋਂ ਗੁਜ਼ਰਨ ਵਾਲੇ ਹਰੇਕ ਸਿੱਖ ਯਾਤਰੀ ਦੀ ਇੱਥੇ ਠਹਿਰ ਹੁੰਦੀ) ਇਸ ਬਿਨ ਕਿਆਸੇ ਅਸਥਾਈ ਥਾਂ 'ਤੇ ਲਮਕਾ ਦੇ ਅਨੁਭਵ ਨੇ ਉਨ੍ਹਾਂ ਨੂੰ ਉਮਰ ਭਰ ਲਈ ਦੋਸਤੀਆਂ ਦਿੱਤੀਆਂ। ਇਸ ਨਾਲ ਉਨ੍ਹਾਂ ਦਾ ਸਫਰ ਵੀ ਛੇ ਮਹੀਨੇ ਲੰਬਾ ਹੋ ਗਿਆ। ਉਨ੍ਹਾਂ ਨੇ 1922 ਵਿਚ ਘਰ ਛੱਡਿਆ ਸੀ ਪਰ ਬੀ. ਸੀ. ਵਿਚ 1923 ਵਿਚ ਪਹੁੰਚੇ।

ਕਪੂਰ ਨਹੀਂ ਜਾਣਦਾ ਸੀ ਕਿ ਉਹ ਕਿਸ ਜਹਾਜ਼ ਰਾਹੀਂ ਪਹੁੰਚ ਰਹੇ ਸਨ, ਇਸ ਲਈ ਉਨ੍ਹਾਂ ਦੇ ਸਵਾਗਤ ਲਈ ਕੋਈ ਵੀ ਨਹੀਂ ਸੀ ਪਹੁੰਚਿਆ, ਜਦੋਂ ਉਨ੍ਹਾਂ ਦੇ ਜਹਾਜ਼ ਨੇ ਵਿਲੀਅਮ ਹੈੱਡ ਕੁਆਰਨਟਾਈਨ ਸਟੇਸ਼ਨ 'ਤੇ ਆਪਣਾ ਲੰਗਰ ਸੁੱਟਿਆ। ਵਿਕਟੋਰੀਆ ਅਤੇ ਵੈਨਕੂਵਰ ਪਹੁੰਚਣ ਵਾਲੇ ਸਾਰੇ ਜਹਾਜ਼ ਪਹਿਲਾਂ ਇੱਥੇ ਰੁਕਦੇ। ਇੱਥੇ ਉਹ ਵਿਲੀਅਮ ਹੈੱਡ ਦਾ ਧਰਤੀ ਦਾ ਤੰਗ ਹਿੱਸਾ ਦੇਖ ਸਕਦੇ ਸਨ, ਜਿੱਥੇ ਹਸਪਤਾਲ ਦੀਆਂ ਇਮਾਰਤਾਂ ਤੇ ਸਟਾਫ਼ ਅਤੇ ਸ਼ਿੰਗਾਰਿਆ ਹੋਇਆ ਘਾਹ ਵਾਲਾ ਵਿਹੜਾ ਸੀ ਅਤੇ ਜਿਸ ਦੇ ਪਿਛੋਕੜ ਵਿਚ ਬੀ. ਸੀ. ਦੀ ਜੰਗਲੀ ਤੱਟ-ਰੇਖਾ ਸੀ। ਬਸੰਤ ਕੌਰ ਅਤੇ ਭਗਵਾਨ ਉੱਥੇ ਹੀ ਜਹਾਜ਼ ਤੋਂ ਬਾਹਰ ਆਏ ਅਤੇ ਕਪੂਰ ਨੂੰ ਮੇਓ ਸਾਈਡਿੰਗ 'ਤੇ ਤਾਰ ਪਾ ਕੇ ਰਾਤ ਕੁਆਰਟੀਨ ਹਸਪਤਾਲ ਵਿਚ ਹੀ ਗੁਜ਼ਾਰੀ। ਉਹ ਉੱਥੋਂ ਅੱਸੀ ਕਿਲੋਮੀਟਰ ਦੂਰ ਸੀ। ਕਪੂਰ ਅਗਲੀ ਸਵੇਰ ਉੱਥੇ ਪਹੁੰਚਿਆ। ਉਸ ਨੇ ਵੈਨਕੂਵਰ ਵਿਚ ਯੌਰਕ ਐਵੇਨਿਊ 'ਤੇ ਪਹਿਲਾਂ ਹੀ ਜ਼ਮੀਨ ਖਰੀਦ ਲਈ ਸੀ ਅਤੇ ਉਸ ਉੱਪਰ ਇਕ ਮਕਾਨ ਬਣਵਾ ਲਿਆ ਸੀ। ਇੱਥੋਂ ਸਮੁੰਦਰ ਅਤੇ ਪਹਾੜ ਨਜ਼ਰ ਆਉਂਦੇ। ਉਸ ਕੋਲ ਮੇਓ ਸਾਈਡਿੰਗ ਵਿਚ ਵੀ ਮਕਾਨ ਸੀ। ਉਸ ਨੂੰ ਸ਼ੱਕ ਸੀ ਕਿ ਛੋਟੇ ਸ਼ਹਿਰ ਵਰਗੇ ਪਿੰਡ ਵਿਚ ਵੱਡੀ ਹੋਈ ਹੋਣ ਕਰਕੇ ਉਹ ਦੂਰ ਆਰਾ ਮਿੱਲ 'ਤੇ ਵਸੀ ਇਕ ਛੋਟੀ ਕਮਿਊਨਿਟੀ ਵਿਚ ਖੁਸ਼ ਨਹੀਂ ਰਹੇਗੀ। ਜਦੋਂ ਉਸ ਨੇ ਪੁੱਛਿਆ ਕਿ ਉਹ ਕਿੱਥੇ ਰਹਿਣਾ ਚਾਹੇਗੀ ਤਾਂ ਬਸੰਤ ਕੌਰ ਨੇ ਜਿਹੜਾ ਜਵਾਬ ਦਿੱਤਾ, ਉਹ ਉਨ੍ਹਾਂ ਦੇ ਉਸ ਤੋਂ ਬਾਅਦ ਦੇ ਰਿਸ਼ਤੇ ਨੂੰ ਪਰਿਭਾਸ਼ਤ ਕਰਦਾ ਸੀ। ਉਸ ਨੇ ਕਿਹਾ ਕਿ ਉਹ ਆਪਣੇ ਪਤੀ ਦੇ ਦਰਸ਼ਨ ਕਰਨ ਆਈ ਸੀ ਅਤੇ ਉਹ ਇਸ ਨਾਲ ਸੰਤੁਸ਼ਟ ਸੀ। ਜਿੱਥੇ ਵੀ ਉਹ ਰਹੇਗਾ, ਇਹੀ ਉਸਦੀ ਮਰਜ਼ੀ ਹੋਵੇਗੀ।

ਕਪੂਰ ਵੱਲੋਂ ਬਸੰਤ ਕੌਰ ਨੂੰ ਦਿੱਤੀ ਚੋਣ ਵਿਚਾਰਨਯੋਗ ਸੀ ਪਰ ਇਸ ਕਰਕੇ ਅਣਯਥਾਰਥਕ ਸੀ ਕਿ ਉਸ ਨੇ ਫਰਜ਼ ਕਰ ਲਿਆ ਸੀ ਕਿ ਉਹ ਸ਼ਾਇਦ ਅਜਨਬੀਆਂ ਵਿਚ ਬਿਗਾਨੀ ਧਰਤੀ 'ਤੇ ਉਸ ਦੀਆਂ ਫੇਰੀਆਂ ਨੂੰ ਉਡੀਕਦੀ ਰਹਿਣਾ ਚਾਹੇਗੀ। ਫਿਰ ਵੀ ਉਸਦੀ ਖੁੱਲ੍ਹ ਦੇਣ ਦੀ ਇੱਛਾ ਖਾਸ ਸੀ ਅਤੇ ਹਰ ਨਵੀਂ ਪੰਜਾਬੀ ਪਤਨੀ ਆਪਣੇ ਪਤੀ ਜਾਂ ਕਿਸੇ ਰਿਸਤੇਦਾਰ ਤੋਂ ਇਸਦੀ ਆਸ ਨਹੀਂ ਰੱਖਦੀ। ਕੁਝ ਵੀ ਹੋਵੇ, ਇਹ ਸਨੇਹਪੂਰਨ ਸੀ। ਇਹ ਇਕ ਵੱਖਰੀ ਗੱਲ ਸੀ। ਉਸ ਸਮੇਂ ਕਨੇਡਾ ਆਈਆਂ ਔਰਤਾਂ ਵਿਚ ਇਕ ਧਨ ਕੌਰ ਜੌਹਲ ਸੀ। ਉਸਦਾ ਘਰਵਾਲਾ ਤਿੰਨ ਭਰਾਵਾਂ ਵਿਚੋਂ ਸਭ ਤੋਂ ਛੋਟਾ ਸੀ। ਉਹ ਵੈਨਕੂਵਰ ਵਿਚ ਆਰਾ ਮਿੱਲ ਦੇ ਬੰਕਹਾਊਸ ਵਿਚ ਰਹਿੰਦੇ ਸਨ। ਉਹ ਪੰਦਰਾਂ ਟਰੱਕਾਂ ਨਾਲ ਕਾਰੋਬਾਰ ਕਰਦੇ ਸਨ ਅਤੇ ਉਨ੍ਹਾਂ ਨੇ ਪੱਚੀ ਬੰਦਿਆਂ ਨੂੰ ਕੰਮ 'ਤੇ ਰੱਖਿਆ ਹੋਇਆ ਸੀ। ਵੱਡੇ ਭਰਾਵਾਂ ਦੀਆਂ ਪਤਨੀਆਂ ਪੰਜਾਬ ਵਿਚ ਉਨ੍ਹਾਂ ਦੇ ਪਿੰਡ ਰਹਿੰਦੀਆਂ ਸਨ। ਉਨ੍ਹਾਂ ਨੇ ਛੋਟੇ ਭਰਾ ਨੂੰ ਵਿਆਹ ਕਰਵਾਉਣ ਲਈ ਭਾਰਤ ਭੇਜਿਆ ਅਤੇ ਉਹ ਦੋ ਸਾਲਾਂ ਦੀ ਗੈਰਹਾਜ਼ਰੀ ਤੋਂ ਬਾਅਦ ਆਪਣੀ ਪਤਨੀ ਧਨ ਕੌਰ ਅਤੇ ਆਪਣੀ ਬੱਚੀ ਨਾਲ ਕਨੇਡਾ ਮੁੜਿਆ। ਜਦੋਂ ਉਨ੍ਹਾਂ ਦਾ ਜਹਾਜ਼ ਜਾਪਾਨ ਵਿਚ ਬੰਦਰਗਾਹ 'ਤੇ ਲੱਗਾ, ਬਾਜ਼ਾਰ ਤੋਂ ਚੀਜ਼ਾਂ ਵੇਚਣ ਕਈ ਲੋਕ ਜਹਾਜ਼ 'ਤੇ ਆ ਗਏ। ਉਸ ਨੇ ਇਕ ਸਕਰਟ ਖਰੀਦ ਲਈ ਅਤੇ ਆਪਣੀ ਪਤਨੀ ਨੂੰ ਜ਼ੋਰ ਪਾਉਣ ਲੱਗਾ ਕਿ ਵੈਨਕੂਵਰ ਜਹਾਜ਼ ਤੋਂ ਉਤਰਨ ਵੇਲੇ ਇਸ ਨੂੰ ਪਹਿਨੇ। ਉਸਦੇ ਵੈਨਕੂਵਰ ਪਹੁੰਚਣ ਤੋਂ ਕੁਝ ਦਿਨ ਬਾਅਦ ਤਕ ਵੀ ਉਹ ਸਲਵਾਰ ਕਮੀਜ਼ ਪਹਿਨਦੀ ਰਹੀ, ਜਦੋਂ ਤਕ ਕਿ ਘਰ ਦੇ ਮੁਖੀ, ਉਸਦੇ ਵੱਡੇ ਜੇਠ ਨੇ ਇਨ੍ਹਾਂ ਨੂੰ ਲੱਕੜ ਵਾਲੇ ਸਟੋਵ ਵਿਚ ਸਾੜ ਨਾ ਦਿੱਤਾ।

ਭਰਾਵਾਂ ਨੇ ਉਨ੍ਹਾਂ ਦੇ ਰਹਿਣ ਲਈ ਇਕ ਘਰ ਖਰੀਦ ਕੇ ਦਿੱਤਾ, ਖਾਣਾ ਪਕਾਉਣ ਅਤੇ ਬੱਚੇ ਦੀ ਦੇਖ-ਭਾਲ ਲਈ ਇਕ ਜਾਪਾਨੀ ਕੁੜੀ ਨੂੰ ਨੌਕਰ ਰੱਖਿਆ ਅਤੇ ਧਨ ਕੌਰ ਦੇ ਪਹੁੰਚਣ ਤੋਂ ਤਿੰਨ ਦਿਨ ਬਾਅਦ ਉਨ੍ਹਾਂ ਨੇ ਨਵੀਂ 1923 ਮਾਡਲ ਦੀ ਸ਼ੈਵਰਲੇ ਕਾਰ ਖਰੀਦੀ। ਅਗਲੇ ਦਿਨ ਉਸਦੇ ਜੇਠ ਨੇ ਉਸ ਨੂੰ ਕਾਰ ਚਲਾਉਣੀ ਸਿਖਾਈ ਅਤੇ ਉਸ ਤੋਂ ਬਾਅਦ ਹਰ ਰੋਜ਼ ਉਹ ਦਸ ਬਲਾਕ ਕਾਰ ਚਲਾ ਕੇ ਆਰਾ ਮਿੱਲ 'ਤੇ ਬੰਦਿਆਂ ਨੂੰ ਦੁਪਹਿਰ ਦਾ ਖਾਣਾ ਦੇਣ ਜਾਂਦੀ। ਬਾਅਦ ਵਿਚ ਉਹ ਆਪਣੀਆਂ ਸਹੇਲੀਆਂ ਨੂੰ ਵੀ ਕਾਰ 'ਤੇ ਲਿਜਾਣ ਲੱਗ ਪਈ। ਇਹ ਸਹੇਲੀਆਂ ਵੈਨਕੂਵਰ ਵਿਚ ਸੈੱਟ ਹੋਣ ਵਾਲੀਆਂ ਚਾਰ ਹੋਰ ਜਵਾਨ ਪੰਜਾਬਣਾਂ ਸਨ। ਉਹ ਉਨ੍ਹਾਂ ਨੂੰ ਬੀਚ 'ਤੇ, ਵੁੱਡਵਰਡ ਸਟੋਰ 'ਚ ਖਰੀਦੋ-ਫਰੋਖਤ ਕਰਨ ਜਾਂ ਫਿਰ ਏਧਰ-ਓਧਰ ਘੁੰਮਣ ਲਈ ਲੈ ਜਾਂਦੀ। ਇਹ ਸ਼ਹਿਰ ਦੀ ਜ਼ਿੰਦਗੀ ਸੀ। ਧਨ ਕੌਰ ਲਈ ਇਹ ਇਕੱਲਤਾ ਅਤੇ ਹੰਝੂਆਂ ਨਾਲ ਸ਼ੁਰੂ ਹੋਈ ਸੀ ਪਰ ਪਿਆਰ ਭਰੇ ਗ੍ਰਹਿਸਥ ਅਤੇ ਵੱਡੇ ਹੋ ਰਹੇ ਪਰਿਵਾਰ ਕਾਰਣ ਹਰੀ-ਭਰੀ ਹੋ ਗਈ। ਘਰ ਦੇ ਬੰਦੇ ਨਹੀਂ ਸੀ ਚਾਹੁੰਦੇ ਕਿ ਉਹ ਅੰਗਰੇਜ਼-ਕਨੇਡੀਅਨਾਂ ਦੇ ਤੰਗ ਨਜ਼ਰੀਏ ਵਾਲੇ ਵਾਤਾਵਰਣ ਵਿਚ ਵਿਰੋਧਭਾਵੀ ਧਿਆਨ ਖਿੱਚੇ। ਇਸ ਕਰਕੇ ਹੀ ਉਹ ਪੱਛਮੀ ਪਹਿਰਾਵਾ ਪਹਿਨਣ ਲਈ ਜ਼ੋਰ ਪਾਉਂਦੇ ਸਨ।

ਮੇਓ ਸਾਈਡਿੰਗ 'ਤੇ ਬਸੰਤ ਕੌਰ ਪੰਜਾਬੀ ਸੂਟ ਪਹਿਨਦੀ ਸੀ। ਉਸ ਨੇ ਪੱਛਮੀ ਪਹਿਰਾਵਾ ਵੀ ਅਪਣਾ ਲਿਆ ਸੀ ਪਰ ਉਹ ਆਪਣੀ ਪੀੜ੍ਹੀ ਦੀਆਂ ਕਨੇਡਾ ਵਿਚ ਹੋਰ ਪੰਜਾਬੀ ਔਰਤਾਂ ਵਾਂਗ ਦੁਪੱਟਾ ਵੀ ਰੱਖਦੀ। ਇਹ ਕਰਨਾ ਸੁਖਾਲਾ ਸੀ ਪਰ ਪੰਜਾਬੀ ਸੂਟ ਸਵਾਉਣੇ ਮੁਸ਼ਕਲ ਸਨ ਕਿਉਂਕਿ ਇੱਥੋਂ ਦੇ ਦਰਜ਼ੀਆਂ ਨੂੰ ਇਹ ਸਿਉਣੇ ਨਹੀਂ ਸੀ ਆਉਂਦੇ।

ਮੇਓ ਸਾਈਡਿੰਗ 'ਤੇ ਕਪੂਰ ਨੇ ਮਕਾਨ ਬਨਵਾਉਣ ਲਈ ਜਾਪਾਨੀ ਮਜ਼ਦੂਰ ਰੱਖੇ। ਇਹ ਕਨੇਡੀਅਨ ਫਾਰਮ ਹਾਊਸ ਸਟਾਈਲ ਦਾ ਕਲੈਪਬੋਰਡ ਬਣਤਰ ਵਾਲਾ ਵੱਡਾ ਦੋ-ਮੰਜ਼ਿਲਾ ਮਕਾਨ ਸੀ। ਇਸ ਦੇ ਤਿੰਨ ਪਾਸੇ ਵਰਾਂਡਾ ਸੀ ਅਤੇ ਇਹ ਤਿੰਨ ਏਕੜ ਦੀ ਲਾਟ ਵਿਚ ਬਣਿਆ ਹੋਇਆ ਸੀ ਅਤੇ ਇਸਦੇ ਆਲੇ ਦੁਆਲੇ ਕਿੱਲੀਆਂ ਦੀ ਵਾੜ ਸੀ,ਜਿਸਦੇ ਪਿੱਛੇ ਹੇਮਲੌਕ ਦੇ ਦਰੱਖਤ ਸਨ। ਮੇਓ, ਉਸਦੇ ਵੱਡੇ ਭਰਾ ਘਣੱਈਆ ਅਤੇ ਦੁੱਮਣ ਸਿੰਘ ਨੇ ਵੀ ਛੇਤੀ ਪਿੱਛੋਂ ਆਪਣੇ ਮਕਾਨ ਬਣਾਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਦੇ ਮਕਾਨ ਹੋਰ ਗੁੰਝਲਦਾਰ ਛੱਤਾਂ ਵਾਲੇ ਸਨ ਅਤੇ ਉਨ੍ਹਾਂ ਦੇ ਮੂਹਰਲੇ ਹਿੱਸੇ ਵਿਚ ਬਣੇ ਪੋਰਚਾਂ 'ਤੇ ਛੱਤਾਅ ਵੀ ਕੀਤਾ ਹੋਇਆ ਸੀ। ਪਰ ਜਦੋਂ ਬਸੰਤ ਕੌਰ ਪਹਿਲੀ ਵਾਰ ਉੱਥੇ ਪਹੁੰਚੀ ਸੀ, ਉਦੋਂ ਕਪੂਰ ਦਾ ਘਰ ਵੱਧ ਪ੍ਰਭਾਵਸ਼ਾਲੀ ਸੀ, ਉਸਦੇ ਪਿੱਛੇ ਦਰਖਤਾਂ ਤੋਂ ਬਿਨਾਂ ਕੁਝ ਵੀ ਨਹੀਂ ਸੀ ਅਤੇ ਦੋ ਕਿਲੋਮੀਟਰ ਦੂਰੀ 'ਤੇ ਪਹਾੜੀ 60 ਦਾ ਆਕਾਰ ਸੀ, ਜਿੱਥੇ ਲੱਕੜਹਾਰੇ ਮਿੱਲ ਵਾਸਤੇ ਦਰੱਖਤ ਡੇਗਦੇ। ਪਹਾੜੀ 60 ਲੌਗਿੰਗ ਟਰੇਨਾਂ ਦਾ ਟਿਕਾਣਾ ਸੀ। ਟਰੇਨਾਂ ਮੇਓ ਸਾਈਡਿੰਗ ਤੋਂ ਟਰੈਕਾਂ 'ਤੇ ਚੜ੍ਹਦੀਆਂ, ਜਿਹੜੇ ਘਰ ਤੋਂ ਨੱਬੇ ਮੀਟਰ ਪੂਰਬ ਵੱਲ ਸਨ।

ਘਰ ਦੇ ਮੂਹਰੋਂ ਬਿਨਾਂ ਰੋਗਨ ਵਾਲੇ ਖੁਰਧਰੇ ਗੈਰਾਜ, ਕੰਪਨੀ ਦੇ ਦਫਤਰਾਂ ਦੀਆਂ ਇਮਾਰਤਾਂ, ਬੰਕ ਹਾਊਸ, ਵਾਸ਼-ਹਾਊਸ (ਗੁਸਲਖਾਨੇ) ਅਤੇ ਇਕੱਲੇ ਬੰਦਿਆਂ ਲਈ ਕੁੱਕ-ਹਾਊਸ (ਰਸੋਈਆਂ) ਅਤੇ ਕੁਝ ਕਾਮਿਆਂ ਦੇ ਪਰਿਵਾਰਾਂ ਵਾਲੇ ਘਰ ਦਿਸਦੇ ਸਨ। ਇਨ੍ਹਾਂ ਚੋਂ ਬਹੁਤੀਆਂ ਇਮਾਰਤਾਂ ਸੀ ਪੀ ਆਰ ਦੀ ਇਸਕੁਆਮਾਲਟ ਐਂਡ ਨਨਾਇਮੋ ਰੇਲਵੇ ਲਾਈਨ ਦੇ ਨਾਲ ਨਾਲ ਬਣੀਆਂ ਹੋਈਆਂ ਸਨ। ਸਾਰਿਆਂ ਨਾਲੋਂ ਵੱਡੀ ਦੋ ਮੰਜ਼ਲੀ ਇਮਾਰਤ ਕੰਪਨੀ ਦੇ ਦਫਤਰ ਅਤੇ ਸਟੋਰ ਦੀ ਸੀ। ਇਸ ਸਟੋਰ ਵਿਚੋਂ ਮੇਓ ਕੰਪਨੀ ਦੇ ਜੰਗਲਾਂ ਵਿਚ ਅਤੇ ਮਿੱਲ ਵਿਚ ਕੰਮ ਕਰਨ ਵਾਲੇ ਸੈਂਕੜੇ ਕਾਮੇ ਕੂਪਨਾਂ ਬਦਲੇ ਰਾਸ਼ਨ ਲੈਂਦੇ। ਸੀ ਪੀ ਆਰ ਦੀ ਲਾਈਨ ਦੇ ਜੰਕਸ਼ਨ ਅਤੇ ਲੌਗਿੰਗ ਰੇਲਵੇ ਦੇ ਨੇੜੇ ਇਕ ਛੋਟੇ ਢਾਂਚੇ ਵਾਲਾ ਚਬੂਤਰਾ ਸੀ। ਇਹ ਰੇਲਵੇ ਦੇ ਸਵਿੱਚਮੈਨ ਦਾ ਸਟੇਸ਼ਨ ਸੀ। ਸੀ ਪੀ ਆਰ ਦੀ ਪਟੜੀ ਦੇ ਦੂਜੇ ਪਾਸੇ ਚਿਮਨੀ ਸਟੈਕਸ, ਲੰਬਰ ਪਾਈਲਸ,ਅਤੇ ਪਲੈਨਿੰਗ, ਲੇਥ ਤੇ ਸਾਅਮਿੱਲ ਦੇ ਛੱਤੜੇ ਸਨ। ਦਿਹਾੜੀ ਵਿਚ ਇਕ ਜਾਂ ਦੋ ਵਾਰ ਇਕ ਡੱਬੇ ਵਾਲੀ ਮੁਸਾਫਰ ਰੇਲਗੱਡੀ ਮੇਓ

ਸਾਈਡਿੰਗ 'ਤੇ ਆਉਂਦੀ। ਜੇ ਕਿਸੇ ਨੂੰ ਟਿਕਟ ਖਰੀਦਣਾ ਵਾਰਾ ਖਾਂਦਾ ਤਾਂ ਇਹ ਮੇਓ ਸਾਈਡਿੰਗ 'ਤੇ ਆਉਣ-ਜਾਣ ਦਾ ਸੌਖਾ ਤਰੀਕਾ ਸੀ। ਕੁਝ ਕਾਮੇ ਅਤੇ ਕੁਝ ਜਾਪਾਨੀ ਔਰਤਾਂ ਅਤੇ ਬੱਚੇ ਖਰਚ ਬਚਾਉਣ ਲਈ ਡੰਕਨ ਤੋਂ ਤੇਰਾਂ ਕਿਲੋਮੀਟਰ ਪਟੜੀ ਦੇ ਨਾਲ ਨਾਲ ਤੁਰ ਕੇ ਆਉਂਦੇ। ਇਸਦਾ ਬਦਲ ਬੱਸ ਵੀ ਸੀ, ਜਿਹੜੀ ਜੰਗਲਾਂ ਵਿਚੋਂ ਵਿੰਗੇ-ਟੇਢੇ ਰਾਹ ਲੰਘ ਕੇ ਕੋਵੀਚਨ ਰੋਡ ਤੋਂ ਫੜੀ ਜਾ ਸਕਦੀ ਸੀ। ਇਸ ਵਿੰਗੇ-ਟੇਢੇ ਰਾਹ ਨੂੰ ਉਦੋਂ ਜਿਹੇ ਹੀ ਮੋਟਰ ਗੱਡੀਆਂ ਲਈ ਚੌੜਾ ਅਤੇ ਅਪਗਰੇਡ ਕੀਤਾ ਗਿਆ ਅਤੇ ਕਪੂਰ ਨੇ ਕਾਰ ਖਰੀਦ ਲਈ। ਇਹ ਸ਼ੈਵਰਲੇ ਦੇ ਵਿਰਸੇ ਦੀ ਪਹਿਲੀ ਕਾਰ ਸੀ। ਇਹ ਉਦਯੋਗ ਵਾਲੇ ਪਿੰਡ ਅਤੇ ਕੁਝ ਕੱਟੇ ਹੋਏ ਜੰਗਲ ਵਾਲੇ ਦਿਹਾਤੀ ਖੇਤਰ ਦੀ ਜ਼ਿੰਦਗੀ ਸੀ।

1923 ਵਿਚ ਬਹੁ-ਨਸਲੀ ਮਰਦ ਗ਼ਲਬੇ ਵਾਲੀ ਕਮਿਊਨਿਟੀ ਵਿਚ ਬਸੰਤ ਕੌਰ ਪਹਿਲੀ ਸਾਊਥ ਏਸ਼ੀਅਨ ਔਰਤ ਸੀ। ਉਸਦੀਆਂ ਔਰਤ ਸਾਥਣਾਂ ਵਿਚ ਕੁਝ ਗੋਰੀਆਂ ਅਤੇ ਕੁਝ ਜਾਪਾਨਣਾਂ ਸਨ। ਪਰ ਉਨ੍ਹਾਂ ਨਾਲ ਉਸ ਨੂੰ ਬੋਲੀ ਦੀ ਵੱਡੀ ਸਮੱਸਿਆ ਸੀ। ਕੁਝ ਮਾਵਾਂ ਸਨ, ਜਿਨ੍ਹਾਂ ਦੇ ਬੱਚੇ ਇਕ ਛੋਟੇ ਆਕਾਰ ਦੇ ਸਕੂਲ ਵਿਚ ਜਾਂਦੇ ਸਨ। ਇਹ ਸਕੂਲ ਮਿੱਲ ਦੇ ਪੂਰਬ ਵਾਲੇ ਪਾਸੇ ਰੇਲਵੇ ਦੀ ਪਟੜੀ ਦੇ ਦੂਜੇ ਪਾਸੇ ਮੁੱਢਾਂ ਵਿਚ ਘਿਰਿਆ ਹੋਇਆ ਸੀ। ਮੇਓ ਕੰਪਨੀ ਨੇ ਸਕੂਲ ਦੀ ਇਮਾਰਤ ਲਈ ਦੋ ਸਾਲ ਪਹਿਲਾਂ ਇਮਾਰਤੀ ਲੱਕੜ ਲਾ ਦਿੱਤੀ ਸੀ। ਇਸ ਸਕੂਲ ਵਿਚ ਪਹਿਲਾਂ ਗੋਰੇ ਬੱਚੇ ਦਾਖਲ ਹੋਏ ਅਤੇ ਫਿਰ ਜਾਪਾਨੀ। ਪਿੰਡ ਦੇ ਪੱਛਮ ਵਿਚ ਜਾਪਾਨੀਆਂ ਨੇ ਆਪਣੇ ਇਲਾਕੇ ਵਿਚ ਸਕੂਲ ਲਈ ਇਕ ਵੱਖਰੀ ਇਮਾਰਤ ਉਸਾਰ ਲਈ। ਇਸ ਵਿਚ ਉਹ ਸਕੂਲ ਤੋਂ ਬਾਅਦ ਜਾਪਾਨੀ ਵਿਚ ਕਲਾਸਾਂ ਲਾਉਂਦੇ ਅਤੇ ਇਸ ਨੂੰ ਜਾਪਾਨੀ ਕਮਿਊਨਿਟੀ ਸੈਂਟਰ ਵਜੋਂ ਵਰਤਦੇ। ਜਦੋਂ ਮੀਂਹ ਨਾਲ ਸਕੂਲ ਵੱਲ ਜਾਂਦੀਆਂ ਡੰਡੀਆਂ ਉੱਪਰ ਚਿੱਕੜ ਹੋ ਜਾਂਦਾ ਤਾਂ ਬੱਚੇ ਫੱਟਿਆਂ 'ਤੇ ਤੁਰਦੇ ਅਤੇ ਮਿੱਲ ਦੇ ਨੇੜੇ ਤਖਤਿਆਂ ਦੇ ਰਾਹ 'ਤੇ ਤੁਰ ਕੇ ਸਕੂਲ ਪਹੁੰਚਦੇ। ਬੱਚਿਆਂ ਨੂੰ ਸਵੇਰ ਅਤੇ ਸ਼ਾਮ ਸਕੂਲ ਜਾਂਦੇ-ਆਉਂਦੇ ਬਸੰਤ ਕੌਰ ਆਪਣੇ ਘਰੋਂ ਦੇਖ ਸਕਦੀ ਸੀ। ਆਪਣੇ ਘਰੋਂ ਗੁਰਦਵਾਰੇ ਜਾਣ ਲਈ ਬਸੰਤ ਕੌਰ ਥੋੜ੍ਹੀ ਦੂਰ ਪੱਛਮ ਵੱਲ ਜਾਂਦੀ। ਰਸਤੇ ਵਿਚ ਉਹ ਉਨ੍ਹਾਂ ਪਲਾਟਾਂ ਨੂੰ ਪਾਰ ਕਰਦੀ, ਜਿੱਥੇ ਮੇਓ ਅਤੇ ਉਸਦੇ ਭਰਾ ਨੇ ਮਕਾਨ ਬਣਵਾਉਣੇ ਸਨ। ਗੁਰਦਵਾਰੇ ਦੀ ਇਮਾਰਤ ਪਿੰਡ ਵਿਚ ਸਭ ਤੋਂ ਪਹਿਲਾਂ ਬਣੀਆਂ ਇਮਾਰਤਾਂ ਵਿਚੋਂ ਇਕ ਸੀ। ਇਹ ਇਕ ਮੰਜ਼ਲੀ ਇਮਾਰਤ ਸੀ ਜਿਸਦੇ ਨਾਲ ਵਰਾਂਡਾ ਸੀ ਅਤੇ ਸਿੱਖ ਰਵਾਇਤ ਅਨੁਸਾਰ ਚਾਰੇ ਪਾਸੇ ਦਰਵਾਜ਼ੇ ਸਨ। ਗੁਰਦਵਾਰਾ ਅਤੇ ਉਸਦਾ ਘਰ ਛੇਤੀ ਹੀ ਉਸਦੇ ਮੁੱਖ ਆਸਰੇ ਬਣ ਗਏ।

ਬਸੰਤ ਕੌਰ ਨੇ ਕਪੂਰ ਨਾਲ ਬਰਾਬਰੀ ਵਾਲੀ ਸਾਂਝ ਬਣਾਈ। ਉਸ ਕੋਲ ਤਕੜੀਆਂ ਕਦਰਾਂ-ਕੀਮਤਾਂ ਸਨ ਅਤੇ ਉਹ ਨਿਰਮਾਣ ਸੁਭਾਅ ਵਾਲੀ ਸੀ। ਕਪੂਰ ਆਪ ਵੀ ਆਧੁਨਿਕ ਆਦਮੀ ਸੀ। ਭਾਵੇਂ ਉਹ ਪਰੰਪਰਾਗਤ ਸਭਿਆਚਾਰ ਵਿਚੋਂ ਆਇਆ ਸੀ ਪਰ ਉਹ ਆਪਣੇ ਸਮੇਂ ਨਾਲੋਂ ਕਈ ਪੱਖਾਂ ਵਿਚ ਅੱਗੇ ਸੀ। ਉਨ੍ਹਾਂ ਦੇ ਇਕੱਠਿਆਂ ਪਹਿਲੇ ਕੁਝ ਸਾਲਾਂ ਦੌਰਾਨ ਉਸ ਨੇ ਇਕ ਅਨੋਖਾ ਕਦਮ ਚੁੱਕਿਆ ਅਤੇ ਮੇਓ ਲੰਬਰ ਕੰਪਨੀ ਵਿਚ ਬਸੰਤ ਕੌਰ ਨੂੰ ਹਿੱਸੇਦਾਰ ਬਣਾ ਲਿਆ। ਮੇਓ ਸਿੰਘ ਅਤੇ ਕਪੂਰ ਕੋਲ ਤਿੰਨ ਚੌਥਾਈ ਹਿੱਸੇ ਸਨ। ਦੋਹਾਂ ਦੇ ਹਿੱਸੇ ਬਰਾਬਰ ਸਨ। ਬਾਕੀ ਹਿੱਸੇ ਚੌਦਾਂ ਲੋਕਾਂ ਵਿਚ ਵੰਡੇ ਹੋਏ ਸਨ। ਇਨ੍ਹਾਂ ਚੌਦਾਂ ਵਿਚ ਬਸੰਤ ਕੌਰ ਇਕੱਲੀ ਔਰਤ ਸੀ। ਕਪੂਰ ਨੇ ਉਸ ਨੂੰ ਸਤਿਕਾਰ ਅਤੇ ਪਿਆਰ ਨਾਲ ਇਸ ਦੁਨੀਆਂ ਵਿਚ ਲਿਆਂਦਾ ਸੀ। ਉਹ ਬਸੰਤ ਕੌਰ ਦੀ ਸਿਹਤ ਬਾਰੇ ਵੀ ਚਿੰਤਤ ਸੀ। ਕਨੇਡਾ ਪਹੁੰਚਣ ਤੋਂ ਲੰਬਾ ਸਮਾਂ ਪਿੱਛੋਂ ਵੀ ਉਸਦੀ ਸਿਹਤ ਮਾੜੀ ਹੀ ਰਹੀ। ਉਹ ਬਹੁਤੀ ਵਾਰ ਖਾਣੇ ਤੋਂ ਇਨਕਾਰ ਕਰ ਦਿੰਦੀ। ਇਸ ਲਈ ਕਪੂਰ ਉਸ ਨੂੰ ਇਕ ਡਾਕਟਰ ਨੂੰ ਦਿਖਾਉਣ ਡੰਕਨ ਲੈ ਕੇ ਗਿਆ। ਡਾਕਟਰ ਨੇ ਉਸ ਨੂੰ ਸਲਾਹ ਦਿੱਤੀ ਕਿ ਇਸ ਤਰ੍ਹਾਂ ਦੇ ਠੰਡੇ ਮੌਸਮ ਵਿਚ ਉਸ ਨੂੰ ਮੀਟ ਅਤੇ ਆਂਡੇ ਖਾਣੇ ਚਾਹੀਦੇ ਸਨ। ਉਸ ਸਮੇਂ ਦੀਆਂ ਤਕਰੀਬਨ ਸਾਰੀਆਂ ਹੀ ਪੰਜਾਬੀ ਔਰਤਾਂ ਵਾਂਗ ਉਹ ਵੀ ਸ਼ਾਕਾਹਾਰੀ ਸੀ ਅਤੇ ਡਾਕਟਰ ਦੀ ਸਲਾਹ ਨਾਲ ਉਹ

ਇਸ ਨੂੰ ਛੱਡਣ ਵਾਲੀ ਨਹੀਂ ਸੀ। ਫਿਰ ਵੀ ਕਪੂਰ ਉਸਦੀਆਂ ਪਾਠ ਕਰਨ ਦੀਆਂ ਹਦਾਇਤਾਂ 'ਤੇ ਫੁੱਲ ਚੜ੍ਹਾਉਂਦਾ ਸੀ। ਇਹ ਬਸੰਤ ਕੌਰ ਦਾ ਬੁਨਿਆਦੀ ਅਸੂਲ ਸੀ। ਉੱਤਰੀ ਅਮਰੀਕਾ ਵਿਚ ਆਪਣੇ ਸੋਲਾਂ ਸਾਲਾਂ ਦੌਰਾਨ ਕਪੂਰ ਪਾਠ ਕਰਨਾ ਭੁੱਲ ਗਿਆ ਸੀ। ਬਸੰਤ ਕੌਰ ਨੇ ਉਸ ਨੂੰ ਜਪੁਜੀ ਸਾਹਿਬ ਦੀਆਂ ਅਠੱਤੀ ਪੌੜੀਆਂ ਦਾ ਪਾਠ ਕਰਨਾ ਸਿਖਾਇਆ ਅਤੇ ਉਹ ਆਪਣੀ ਬਾਕੀ ਦੀ ਜ਼ਿੰਦਗੀ ਇਹ ਪਾਠ ਕਰਨ ਲਈ ਸਵੇਰੇ ਸਵੱਖਤੇ ਉੱਠਦਾ ਰਿਹਾ।

1925 ਦੀ ਮਾਰਚ ਦੇ ਅਖੀਰ 'ਚ ਧਰਤੀ 'ਤੇ ਤਿੰਨ ਫੁੱਟ ਬਰਫ਼ ਪਈ ਸੀ। ਇਹ ਸ਼ਾਂਤ ਸਰਦੀਆਂ ਲਈ ਮਸ਼ਹੂਰ ਇਲਾਕੇ ਵਾਸਤੇ ਅਸਾਧਾਰਨ ਗੱਲ ਸੀ। ਇਸ ਮੌਸਮ ਵਿਚ ਕਪੂਰ ਕਾਹਲੀ ਨਾਲ ਬਸੰਤ ਕੌਰ ਨੂੰ ਡੰਕਨ ਦੇ ਕਿੰਗਜ਼ ਡਾਟਰਜ਼ ਹਸਪਤਾਲ ਲੈ ਕੇ ਗਿਆ। ਉੱਥੇ ਉਨ੍ਹਾਂ ਦੀ ਪਹਿਲੀ ਬੇਟੀ, ਜਗਦੀਸ਼ ਦਾ ਜਨਮ ਹੋਇਆ। ਬਾਅਦ ਵਿਚ ਜਗਦੀਸ਼ ਨੂੰ ਸਾਰੇ ਜੈਕੀ ਆਖਣ ਲੱਗੇ। ਡੇਢ ਸਾਲ ਬਾਅਦ ਉਨ੍ਹਾਂ ਦੀ ਦੂਜੀ ਬੇਟੀ ਸੁਰਜੀਤ ਦਾ ਮੇਓ ਸਾਈਡਿੰਗ 'ਤੇ ਹੀ ਜਨਮ ਹੋਇਆ। ਉਸਦਾ ਜਨਮ ਐਨੀ ਛੇਤੀ ਹੋ ਗਿਆ ਕਿ ਉਨ੍ਹਾਂ ਨੂੰ ਡੰਕਨ ਜਾਣ ਦਾ ਮੌਕਾ ਹੀ ਨਾ ਮਿਲਿਆ। ਨਵੀਂ ਮਾਂ ਹੋਣ ਕਰਕੇ ਬਸੰਤ ਕੌਰ ਨੂੰ ਆਮ ਤੌਰ 'ਤੇ ਆਂਟੀ ਬੋਵਿਅਰ (ਬੱਚੇ ਉਸ ਨੂੰ ਇਸੇ ਨਾਂ ਨਾਲ ਜਾਣਦੇ ਸਨ) ਦੀ ਮੱਦਦ ਮਿਲ ਜਾਂਦੀ। ਬਿਨਾਂ ਬੱਚੇ ਤੋਂ ਅਧੇੜ ਉਮਰ ਦੀ ਇਜ਼ਾਬਿਲ ਬੋਵਿਅਰ ਮੇਓ ਲੰਬਰ ਦੇ ਦਫਤਰ ਦੇ ਸ਼ਾਂਤ ਸੁਭਾਅ ਵਾਲੇ ਮੈਨੇਜਰ ਦੀ ਪਤਨੀ ਸੀ। ਜੌਰਜ ਅਤੇ ਇਜ਼ਾਬਿਲ ਬੋਵਿਅਰ ਡੰਕਨ ਰਹਿੰਦੇ ਸਨ। ਪਰ ਇਜ਼ਾਬਿਲ ਬਹੁਤਾ ਸਮਾਂ ਬੱਚੀ ਜੈਕੀ ਨਾਲ ਗੁਜ਼ਾਰਦੀ ਅਤੇ ਉਸ ਨੂੰ ਚਾਹੁਣ ਲੱਗੀ। ਬੋਵਿਅਰ ਜੋੜੀ ਮੈਥੋਡਿਸਟ ਇਸਾਈ ਸਨ। ਜੌਰਜ ਦਾ ਛੋਟਾ ਭਰਾ, ਜਿਸਦਾ ਨਾਂ ਪਹਿਲੀਆਂ 'ਚ ਮੈਥੋਡਿਸਟ ਆਗੂ ਦੇ ਨਾਂ ਜੌਨ ਵੈਸਲੀ ਵਾਲਾ ਸੀ, ਚੀਨ ਵਿਚ ਧਰਮ ਪ੍ਰਚਾਰਕ ਸੀ। ਜਿਵੇਂ ਸੁਰਜੀਤ ਨੂੰ ਯਾਦ ਸੀ, ਬੋਵਿਅਰ ਆਮ ਹੀ ਮੇਓ ਸਾਈਡਿੰਗ 'ਤੇ ਕਪੂਰ ਦੇ ਘਰ ਅਤੇ ਸਕੂਲ ਵਿਚ ਇਸਾਈ ਪ੍ਰਚਾਰਕਾਂ ਨੂੰ ਲਿਆਉਂਦੇ। ਇਹ ਪ੍ਰਚਾਰਕ ਚੁੱਕਵੇਂ ਗਰਾਮੋਫੋਨ ਦੀ ਆਵਾਜ਼ ਉੱਚੀ ਕਰਦੇ ਅਤੇ ਭਜਨ ਗਾਉਂਦੇ। ਪਰਿਵਾਰ ਅਤੇ ਬੱਚੇ ਵੀ ਉਨ੍ਹਾਂ ਦੇ ਨਾਲ ਗਾਉਣ ਲੱਗਦੇ। ਬਸੰਤ ਕੌਰ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕਰਦੀ ਪਰ ਜਦੋਂ ਉਹ ਧਰਮ ਬਦਲਣ ਦੀ ਗੱਲ ਕਰਦੇ ਤਾਂ ਉਹ ਇਕੋ ਜਵਾਬ ਨਾਲ ਗੱਲ ਮੁਕਾ ਦਿੰਦੀ। ਉਸਦਾ ਜਵਾਬ ਹੁੰਦਾ, "ਨਹੀਂ, ਤੁਹਾਡਾ ਰੱਬ ਹੀ ਮੇਰਾ ਰੱਬ ਹੈ"। ਆਂਟੀ ਬੋਵਿਅਰ ਨੇ ਕਪੂਰ ਨੂੰ ਕਦੇ ਵੀ ਧਰਮ ਬਦਲਣ ਲਈ ਨਹੀਂ ਸੀ ਕਿਹਾ ਅਤੇ ਬੱਚੀਆਂ ਦੀ ਯਾਦ ਵਿਚ ਉਹ ਨਿੱਘੀ, ਸਨੇਹਪੂਰਨ ਅਤੇ ਮਿਲਣ-ਗਿਲਣ ਵਾਲੀ ਔਰਤ ਸੀ। ਉਸਦੇ ਟਾਕਰੇ 'ਤੇ ਉਸਦਾ ਘਰਵਾਲਾ ਦਿਆਲੂ ਪਰ ਸੰਗਾਊ ਅਤੇ ਚੁੱਪ ਰਹਿਣਾ ਸੀ।

ਆਂਟੀ ਬੋਵਿਅਰ ਨੇ ਜੈਕੀ ਦੀ ਸੰਭਾਲ ਵੇਲੇ ਮੱਦਦ ਕੀਤੀ ਸੀ ਪਰ ਸੁਰਜੀਤ ਦੇ ਜਨਮ ਵੇਲੇ ਬਸੰਤ ਕੌਰ ਨੇ ਇਕ ਔਰਤ, ਕੀਕੂ ਉਰਾਬੇ, ਨੂੰ ਰੱਖ ਲਿਆ। ਉਸਦੇ ਘਰਵਾਲੇ, ਟੋਮਨ ਦਾ ਸੰਬੰਧ ਰੋਜ਼ਡੇਲ ਵਿਚ ਪੰਜਾਬੀ ਤੇ ਜਾਪਾਨੀ ਕਾਮਿਆਂ ਦੀ ਮੰਡਲੀ ਨਾਲ ਸੀ। ਮੇਓ ਸਾਈਡਿੰਗ 'ਤੇ ਉਸ ਨੇ ਕਪੂਰ ਦਾ ਮਕਾਨ ਬਣਾਉਣ ਵਿਚ ਮੱਦਦ ਕੀਤੀ ਅਤੇ ਫਿਰ ਮੇਓ ਅਤੇ ਘਨੱਈਏ ਦੇ ਵੀ। ਉਰਾਬੇ ਜੋੜੀ ਦੇ ਤਿੰਨ ਬੱਚੇ ਸਨ। ਉਨ੍ਹਾਂ ਦੇ ਸਭ ਤੋਂ ਛੋਟੇ ਬੱਚੇ, ਸ਼ਗੀਕੋ ਦਾ ਜਨਮ 1921 ਵਿਚ ਹੋਇਆ। ਉਹ ਪੋਲੀਓ ਕਾਰਣ ਥੋੜ੍ਹਾ ਲੰਗੜਾਉਂਦਾ ਸੀ। ਕਪੂਰ ਦੇ ਘਰ ਕੰਮ ਕਰਨ ਵੇਲੇ ਕੀਕੂ ਉਸ ਨੂੰ ਆਪਣੇ ਨਾਲ ਰੱਖਦੀ। ਸ਼ਗੀਕੋ, ਜਿਸ ਨੂੰ ਘਰ ਤੋਂ ਬਾਹਰ ਜਾਨ ਵੀ ਆਖਦੇ, ਮਿਸਿਜ਼ ਕਪੂਰ ਨੂੰ ਨਖੋਚੀ ਔਰਤ ਵਜੋਂ ਯਾਦ ਰੱਖਦਾ। ਇਕ ਖਾਸ ਘਟਨਾ ਨੇ ਉਸਦਾ ਇਹ ਪ੍ਰਭਾਵ ਬਣਾਇਆ। ਬਸੰਤ ਕੌਰ ਨੇ ਉਸ ਨੂੰ ਸੰਤਰਾ ਦਿੱਤਾ ਪਰ ਉਸ ਨੂੰ ਅਖਬਾਰ 'ਤੇ ਬੈਠ ਕੇ ਛਿੱਲਣ ਲਈ ਕਿਹਾ ਤਾਂ ਕਿ ਉਸਦਾ ਕੀਮਤੀ ਭਾਰਤੀ ਗਲੀਚਾ ਖਰਾਬ ਨਾ ਹੋ ਜਾਵੇ।

ਜਦੋਂ ਕਪੂਰ ਅਤੇ ਬਸੰਤ ਕੌਰ ਨੇ ਆਪਣਾ ਪਰਿਵਾਰ ਹਾਲੇ ਸ਼ੁਰੂ ਹੀ ਕੀਤਾ ਸੀ, ਉਰਾਬੇ ਜੋੜੀ ਨੇ ਆਪਣਾ ਪਰਿਵਾਰ ਮੁਕੰਮਲ ਕਰ ਲਿਆ ਸੀ। ਅਤੇ ਬੱਚੇ ਪਾਲਣ ਦੀ ਇਹ ਅਗੇਤੀ ਸ਼ੁਰੂਆਤ

ਕਨੇਡਾ ਵਿਚ ਜਾਪਾਨੀਆਂ ਅਤੇ ਸਾਊਥ ਏਸ਼ੀਅਨਾਂ ਦੀ ਸਥਿਤੀ ਬਾਰੇ ਕੁਝ ਦੱਸਦੀ ਸੀ। ਜਾਪਾਨੀ ਬੰਦਿਆਂ ਨੇ ਕਨੇਡਾ ਵਿਚ ਆਪਣੀਆਂ ਔਰਤਾਂ ਨੂੰ ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਲਿਆਉਣਾ ਸ਼ੁਰੂ ਕਰ ਦਿੱਤਾ ਸੀ। ਇਹ ਸਾਊਥ ਏਸ਼ੀਅਨਾਂ ਤੋਂ ਇਕ ਦਹਾਕਾ ਪਹਿਲਾਂ ਸੀ। ਉਹ ਇਸ ਤਰ੍ਹਾਂ ਕਨੇਡਾ ਅਤੇ ਜਾਪਾਨ ਦਰਮਿਆਨ 1908 ਵਿਚ ਹੋਏ ਸਮਝੌਤੇ ਦੇ ਤਹਿਤ ਕਰਨ ਲੱਗੇ ਸਨ। ਇਹ ਸਮਝੌਤਾ ਵੀਹ ਸਾਲ ਚੱਲਿਆ। ਚੀਨਿਆਂ ਵਾਸਤੇ ਸਥਿਤੀ ਵੱਖਰੀ ਸੀ। ਵੈਨਕੂਵਰ, ਵਿਕਟੋਰੀਆ ਜਾਂ ਨਨਾਇਮੋ ਦੇ ਚਾਈਨਾ ਟਾਊਨਾਂ ਦੇ ਕੁਝ ਕੁ ਚੀਨੇ ਵਪਾਰੀਆਂ ਦੀਆਂ ਪਤਨੀਆਂ ਅਤੇ ਪਰਿਵਾਰ ਉਨ੍ਹਾਂ ਨਾਲ ਸਨ। ਪਰ ਸੂਬੇ ਦੀ ਵੱਡੀ ਗਿਣਤੀ ਚੀਨਿਆਂ ਦੇ ਨਾਲ ਨਹੀਂ ਸਨ। ਅਤੇ ਇਮੀਗਰੇਸ਼ਨ ਹੈੱਡ ਟੈਕਸ, ਜਿਹੜਾ ਸਿਰਫ ਚੀਨਿਆਂ ਨੂੰ ਹੀ ਦੇਣਾ ਪੈਂਦਾ ਸੀ, ਦਾ ਇਸ ਵਿਚ ਵੱਡਾ ਹਿੱਸਾ ਸੀ। ਬੰਦਿਆਂ ਲਈ ਆਪਣੀਆਂ ਪਤਨੀਆਂ ਨੂੰ ਇਸ ਦੇਸ਼ ਵਿਚ ਲਿਆਉਣਾ ਵਾਰਾ ਨਹੀਂ ਸੀ ਖਾਂਦਾ। ਕਨੇਡਾ ਦੇ ਇਮੀਗਰੇਸ਼ਨ ਮਹਿਕਮੇ ਨੇ ਮੇਓ ਸਾਈਡਿੰਗ ਦੇ ਵਿਕਾਸ 'ਤੇ ਅਭੁੱਲ ਪੈਟਰਨ ਠੋਸ ਦਿੱਤਾ ਸੀ। ਪਹਿਲੇ ਕੁਝ ਪਰਿਵਾਰ ਗੋਰੇ ਅਤੇ ਜਾਪਾਨੀ ਸਨ। ਇਸ ਥਾਂ ਨੂੰ ਚਲਾਉਣ ਵਾਲੇ ਪੰਜਾਬੀਆਂ ਦੀ ਪਰਿਵਾਰਕ ਜ਼ਿੰਦਗੀ ਕਨੇਡਾ ਵੱਲੋਂ ਭਾਰਤ ਤੋਂ ਔਰਤਾਂ ਅਤੇ ਬੱਚੇ ਲਿਆਉਣ ਨੂੰ ਹਰੀ ਝੰਡੀ ਦੇਣ ਤੋਂ ਬਾਅਦ ਕਪੂਰ ਅਤੇ ਬਸੰਤ ਕੌਰ ਵੱਲੋਂ ਘਰ ਬੰਨ੍ਹਣ ਨਾਲ ਸ਼ੁਰੂ ਹੋਈ। ਚੀਨੇ, ਜਿਹੜੇ ਮੇਓ ਸਾਈਡਿੰਗ 'ਤੇ ਕੰਮ ਕਰਨ ਵਾਲਿਆਂ ਵਿਚ ਤਕਰੀਬਨ ਅੱਧੇ ਸਨ, ਬਿਨ-ਪਰਵਾਰੇ ਆਦਮੀ ਸਨ ਅਤੇ ਬੰਕ ਹਾਊਸਾਂ ਵਿਚ ਰਹਿੰਦੇ ਸਨ। ਉਨ੍ਹਾਂ ਦਾ ਵਸੇਬਾ ਪਿੰਡ ਦੇ ਇਕ ਪਾਸੇ ਮਿੱਲ ਦੇ ਟੋਬੇ ਕੋਲ ਸੀ।

ਬਸੰਤ ਕੌਰ ਨੇ ਕਪੂਰ ਨੂੰ ਪ੍ਰੇਰਿਆ ਕਿ ਉਹ ਆਪਣੇ ਰਿਸ਼ਤੇਦਾਰਾਂ ਨੂੰ ਇੱਥੇ ਸੱਦੇ ਅਤੇ ਕਪੂਰ ਨੇ ਆਉਂਦੇ ਸਾਲਾਂ ਵਿਚ ਉਨ੍ਹਾਂ ਨੂੰ ਮੰਗਵਾਉਣਾ ਸ਼ੁਰੂ ਕਰ ਦਿੱਤਾ। ਉਸਦਾ ਭਰਾ ਤਾਰਾ 1926 ਵਿਚ ਆਇਆ। ਉਹ ਕੈਲੇਫੋਰਨੀਆ ਛੱਡਣ ਤੋਂ ਚੌਦਾਂ ਸਾਲ ਬਾਅਦ ਮੁੜਿਆ। ਉਸ ਕੋਲ ਕਨੇਡਾ ਦਾ ਰਿਹਾਇਸ਼ੀ ਪਰਵਾਨਾ ਨਹੀਂ ਸੀ ਪਰ ਉਹ ਫਿਰ ਆਪ ਆਉਣ ਅਤੇ ਆਪਣੇ ਨਾਲ ਆਪਣੀ ਪਤਨੀ, ਬਲਵੰਤ ਕੌਰ ਨੂੰ ਲਿਆਉਣ ਵਿਚ ਕਾਮਯਾਬ ਹੋ ਗਿਆ। ਬਾਕੀ ਬਾਅਦ ਵਿਚ ਆਏ, ਕਪੂਰ ਦੇ ਘਰ ਆਉਣ-ਜਾਣ ਵਾਲਿਆਂ ਨੂੰ ਬਸੰਤ ਕੌਰ ਖਿੜੇ ਮੱਥੇ ਮਿਲਦੀ। ਉਨ੍ਹਾਂ ਲਈ ਖਾਣਾ ਬਣਾਉਣ ਵਿਚ ਰੁੱਝੀ ਰਹਿੰਦੀ। ਉਨ੍ਹਾਂ ਦੇ ਦੋਸਤਾਂ ਅਤੇ ਪਰਿਵਾਰ ਦੇ ਘੇਰੇ ਵਿਚੋਂ ਕੋਈ ਵੀ ਕਦੋਂ ਵੀ ਆ ਜਾਂਦਾ। 1925 ਦੀ ਪੱਤਝੜ ਰੁੱਤੇ ਮੇਓ ਸਿੰਘ ਭਾਰਤ ਚਲਾ ਗਿਆ ਅਤੇ ਤਕਰੀਬਨ ਦੋ ਸਾਲ ਬਾਅਦ ਆਪਣੀ ਉੱਨੀਂ ਸਾਲਾਂ ਦੀ ਵਹੁਟੀ, ਬਿਸ਼ਨ ਕੌਰ, ਦੇ ਨਾਲ ਪਰਤਿਆ। ਅਤੇ ਮੇਓ ਦਾ ਵੱਡਾ ਭਰਾ ਘਨੱਈਆ ਅਤੇ ਉਨ੍ਹਾਂ ਦਾ ਗਰਾਈਂ ਦੁੰਮਣ ਸਿੰਘ ਵੀ ਅਗਲੇ ਸਾਲਾਂ ਵਿਚ ਆਪਣੀਆਂ ਪਤਨੀਆਂ ਲੈ ਆਏ। ਹੋਰ ਰਿਸ਼ਤੇਦਾਰ ਆਏ ਅਤੇ ਮੇਓ ਸਾਈਡਿੰਗ 'ਤੇ ਹੋਰ ਜਨਮ ਹੋਏ। ਇਨ੍ਹਾਂ ਦੀ ਸ਼ੁਰੂਆਤ ਮੇਓ ਅਤੇ ਬਿਸ਼ਨ ਕੌਰ ਦੇ 1927 ਵਿਚ ਪਹਿਲੇ ਬੱਚੇ ਨਾਲ ਹੋਈ। ਇਨ੍ਹਾਂ ਸਾਲਾਂ ਵਿਚ ਮੇਓ ਸਾਈਡਿੰਗ ਪੰਜਾਬ ਦੇ ਪਾਲਦੀ ਅਤੇ ਖੜੌਦੀ ਪਿੰਡਾਂ ਦਾ ਹੀ ਵਿਸਥਾਰ ਬਣ ਰਹੀ ਸੀ। ਇਹ ਪਿੰਡ ਮੇਓ ਅਤੇ ਕਪੂਰ ਦੇ ਸਨ। ਕਪੂਰ ਦੀਆਂ ਬੇਟੀਆਂ ਦੁਆਲੇ ਖੜੌਦੀ ਵਾਲੇ ਰਿਸ਼ਤੇਦਾਰਾਂ ਦੀ ਨਿੱਘੀ ਹੋਂਦ ਰਹਿੰਦੀ। ਉਨ੍ਹਾਂ ਦੇ ਘਰ ਸਾਹਮਣੇ ਦਲੀਪ ਆਂਟੀ ਦਾ ਘਰ ਸੀ, ਲੌਗਿੰਗ ਰੇਲਵੇ ਪਟੜੀ ਦੇ ਦੂਜੇ ਪਾਸੇ ਹਰਨਾਮ ਆਂਟੀ ਦਾ, ਮਾਨ ਕੌਰ ਆਂਟੀ ਦਾ ਅਤੇ ਅੰਕਲ ਬਲਵੰਤ ਦੀ ਭੈਣ ਦਾ ਘਰ ਸੀ। ਇਹ ਤਿੰਨੇ ਘਰ ਇਕ ਲਾਈਨ ਵਿਚ ਸਨ। ਉਸਦੇ ਦੱਖਣ ਵਿਚ ਸੀ ਪੀ ਆਰ ਦੀ ਲਾਈਨ ਦੇ ਪਾਰ ਦਲੀਪ ਅੰਕਲ ਰਹਿੰਦੇ ਸਨ।

ਕਪੂਰ ਕੁਝ ਹਫਤਿਆਂ ਬਾਅਦ ਬਸੰਤ ਕੌਰ ਅਤੇ ਬੇਟੀਆਂ ਨੂੰ ਨਾਲ ਲੈ ਕੇ ਦੋ ਘੰਟੇ ਕਾਰ ਚਲਾ ਕੇ ਵਿਕਟੋਰੀਆ ਜਾਂਦਾ। ਜਾਣ ਤੋਂ ਪਹਿਲਾਂ ਬਸੰਤ ਕੌਰ ਰਿਸ਼ਤੇਦਾਰਾਂ ਤੋਂ ਪੁੱਛਦੀ ਕਿ ਜੇ ਉਨ੍ਹਾਂ ਨੇ ਵਿਕਟੋਰੀਆ ਤੋਂ ਕੁਝ ਮੰਗਵਾਉਣਾ ਹੋਵੇ ਤਾਂ ਲਿਆਉਣ ਵਾਲੀਆਂ ਚੀਜ਼ਾਂ ਦੀ ਪਰਚੀ ਬਣਾ ਦੇਣ। ਫਿਰ ਜਦੋਂ ਸੁਰਜੀਤ ਕੁਝ ਵੱਡੀ ਹੋਈ ਤਾਂ ਉਹ ਉਨ੍ਹਾਂ ਘਰਾਂ ਤੋਂ ਪਰਚੀ ਲੈਣ ਜਾਣ ਲੱਗੀ। ਰੋਜ਼ਾਨਾ

ਵਰਤੋਂ ਦੀਆਂ ਚੀਜ਼ਾਂ ਮੇਓ ਸਾਈਡਿੰਗ ਕੰਪਨੀ ਦੇ ਸਟੋਰ ਅਤੇ ਫਲ ਤੇ ਸਬਜ਼ੀਆਂ ਚੀਨੇ, ਬਿੰਗ ਚੌਂਗ ਤੋਂ ਮਿਲ ਜਾਂਦੀਆਂ। ਬਿੰਗ ਚੌਂਗ ਹਫਤੇ ਵਿਚ ਇਕ ਵਾਰੀ ਮਿੱਲ 'ਤੇ ਆਪਣਾ ਖਸਤਾ ਹਾਲ ਵਾਲਾ ਕਾਲਾ ਟਰੱਕ ਲੈ ਕੇ ਆਉਂਦਾ। ਉੱਥੇ ਔਰਤਾਂ ਦਾ ਇਕੱਠਾ ਹੋਇਆ ਝੁੰਡ ਟਰੱਕ ਦਾ ਇੰਜਣ ਬੰਦ ਹੋਣ ਤੋਂ ਪਹਿਲਾਂ ਹੀ ਟਰੱਕ ਦੁਆਲੇ ਲਟਕਦੀਆਂ ਮੁਲਾਇਮ ਸ਼ੀਟਾਂ ਨੂੰ ਪਾਸੇ ਕਰਕੇ ਅੰਦਰ ਝਾਕਣ ਲੱਗਦਾ। ਅਤੇ ਮੇਓ ਸਾਈਡਿੰਗ 'ਤੇ ਘਰਾਂ ਵਿਚ ਖਾਧ ਪਦਾਰਥਾਂ ਦੇ ਆਪਣੇ ਪ੍ਰਬੰਧ ਵੀ ਹੁੰਦੇ। ਕਪੂਰ ਦੇ ਘਰ ਦੇ ਪਿਛਵਾੜੇ ਬਗੀਚਾ ਸੀ, ਗਾਵਾਂ,ਬੱਕਰੀਆਂ ਤੇ ਮੁਰਗੀਆਂ ਵਾਲਾ ਢਾਰਾ ਸੀ। ਇਹ ਸਾਰਾ ਕੁਝ ਰਸੋਈਏ ਦਾ ਕਾਰਜ-ਖੇਤਰ ਸੀ, ਜਿਸਨੂੰ ਪੰਜਾਬੀ ਕਾਬਲੀ ਆਖਦੇ। ਜਦੋਂ ਕਪੂਰ ਨੇ ਕਾਰੋਬਾਰ ਲਈ ਵਿਕਟੋਰੀਆ ਜਾਣਾ ਹੁੰਦਾ, ਉਦੋਂ ਖਰੀਦੋ-ਫਰੋਖਤ ਕਰਨ ਦਾ ਮੌਕਾ ਬਣ ਜਾਂਦਾ। ਪਰਿਵਾਰ ਆਮ ਤੌਰ 'ਤੇ ਡੇਵਿਡ ਸਪੈਂਸਰ ਡੀਪਾਰਟਮੈਂਟ ਸਟੋਰ 'ਤੇ ਜਾਂਦਾ। ਇਹ ਸਟੋਰ ਵਿਕਟੋਰੀਆ ਦੇ ਡਾਊਨ-ਟਾਊਨ ਇਲਾਕੇ ਵਿਚ ਪੂਰੇ ਬਲਾਕ ਵਿੱਚ ਫੈਲਿਆ ਹੋਇਆ ਸੀ। ਬਸੰਤ ਕੌਰ ਨੂੰ ਖਰੀਦੋ-ਫਰੋਖਤ ਕਰਨ ਜੋਗੀ ਅੰਗਰੇਜ਼ੀ ਆਉਂਦੀ ਸੀ, ਉਸ ਤੋਂ ਵੱਧ ਨਹੀਂ। ਉਹ ਰਾਹ ਵਿਚ ਖਾਣ ਲਈ ਖਾਣਾ ਤਿਆਰ ਕਰਕੇ ਨਾਲ ਬੰਨ੍ਹ ਲੈਂਦੀ ਪਰ ਕਦੇ-ਕਦੇ ਕੁੜੀਆਂ ਨੂੰ ਰੈਸਟੋਰੈਂਟ ਵਿਚ ਖਾਣ ਦਾ ਵੀ ਮੌਕਾ ਮਿਲ ਜਾਂਦਾ। ਉਹ ਕਰੁਟੋਨ ਨਾਲ ਗੰਢਿਆਂ ਦਾ ਸੂਪ ਅਤੇ ਤਲੀ ਮੱਛੀ ਤੇ ਆਲੂ ਯਾਨੀ ਫਿਸ਼ ਐਂਡ ਚਿਪਸ ਖਾਂਦੀਆਂ। ਉਨ੍ਹਾਂ ਦੀ ਮਾਂ ਉਨ੍ਹਾਂ ਨੂੰ ਖਾਂਦੀਆਂ ਦੇਖਦੀ ਪਰ ਆਪਣੇ ਸ਼ਾਕਾਹਾਰੀ ਸਿਧਾਂਤ ਨੂੰ ਢਿੱਲਾ ਨਾ ਕਰਦੀ। ਜੇ ਕਪੂਰ ਨੇ ਕਾਰੋਬਾਰ ਲਈ ਜ਼ਿਆਦਾ ਸਮਾਂ ਜਾਣਾ ਹੁੰਦਾ ਤਾਂ ਉਹ ਬਸੰਤ ਕੌਰ ਅਤੇ ਕੁੜੀਆਂ ਨੂੰ ਬੀਕਨ ਹਿੱਲ ਪਾਰਕ ਵਿਚ ਛੱਡ ਜਾਂਦਾ, ਜਿੱਥੇ ਜੈਕੀ ਤੇ ਸੁਰਜੀਤ ਪੀਂਘਾਂ ਝੂਟਦੀਆਂ।

ਕਪੂਰ ਨੇ ਘਰ ਦੇ ਪਿਛਵਾੜੇ ਵਿਚ ਵੀ ਉਨ੍ਹਾਂ ਲਈ ਪੀਂਘਾਂ ਬਣਾ ਕੇ ਦਿੱਤੀਆਂ ਸਨ। ਕੁੜੀਆਂ ਨੂੰ ਮੇਓ ਸਾਈਡਿੰਗ ਦੀਆਂ ਪਹਿਲੀਆਂ ਯਾਦਾਂ ਵਿਚੋਂ ਉਸ ਪਿਛਵਾੜੇ ਅਤੇ ਪੀਂਘਾਂ ਦੀ ਸਭ ਤੋਂ ਵੱਧ ਯਾਦ ਸੀ। ਭਾਈ ਜੀ, ਜਾਂ ਕਾਬਲੀ, ਕੁਆਰਾ ਰਸੋਈਆ, ਜਿਹੜਾ ਵੱਡੇ ਬਗੀਚੇ ਦੀ ਸੰਭਾਲ ਕਰਦਾ ਅਤੇ ਪਸ਼ੂਆਂ ਦੀ ਦੇਖਭਾਲ ਕਰਦਾ, ਬਹੁਤਾ ਦੋਸਤਾਨਾ ਨਹੀਂ ਸੀ। ਉਹ ਔਰਤਾਂ ਅਤੇ ਬੱਚਿਆਂ ਤੋਂ ਲਾਂਭੇ ਰਹਿੰਦਾ। ਕੁੜੀਆਂ ਉਸ ਨੂੰ ਮੁਰਗਾ ਕੱਟਦੇ ਨੂੰ ਮੰਤਰ-ਮੁਗਧ ਹੋ ਕੇ ਦੇਖਦੀਆਂ ਅਤੇ ਮੁਰਗਾ ਬਿਨਾਂ ਸਿਰ ਤੋਂ ਦੌੜਦਾ। ਭਾਈ ਜੀ ਦਿਹਾੜੀ 'ਚ ਦੋ ਵਾਰ ਘਰ ਅੰਦਰ ਦੁੱਧ ਦੀਆਂ ਬਾਲਟੀਆਂ ਲੈ ਕੇ ਆਉਂਦਾ। ਇਕ ਬਾਲਟੀ ਵਿਚ ਜੈਕੀ ਲਈ ਬੱਕਰੀ ਦਾ ਦੁੱਧ ਹੁੰਦਾ। ਗਾਂ ਦਾ ਦੁੱਧ ਉਸ ਨੂੰ ਮਾਫਕ ਨਹੀਂ ਸੀ। ਡੰਕਨ ਵਾਲੇ ਡਾਕਟਰ ਦੀ ਸਲਾਹ ਤੋਂ ਬਾਅਦ ਕਪੂਰ ਨੇ ਬੱਕਰੀਆਂ ਖਰੀਦੀਆਂ। ਕੁਝ ਬੱਕਰੀਆਂ ਭਾਈ ਜੀ ਦੀ ਦੇਖ ਰੇਖ ਹੇਠ ਵੱਡੀਆਂ ਹੋਈਆਂ ਅਤੇ ਸੌ ਤੋਂ ਉੱਪਰ ਦਾ ਇੱਜੜ ਬਣ ਗਿਆ। ਸਾਰੀਆਂ ਬੱਕਰੀਆਂ ਚਿੱਟੀਆਂ ਸਨ। ਕਾਬਲੀ ਤੋਂ ਕਿਤੇ ਵੱਧ ਪਿਆਰ ਕਰਨ ਵਾਲਾ 'ਡੈਡੀ' ਮੈਕਲੀਨ ਸੀ। ਉਹ ਰੇਲਵੇ ਦਾ ਸਵਿੱਚਮੈਨ ਸੀ। ਉਹ ਮੁੱਖ ਲਾਈਨ ਅਤੇ ਲੌਗਿੰਗ ਲਾਈਨ ਦੇ ਕਾਟ 'ਤੇ ਨਿਗਰਾਨੀ ਕਰਦਾ ਸੀ। ਉਸਦੇ ਅੰਦਰੋਂ ਬੱਚਿਆਂ ਪ੍ਰਤੀ ਪਿਆਰ ਫੁੱਟ-ਫੁੱਟ ਪੈਂਦਾ ਸੀ। ਅਤੇ ਕੁੜੀਆਂ ਜਦੋਂ ਬਟਰਕੱਪ ਲੈਣ ਜਾਂ ਕਿਸੇ ਹੋਰ ਬਹਾਨੇ ਉਸਦੀ ਝੁੱਗੀ ਵਿਚ ਜਾਂਦੀਆਂ ਤਾਂ ਬਹੁਤ ਖੇਡ-ਤਮਾਸ਼ਾ ਹੁੰਦਾ। ਇਕ ਵਾਰ ਉਹ ਉਸ ਕੋਲ ਗਈਆਂ ਹੋਈਆਂ ਸਨ 'ਜਦੋਂ ਇਕ ਜਾਪਾਨੀ ਲੌਗਰ ਦਾ ਮ੍ਰਿਤਕ ਸਰੀਰ ਇਕ ਖੁੱਲ੍ਹੇ ਡੱਬੇ ਰਾਹੀਂ ਲਿਆਂਦਾ ਗਿਆ ਸੀ। ਉਸਦਾ ਸਰੀਰ ਢਕਿਆ ਹੋਇਆ ਸੀ ਅਤੇ ਸਿਰਫ ਉਸਦੇ ਬੂਟ ਹੀ ਦਿਸਦੇ ਸਨ। ਉਨ੍ਹਾਂ ਨੂੰ ਇਹ ਦੇਖ ਕੇ ਧੱਕਾ ਲੱਗਾ ਸੀ। ਪਰ ਗੇਲੀਆਂ ਢੋਣ ਵਾਲੀ ਰੇਲਗੱਡੀ ਨਾਲ ਉਨ੍ਹਾਂ ਦਾ ਬਹੁਤ ਖੁਸ਼ੀ ਵਾਲਾ ਸੰਬੰਧ ਸੀ ਕਿਉਂ ਕਿ ਉਨ੍ਹਾਂ ਦਾ ਪਿਤਾ ਕਈ ਵਾਰ ਉਨ੍ਹਾਂ ਨੂੰ ਘੁਮਾਉਣ ਲਈ ਪਟੜੀ 'ਤੇ ਲੈ ਜਾਂਦਾ। ਉਹ ਖੁੱਲ੍ਹੀ ਛੱਤ ਵਾਲੇ ਡੱਬੇ 'ਤੇ ਚੜ੍ਹ ਜਾਂਦੀਆਂ। ਉਨ੍ਹਾਂ ਦਾ ਪਿਤਾ ਸਿਰਿਆਂ 'ਤੇ ਅਖਬਾਰ ਵਿਛਾਅ ਦਿੰਦਾ ਤਾਂ ਕਿ ਉਹ ਆਪਣੇ ਪੈਰ ਲਟਕਾ ਲੈਣ ਅਤੇ ਉਨ੍ਹਾਂ ਦੇ ਸੂਤੀ ਕੱਪੜੇ ਗੰਦੇ ਨਾ ਹੋਣ। ਪੰਤਾਲੀ ਮਿੰਟ ਦੇ ਸਹਿਜ ਚਾਲ ਗੇੜੇ ਤੋਂ ਪਿੱਛੋਂ - ਬੱਚਿਆਂ ਦੇ ਮਨ ਵਿਚ ਇਹ ਬਹੁਤ ਲੰਬਾ ਸਮਾਂ ਸੀ - ਉਹ

ਲੌਗਿੰਗ ਕੈਂਪ ਵਿਚ ਪਹੁੰਚਦੇ। ਉੱਥੇ ਥੋੜ੍ਹੇ ਜਿਹੇ ਬੰਕ ਹਾਊਸ ਹੁੰਦੇ ਅਤੇ ਉਨ੍ਹਾਂ ਦੇ ਭਿੱਜਣ ਲਈ ਇਕ ਕੂਲ੍ਹ ਵਗਦੀ ਹੁੰਦੀ।

ਕਪੂਰ ਅਤੇ ਬਸੰਤ ਕੌਰ ਨੇ ਮੇਓ ਸਾਈਡਿੰਗ 'ਤੇ ਇਕ ਦਹਾਕੇ ਤੋਂ ਵੱਧ ਸਮਾਂ ਬਿਤਾਇਆ। ਇਸ ਦਹਾਕੇ ਵਿਚ ਉਹ ਇਕ ਸਾਲ ਲਈ ਭਾਰਤ ਗਏ। ਕਿਤਾਬਾਂ ਤੇ ਬਸੰਤ ਕੌਰ ਵੱਲੋਂ ਸੁਣਾਈਆਂ ਜਾਂਦੀਆਂ ਕਹਾਣੀਆਂ ਤੋਂ ਇਲਾਵਾ ਜੈਕੀ ਤੇ ਸੁਰਜੀਤ ਲਈ ਨੌਂ ਤੇ ਦਸ ਸਾਲ ਦੀ ਉਮਰ ਤੱਕ ਇਹ ਮਿੱਲ ਵਾਲੀ ਜਗ੍ਹਾ ਹੀ ਸਾਰਾ ਸੰਸਾਰ ਸੀ, ਜਿਸ ਨੂੰ ਉਹ ਜਾਣਦੀਆਂ ਸਨ। ਮੇਓ ਸਾਈਡਿੰਗ 'ਤੇ ਉਨ੍ਹਾਂ ਦੀ ਸੁਰੱਖਿਅਤ ਪਰਿਵਾਰਕ ਜ਼ਿੰਦਗੀ ਸੀ। ਉਹ ਸ਼ਰੀਕੇ ਵਿਚੋਂ ਲਗਦੇ ਆਪਣੇ ਭੈਣ-ਭਰਾਵਾਂ ਅਤੇ ਦੋ ਗੋਰੀਆਂ ਨਾਲ ਖੇਡਦੀਆਂ। ਉਨ੍ਹਾਂ ਦੀ ਮਾਂ ਉਨ੍ਹਾਂ ਨੂੰ ਰਿਸ਼ਤੇ ਵਿਚੋਂ ਲਗਦੇ ਭਰਾਵਾਂ ਤੋਂ ਬਿਨਾਂ ਕਿਸੇ ਮੁੰਡੇ ਨਾਲ ਨਾ ਖੇਡਣ ਦਿੰਦੀ। ਉਨ੍ਹਾਂ ਦੇ ਪਿਛਲੇ ਪਾਸੇ ਲਗਾਤਾਰ ਚੱਲਦੀ ਆਰਾ ਮਿੱਲ ਹੁੰਦੀ ਅਤੇ ਬਾਹਰ ਮਨ ਨੂੰ ਭਰਮਾਉਂਦੇ ਦ੍ਰਿਸ਼। ਉਨ੍ਹਾਂ ਦੇ ਅਗਲੇ ਦਰਵਾਜ਼ੇ ਅੱਗੇ, ਇਕ ਬਹੁ-ਨਸਲੀ , ਬਹੁ-ਸਭਿਆਚਾਰਕ ਪਿੰਡ ਉੱਸਰ ਗਿਆ ਸੀ, ਅਤੇ ਉਨ੍ਹਾਂ ਦਾ ਪਿਤਾ ਅਤੇ ਉਸ ਦੇ ਭਾਈਵਾਲ ਇਸ ਦੇ ਮਾਲਕ ਅਤੇ ਮੁੱਖ ਥੰਮ ਸਨ।

ਪਿੰਡ ਦੀ ਹੋਂਦ ਦਾ ਇਕੋ-ਇਕ ਮਕਸਦ ਮਿੱਲ ਸੀ ਅਤੇ ਉਹ ਮਿੱਲ ਵਿਚ ਤਾਜ਼ੀ ਗੇਲੀ ਨੂੰ ਚੀਰਦੇ ਆਰੇ ਦੀ ਤਿੱਖੀ ਤੇ ਡੂੰਘੀ ਆਵਾਜ਼ ਨੂੰ ਸੰਗੀਤ ਵਾਂਗ ਪਛਾਨਣਾ ਸਿੱਖ ਗਏ ਸਨ। ਜੰਗਲ ਵੀ ਬਹੁਤਾ ਦੂਰ ਨਹੀਂ ਸੀ ਅਤੇ ਉਹ ਆਪਣੇ ਚਚੇਰੇ-ਭੈਣ ਭਰਾਵਾਂ ਨਾਲ ਰੇਲਵੇ ਦੇ ਨਾਲ ਨਾਲ ਬਲੈਕਬੇਰੀ ਤੋੜਨ ਦੀ ਮੁਹਿੰਮ ਨੂੰ ਬਹੁਤ ਪਿਆਰ ਨਾਲ ਯਾਦ ਕਰਦੀਆਂ। ਇਕ ਵਾਰ ਉਹ ਆਪਣੇ ਪਿਤਾ ਨਾਲ ਜੰਗਲ ਵਿਚ ਖੜ੍ਹੀਆਂ ਸਨ ਅਤੇ ਉਨ੍ਹਾਂ ਨੇ ਇਕ ਹਿਰਨ ਦੇਖਿਆ। ਇਹ ਉਨ੍ਹਾਂ ਦਾ ਮਨ-ਭਾਉਂਦਾ ਪਲ ਸੀ। ਇਹੀ ਕੁਝ ਉਹ ਲੱਭਣ ਆਏ ਸਨ ਅਤੇ ਉਨ੍ਹਾਂ ਦੇ ਪਿਤਾ ਕੋਲ ਰਫਲ ਸੀ। "ਗੋਲੀ ਚਲਾਓ, ਡੈਡੀ", ਉਨ੍ਹਾਂ ਨੇ ਕਿਹਾ। ਉਸ ਨੇ ਗੋਲ਼ੀ ਚਲਾਈ ਪਰ ਨਿਸ਼ਾਨਾ ਚੁੱਕ ਗਿਆ। ਪਰ ਉਹ ਕਦੇ ਵੀ ਨਹੀਂ ਭੁੱਲੀਆਂ ਕਿ ਉਸ ਨੇ ਜਾਣ ਬੁੱਝ ਕੇ ਨਿਸ਼ਾਨਾ ਚੁਕਾਇਆ ਸੀ ਕਿਉਂਕਿ ਉਹ ਐਨਾ ਦਿਆਲੂ ਸੀ ਕਿ ਜਾਨਵਰ ਨੂੰ ਮਾਰਨ ਵਾਸਤੇ ਨਿਸ਼ਾਨਾ ਨਹੀਂ ਸੀ ਬੰਨ੍ਹ ਸਕਦਾ।

ਉਨ੍ਹਾਂ ਦੀ ਮਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਜਦੋਂ ਕਪੂਰ ਨੇ ਉਸ ਨੂੰ ਕਨੇਡਾ ਬੁਲਾਇਆ ਸੀ ਜੇ ਉਸ ਵੇਲੇ ਉਸਦਾ ਭਰਾ ਅਤੇ ਚਾਚਾ ਔੜ ਵਿਚ ਹੁੰਦੇ ਤਾਂ ਉਹ ਕਦੇ ਵੀ ਕਨੇਡਾ ਨਾ ਆਉਂਦੀ। ਉਹ ਆਪਣੇ ਪਰਿਵਾਰ ਨਾਲ ਐਨੀ ਜੁੜੀ ਹੋਈ ਸੀ ਤੇ ਉਸ ਨਾਲੋਂ ਐਨਾ ਦੂਰ ਸੀ। ਪਰ ਉਹ ਆਈ ਅਤੇ ਮੇਓ ਸਾਈਡਿੰਗ 'ਤੇ ਉਸ ਨੇ ਅਤੇ ਕਪੂਰ ਨੇ ਹੂਬਹੂ ਓਹੋ ਜਿਹੀ ਨੇੜਤਾ ਵਾਲਾ ਪਰਿਵਾਰ ਬਣਾ ਲਿਆ, ਜਿਸ ਨੂੰ ਉਹ ਛੱਡ ਕੇ ਆਈ ਸੀ। ਬਹੁਤ ਸਾਲ ਕਪੂਰ ਨੇ ਕਨੇਡਾ ਵਿਚ ਜਾਇਦਾਦ ਬਣਾਉਂਦਿਆਂ ਆਪਣੀਆਂ ਪਰਿਵਾਰਕ ਭਾਵਨਾਵਾਂ ਨੂੰ ਦਬਾ ਕੇ ਰੱਖਿਆ ਸੀ। ਜਦੋਂ ਹੀ ਕਨੇਡਾ ਦੀ ਸਰਕਾਰ ਨੇ ਉਸਦੀ ਘਰਵਾਲੀ ਨੂੰ ਇੱਥੇ ਆਉਣ ਦਿੱਤਾ, ਅਤੇ ਜਦੋਂ ਹੀ ਬਸੰਤ ਕੌਰ ਨੇ ਸ਼ਹਿਰ ਦੀ ਥਾਂ ਉਸਦੇ ਨਾਲ ਰਹਿਣ ਨੂੰ ਪਹਿਲ ਦਿੱਤੀ, ਕਪੂਰ ਘਰੇਲੂ ਜ਼ਿੰਦਗੀ ਲਈ ਵਚਨਬੱਧ ਹੋ ਗਿਆ। ਇਹ ਕਪੂਰ ਦਾ ਸੁਭਾਅ ਹੋ ਸਕਦਾ ਜਾਂ ਬਸੰਤ ਕੌਰ ਦੀ ਅਗਵਾਈ ਜਾਂ ਦੋਹਾਂ ਦੀ ਸਾਂਝੀ ਸਿਆਣਪ, ਪਰ ਵਿਆਹ ਤੋਂ ਪਿੱਛੋਂ ਸਾਲਾਂ ਲੰਬੀ ਦੂਰੀ ਤੋਂ ਬਾਅਦ ਉਹ ਇਕ ਸੰਯੁਕਤ ਜੀਵਨ ਸਾਥ ਵਿਚ ਬੱਝੇ ਅਤੇ ਦੋ ਬੱਚਿਆ ਦਾ ਪਾਲਣ ਕੀਤਾ। ਅਤੇ ਇਹ ਬੱਚੇ ਦੋਹਾਂ ਮਾਪਿਆਂ ਨੂੰ ਬਰਾਬਰ ਪਿਆਰ ਅਤੇ ਸਤਿਕਾਰ ਕਰਦੇ ਸਨ ਅਤੇ ਕਦੇ ਵੀ (ਨਿੱਕੀ ਤੋਂ ਨਿੱਕੀ ਗੱਲ 'ਤੇ ਵੀ ਨਹੀਂ) ਇਕ ਤੋਂ ਹਾਂ ਨਹੀਂ ਕਰਾ ਸਕੇ ਜੇ ਦੂਜੇ ਨੇ ਨਾਂਹ ਕੀਤੀ ਹੋਵੇ। 000

(hsekha@hotmail.com)

ਪੈਰਿਸ ਕਮਿਊਨ: ਦੁਨੀਆ ਦੀ ਪਹਿਲੀ ਕਮਿਊਨਿਸਟ ਹਕੂਮਤ ਜੋ 1871 'ਚ 72 ਦਿਨ ਰਹੀ: ਸੁਰਜੀਤ ਹਾਂਸ

ਜਿਵੇਂ ਫਰਾਂਸੀਸੀ ਇਨਕਲਾਬ (1789) ਦਾ ਉਦੇਸ਼ ਅਜੇ ਦੁਨੀਆ ਵਿਚ ਸਿਰੇ ਚੜ੍ਹਾਉਣਾ ਰਹਿੰਦਾ ਹੈ, ਉਵੇਂ ਪੈਰਿਸ ਕਮਿਊਨ ਫਰਾਂਸੀਸੀ ਇਨਕਲਾਬ ਦੀ ਉਪਜ ਸੀ ਜੋ ਆਪ ਪੈਰਿਸ ਤੋਂ ਸ਼ੁਰੂ ਹੋਇਆ ਸੀ। ਪੈਰਿਸ ਵਾਸੀਆਂ ਦੀ ਮਰਜ਼ੀ, ਉਤਸੁਕਤਾ ਸਰਕਾਰ ਨਾਲ ਗਲ਼ੀ ਬਾਜ਼ਾਰ ਵਿਚ ਟੱਕਰ ਲੈਣ ਦੀ ਹੈ। ਸਿਆਸੀ ਉਤਾਰ ਚੜ੍ਹਾਓ- ਅਠ੍ਹਾਰਵੀਂ ਸਦੀ ਵਿਚ ਗਣਤੰਤਰ ਦਾ ਐਲਾਨ, ਸੰਵਿਧਾਨ, ਆਤੰਕ ਰਾਜ; ਨੈਪੋਲੀਅਨ ਦਾ ਸ਼ਹਿਨਸ਼ਾਹ ਬਣਨਾ; ਉਨਵੀਂ ਸਦੀ ਵਿਚ ਦੋ ਬਾਦਸ਼ਾਹੀਆਂ, ਨੈਪੋਲੀਅਨ ਦੇ ਭਤੀਜੇ ਦੀ ਮੁੜ ਗਣਤੰਤਰ ਦੀ ਪ੍ਰਧਾਨਗੀ, 1848 ਵਿਚ ਯੌਰਪੀ ਕ੍ਰਾਂਤੀਆਂ, ਨੈਪੋਲੀਅਨ ਦੀ ਮੁੜ ਬਾਦਸ਼ਾਹੀ।

ਬਲੈਂਕੀ (ਕੈਦ 'ਚ) ਕਮਿਊਨ ਦਾ ਪ੍ਰਧਾਨ ਚੁਣਿਆ ਗਿਆ ਸੀ ਜਿਸ ਨੇ 1830, 1833, 1848 'ਚ ਬਾਜ਼ਾਰਾਂ ਵਿਚ ਹੁੰਦੀਆਂ ਲੜਾਈਆਂ ਵਿਚ ਹਿੱਸਾ ਲਿਆ ਸੀ। ਐਂਗਲਜ਼ (1820-95) ਅਨੁਸਾਰ ਫਰਾਂਸੀਸੀਆਂ ਜਿੰਨਾ ਕਿਸੇ ਹੋਰ ਦੇਸ਼ ਦੇ ਲੋਕਾਂ ਵਿਚ ਜੀਵਨ ਦਾ ਲੁਤਫ਼ ਲੈਣ ਅਤੇ ਇਤਿਹਾਸਕ ਕਾਰਜ ਕਰਨ ਦਾ ਜੋਸ਼ ਨਹੀਂ। ਵਾਲਟਰ ਬੈਂਜਾਮਿਨ (1891-1940) ਦਾ ਕਥਨ ਹੈ- ਜਿਵੇਂ ਜਵਾਲਾਮੁਖੀ ਆਪਣੇ ਲਾਵੇ ਨਾਲ ਆਸੇ ਪਾਸੇ ਦੀ ਭੋਂ ਨੂੰ ਜ਼ਰਖੇਜ਼ ਬਣਾ ਦਿੰਦਾ ਹੈ, ਫਰਾਂਸੀਸੀ ਇਨਕਲਾਬਾਂ ਨੇ ਇੱਥੋਂ ਦੀ ਕਲਾ, ਰੰਗ-ਰੌਣਕ ਅਤੇ ਫੈਸ਼ਨ ਨੂੰ ਉਪਜਾਇਆ ਹੈ।

ਨੈਪੋਲੀਅਨ ਦੇ ਸਾਮਰਾਜ ਤੋਂ ਨੈਪੋਲੀਅਨ ਤੀਜੇ ਦੇ ਰਾਜ-ਹਰਨ (1851) ਤਾਈਂ ਸਿਆਸੀ ਘਟਨਾਵਾਂ ਦੀ ਘੜਮੱਸ ਸੀ, ਜਿਸ ਨੂੰ ਠੀਕ ਕਰਨ ਲਈ ਬਲਜ਼ਾਕ (1799-1850) ਖੁਫ਼ੀਆ ਟੋਲੀਆਂ ਦੇ ਆਗੂਆਂ ਦਾ ਨਕਸ਼ਾ ਖਿੱਚਦਾ ਹੈ ਜੋ ਕ੍ਰਾਂਤੀ ਦੀਆਂ ਸਾਜ਼ਿਸ਼ਾਂ ਕਰਦੇ ਹਨ, ਜਿਹਨਾਂ 'ਚ ਲੋੜੀਂਦੀ ਤਾਕਤ ਹੈ, ਲੋੜੀਂਦੇ ਪੱਧਰ ਦੇ ਈਮਾਨਦਾਰ ਹਨ, ਭੇਤ ਨੂੰ ਸੰਭਾਲ ਕੇ ਰੱਖਣ ਵਾਲੇ, ਦੀਰਘ ਸਿਆਣੇ ਹਨ, ਇੰਨੇ ਤਕੜੇ ਜੋ ਆਪਣੇ ਆਪ ਨੂੰ ਕਾਨੂੰਨ ਤੋਂ ਬਾਲਾ-ਤਰ ਸਮਝਦੇ ਹਨ, ਜੋ ਜ਼ਰੂਰੀ ਸਾਹਸ ਵਖਾਉਣ, ਨਾਲੇ ਇੰਨੇ ਕੁ ਖੁਸ਼ਕਿਸਮਤ ਜੋ ਸਕੀਮ ਨੂੰ ਸਿਰੇ ਚੜ੍ਹਾਉਣ ਵਾਲੇ ਹੋਣ, ਜਿਹਨਾਂ 'ਤੇ ਡਰ ਭੈ ਅਸਰ ਨਹੀਂ ਕਰਦੇ, ਜੋ ਕੀ ਬਾਦਸ਼ਾਹ ਕੀ ਜੱਲਾਦ ਅਤੇ ਕੀ ਕੋਈ ਮਾਸੂਮ ਸਾਹਵੇਂ ਡੋਲਣ-ਹਾਰ ਨਹੀਂ। ਉਹ ਬੇਸ਼ੱਕ ਮੁਜਰਮ ਸੀ ਪਰ ਅਜਿਹੀਆਂ ਖੂਬੀਆਂ ਨਾਲ ਹੀ ਜਨ ਮਹਿਮਾ-ਵਾਨ ਹੁੰਦੇ ਹਨ।

ਬੈਰੀਕੇਡ ਦਾ ਮਤਲਬ ਗਲੀ ਵਿਚ ਦੁਸ਼ਮਣ ਨੂੰ ਰੋਕਣ ਦਾ ਮੌਕੇ 'ਤੇ ਕੀਤਾ ਉਪਰਾਲਾ। ਭਾਵੇਂ ਇਹ ਸੋਲਵੀਂ ਸਦੀ ਵਿਚ ਧਰਮ ਦੀ ਜੰਗ ਸਮੇਂ ਈਜਾਦ ਹੋਇਆ ਸੀ ਪਰ 1830 ਦੀ ਕ੍ਰਾਂਤੀ ਵਿਚ ਇਹਦੀ ਕੇਂਦਰੀ ਮਹੱਤਾ ਸੀ ਜੋ (ਸ਼ਹਿਰੀ) ਗੁਰੀਲਾ ਲੜਾਈ ਦੇ ਮੂਲ ਰੂਪ ਸਾਹਮਣੇ ਆਏ। ਕੋਈ ਵੀ ਚੀਜ਼ ਮਦੱਫ਼ਾ ਬੰਨ੍ਹਣ ਦੇ ਕੰਮ ਆ ਸਕਦੀ ਸੀ- ਮੰਜੇ, ਮੇਜ਼ ਕੁਰਸੀਆਂ, ਆਹਮਣੇ ਸਾਹਮਣੇ ਕੰਧਾਂ ਨਾਲ ਬੰਨ੍ਹੇ ਰੱਸੇ, ਮੂਧੇ ਕੀਤੀਆਂ ਘੋੜਾ-ਗੱਡੀਆਂ, ਸੜਕਾਂ ਤੋਂ ਪੱਟੇ ਪੱਥਰ ਜੋ 4054 ਬੈਰੀਕੇਡਾਂ ਲਈ 81,25,000 ਹੋ ਗਏ ਸੀ। ਘਰਾਂ ਦੀਆਂ ਖਿੜਕੀਆਂ ਬੰਦੂਕਚੀਆਂ ਦੀ ਕਾਰਵਾਈ ਲਈ ਐਨ ਸਹਾਈ ਸਨ। ਪੈਰਿਸ ਦੀਆਂ ਸੜਕਾਂ ਦੇ ਪੱਥਰ ਘਰਾਂ ਦੀਆਂ ਮੰਜ਼ਲਾਂ ਤੋਂ ਸਿਪਾਹੀਆਂ ਦੇ ਸਿਰਾਂ ਵਿਚ ਪੈਂਦੇ।

ਸਨ 1832 ਦੀ ਬਗਾਵਤ ਤਿੰਨ ਦਿਨ ਰਹੀ। 166 ਮਰੇ 635 ਜ਼ਖ਼ਮੀ। ਸਾਰੀ ਗੱਲ ਭੁੱਲ ਜਾਣੀ ਸੀ ਜੇ ਇਹਨੂੰ ਵਿਕਟਰ ਹੀਊਗੋ (1802-95) ਆਪਣੇ ਨਾਵਲ Les Miserables 'ਚ

ਨਾ ਬੰਨ੍ਹਦਾ। ਦਸਤਾਵੇਜ਼ਾਂ ਤੋਂ ਇਲਾਵਾ ਉਹਦਾ 1851 ਦਾ ਆਪਣਾ ਕ੍ਰਾਂਤੀਕਾਰੀ ਤਜਰਬਾ ਸੀ।

ਸਨ 1848 ਦੀ ਕ੍ਰਾਂਤੀ ਵਿਚ ਬੈਰੀਕੇਡ ਦੀ ਤਸਵੀਰ-ਕਸ਼ੀ ਹੈ ਜੋ ਚਿਤਰ ਵਿਚ ਮਿਰਤਕਾਂ ਉਦਾਲੇ ਪੱਥਰ ਖਿੰਡੇ ਪਏ ਸਨ। ਇਸੇ ਕ੍ਰਾਂਤੀ ਦੇ ਅਨੁਭਵ 'ਤੇ ਆਧਾਰਿਤ ਫੀਲਡ-ਮਾਰਸ਼ਲ ਨੇ The War of Streets and Houses (1849) ਲਿਖੀ ਅਤੇ ਬਲੈਂਕੀ ਨੇ 1865 ਵਿਚ ਗੁਰੀਲਾ ਦਾਉ ਪੇਚਾਂ ਦਾ ਵਰਣਨ ਬਾਗੀਆਂ ਦੇ ਪਰਿਪੇਖ (perspective) ਤੋਂ ਕੀਤਾ ਹੈ- Instructions for a Show of Arms।

ਬਿਰਛਾਂ ਉਦਾਲੇ ਲੋਹੇ ਦੇ ਜੰਗਲੇ ਅਕਸਰ ਬੈਰੀਕੇਡਾਂ ਦੇ ਗਹਿਣੇ ਹੋ ਜਾਂਦੇ ਜੋ ਅੱਜ ਵੀ ਜੇ ਮਿਊਂਸਪਲ ਕਮੇਟੀ ਨੂੰ ਫਸਾਦ ਹੋਣ ਵਾਲਾ ਨਜ਼ਰ ਆਵੇ ਤਾਂ ਆਪ ਹੀ ਇਹਨਾਂ ਨੂੰ ਲਾਹ ਕੇ ਲੈ ਜਾਂਦੀ ਹੈ।

'34 ਵਿਚ ਬੈਰੀਕੇਡ ਨੇੜੇ ਘਰ ਦੇ ਪਿਛਲੇ ਪਾਸੇ ਲੁਕੇ ਡਰ ਮਾਰੇ ਬੰਦੇ ਸੀ ਜੋ ਨੈਸ਼ਨਲ ਗਾਰਡ ਨੇ ਮਾਰ ਦਿੱਤੇ। ਤਨਜ਼ੀਆ ਤਸਵੀਰ 'ਚ ਮੰਜੇ ਵਿਚ ਚਾਰ ਲਾਸ਼ਾਂ ਪਈਆਂ ਹਨ ਜਿਹਨਾਂ ਵਿਚੋਂ ਇਕ ਬੱਚੇ ਨੂੰ ਦਬ ਰਹੀ ਹੈ।

ਇਨਕਲਾਬ ਵੀ ਚਾਂਸ (chance) ਦੀ ਮਾਰ ਵਿਚ ਆ ਜਾਂਦੇ ਹਨ। ਸਨ 1848 ਵਿਚ ਜਨ ਘਟਨਾਵਾਂ ਮੀਂਹ ਪੈਣ ਕਾਰਨ ਅੱਗੇ ਪਾਉਣੀਆਂ ਪਈਆਂ। ਜਦੋਂ ਨੈਸ਼ਨਲ ਗਾਰਡ ਨੇ ਭੀੜ-ਜੋੜ ਨਾਲ ਲੜਨ ਤੋਂ ਇਨਕਾਰ ਕਰ ਦਿੱਤਾ ਤਾਂ ਬਾਦਸ਼ਾਹ ਨੇ ਜਨ-ਭਾਵ ਨੂੰ ਬੁਰਕੀ ਪਾਉਣ ਵਾਂਗੂੰ ਘਿਰਣਾ-ਪਾਤਰ ਵਜ਼ੀਰ ਨੂੰ ਬਰਤਰਫ਼ ਕਰ ਦਿੱਤਾ। ਜਸ਼ਨ ਹੋਣ ਲੱਗਾ ਤਾਂ ਯੁਵਾ ਦੀ ਪਰੇਡ ਵਿਚ ਕਿਸੇ ਤੋਂ ਅਣਮਿਥੀ ਗੋਲੀ ਚੱਲ ਗਈ ਤਾਂ ਫ਼ੌਜ ਨੇ ਕੋਈ ਪੰਜਾਹ ਅਤੇ ਸੌ ਵਿਚਕਾਰ ਬੰਦੇ ਮਾਰ ਦਿੱਤੇ। ਭਾਵ ਦਾ ਰੰਗ ਅਜਿਹਾ ਬਦਲਿਆ ਜੋ ਬਾਦਸ਼ਾਹ ਗੱਦੀ ਛੱਡ ਗਿਆ, ਭੀੜ-ਬਾਹੜ ਮਹਿਲਾਂ 'ਚ ਜਾ ਵੜੀ, ਤਖ਼ਤ ਚੱਕ ਲਿਆ ਜੋ ਬੈਸਟੀਲ ਦੀ ਮਸ਼ਹੂਰ ਕੈਦ ਸਾਹਮਣੇ ਜਲ਼ਾ ਦਿੱਤਾ। ਚੋਣ ਤੋਂ ਪਹਿਲਾਂ ਕੁਝ ਸੁਧਾਰ ਮੰਨੇ, ਜਿਸ ਵਿਚ ਸਰਮਾਇਆ-ਪੱਖੀ ਉਦਾਰਵਾਦੀ ਵਿਜੇਤਾ ਰਹੇ, ਨੰਬਰ ਦੋ 'ਤੇ ਬਾਦਸ਼ਾਹ-ਵਾਦੀ ਸੀ, ਜੋ ਸੋਸ਼ਲਿਸਟ ਨੰਬਰ ਤਿੰਨ 'ਤੇ ਆਏ। ਪੰਦਰਾਂ ਦਿਨ ਮਗਰੋਂ ਸੋਸ਼ਲਿਸਟ ਨੇਤਾਵਾਂ ਨੇ 14 ਹਜ਼ਾਰ ਬੇਰੁਜ਼ਗਾਰ ਸ਼੍ਰਮਕ ਇਕੱਠੇ ਕੀਤੇ, ਜੋ ਵਿਧਾਨ ਸਭਾ ਵਿਚ ਦਾਖ਼ਲ ਹੋ ਕੇ ਇਹਨੂੰ ਭੰਗ ਕਰਨ ਦਾ ਐਲਾਨ ਕਰ ਦਿੱਤਾ। ਪਰਿਣਾਮ ਵਜੋਂ ਇਹਦੇ ਲੀਡਰਾਂ ਅਤੇ ਚਾਰ ਸੌ ਸ਼੍ਰਮਕਾਂ ਨੂੰ ਗਰਿਫ਼ਤਾਰ ਕਰ ਲਿਆ ਗਿਆ।

ਬਾਦਸ਼ਾਹਤ ਖਿਲਾਫ਼ ਸ਼੍ਰੈਣਿਕ ਗਠਬੰਧਨ ਟੁੱਟ ਗਿਆ। ਉਦਾਰਵਾਦੀ ਬਾਦਸ਼ਾਹੀ-ਪਰਸਤ ਹੋ ਗਏ। ਲੈਮਰਟੀਨ (ਸ਼ਾਇਰ), ਪ੍ਰਸਿੱਧ ਨੀਤਿ-ਗ ਟੋਕਵੀਲ ਵਰਗੇ ਨਰਮੀ-ਪਸੰਦ ਭੀੜ-ਭਾੜ ਨੂੰ ਕੰਟਰੋਲ ਕਰਨ ਦੀਆਂ ਗੱਲਾਂ ਕਰਨ ਲੱਗੇ।

ਦਸਤਬਰਦਾਰੀ ਅਤੇ ਚੋਣ ਵਿਚਕਾਰ ਕੋਈ ਮਹੀਨਾ ਕੁ ਮਾਰਕਸ ਪੈਰਿਸ ਵਿਚ ਰਿਹਾ ਸੀ। ਉਹਨੇ ਨਵੀਂ ਸਮਾਜਕ ਵੰਡ ਦਾ 'ਲੁੰਪਨ' ਨਾਉਂ ਪਾਇਆ, ਅਜਿਹੇ ਸ਼੍ਰਮਕ ਜੋ ਆਪਣੇ ਸ਼੍ਰਮਕ-ਭਾਈਆਂ 'ਤੇ ਹੀ ਗੋਲੀ ਚਲਾਉਣ ਨੂੰ ਤਿਆਰ ਰਹਿੰਦੇ ਹਨ।

ਸਰਕਾਰੀ ਫ਼ੌਜ ਨੇ ਤਿੰਨ ਦਿਨਾਂ ਵਿਚ ਬਾਗ਼ੀ ਦਬਾ ਦਿੱਤੇ। ਕੋਈ ਪੰਜ ਹਜ਼ਾਰ ਬੰਦਿਆਂ ਨੇ ਜਾਨ ਗੁਆਈ। ਚੋਣ ਤੋਂ ਦੋ ਸਾਲ ਬਾਅਦ ਲੂਈ ਨੈਪੋਲੀਅਨ ਨੇ 1851 ਵਿਚ ਰਾਜ-ਹਰਨ ਕਰ ਕੇ ਆਪਣੇ ਆਪ ਨੂੰ ਸ਼ਹਿਨਸ਼ਾਹ ਥਾਪ ਲਿਆ। ਹੁਣ ਉਦਾਰਵਾਦੀ (ਬੁਰਜ਼ਵਾ) ਸ਼੍ਰਮਕਾਂ ਵੱਲ ਮਦਦ ਨੂੰ ਝਾਕਣ, ਜਿਹਨਾਂ ਨਾਲ ਉਹਨਾਂ ਢਾਈ ਸਾਲ ਪਹਿਲਾਂ ਧੋਖਾ ਕੀਤਾ ਸੀ।

ਸਨ 1848 ਨੇ ਆਬਾਦੀ ਵਿਚ ਢਹਿੰਦੀ ਕਲਾ ਵਰਤਾ ਦਿੱਤੀ। ਪੈਰਿਸ ਦੀ ਨਵੀਂ ਨੁਹਾਰ ਬਣਾਈ ਗਈ ਜੋ ਸਿਵਲ (civil) ਸੁਰਕਸ਼ਾ ਲਈ ਬੈਰੀਕੇਡਾਂ ਦੀ ਠੱਲ੍ਹ ਨਾ ਰਹੇ। ਲੰਗਰ ਅਤੇ ਸਰਕਸ ਦੀ ਯੋਜਨਾ ਲਿਆਂਦੀ ਜੋ ਲੋਕਾਂ ਲਈ ਸਵੈ-ਭੁਲਾਵੇ ਦਾ ਪ੍ਰਬੰਧ ਹੋ ਸਕੇ। ਹੁਣ ਸਮਾਂ ਕੈਫ਼ੇ-

ਸੰਗੀਤ, ਵੇਸਵਾ-ਘਰਾਂ, ਪ੍ਰਸਿੱਧ ਗਣਕਾਵਾਂ, **ਬਦੀ ਦੇ ਫੁੱਲ** (ਕਵਿਤਾ, Baudlaire), **ਮਦਾਮ ਬੋਵਰੀ** (ਨਾਵਲ, Zola) ਦੇ ਮੁਕੱਦਮੇ, ਆਹਲਾ ਪੋਸ਼ਨ, ਘੋੜਾ-ਗੱਡੀਆਂ, ਸ਼ਹਿਰ ਨੂੰ ਆਉਂਦੀਆਂ ਲਾਈਨਾਂ ਨੂੰ ਮਿਲਾਉਣ ਵਾਲੀ ਲਾਈਨ ਦਾ ਆ ਗਿਆ ਸੀ। ਸ਼ਹਿਰ ਦੇ ਕਈ ਕੇਂਦਰੀ ਭਾਗਾਂ 'ਚੋਂ ਦਰਿੱਦਰਾਂ ਨੂੰ ਕੱਢਿਆ ਪਰ ਸ਼ਹਿਰ ਦੇ ਕੰਢਿਆਂ 'ਤੇ ਵਸਦੇ ਬਹੁਤੇ ਪਿੰਡ ਪੈਰਿਸ 'ਚ ਜਬਰੀ ਸ਼ਾਮਿਲ ਹੋ ਗਏ। ਨੈਪੋਲੀਅਨ ਤੀਜੇ 'ਤੇ 1858 ਵਿਚ ਦਹਿਸ਼ਤ-ਪਸੰਦ ਹਮਲੇ ਨਾਲ ਦਮਨ ਦਾ ਦੌਰ ਹੋਰ ਵੀ ਸਖ਼ਤ ਹੋ ਗਿਆ।

ਸ਼ਹਿਜ਼ਾਦਾ ਪੀਆਰ ਨੈਪੋਲੀਅਨ ਤੇਜ਼ ਮਜਾਜ਼ ਬੰਦਾ ਸੀ ਜਿਸ ਨੂੰ ਸ਼ਹਿਨਸ਼ਾਹ ਨੈਪੋਲੀਅਨ ਪਸੰਦ ਨਹੀਂ ਕਰਦਾ ਸੀ। ਇੱਥੋਂ ਤਕ ਜੋ ਉਹਨੂੰ ਆਪਣੇ ਨਾਉਂ ਨਾਲ 'ਨੈਪੋਲੀਅਨ' ਲਿਖਣ ਦੀ ਮਨਾਹੀ ਸੀ (ਉਹ ਵੀ ਤਾਂ ਨਾਉਂ ਦੀ ਖੱਟੀ ਖਾ ਸਕਦਾ ਸੀ)। ਪੀਅਰ ਨੇ ਤੈਸ਼ 'ਚ ਆ ਕੇ ਅਖ਼ਬਾਰ ਨਵੀਸ ਵਿਕਟਰ ਨੌਅਰ ਨੂੰ ਕਤਲ ਕਰ ਦਿੱਤਾ। ਉਲਟਾ ਵਿਕਟਰ ਦੇ ਮਾਲਕ 'ਤੇ ਸ਼ਹਿ ਦੇਣ ਦਾ ਮੁਕੱਦਮਾ ਚੱਲਿਆ। ਵਿਕਟਰ ਨੌਅਰ ਜੀਂਦਾ ਤਾਂ ਗੁੰਮਨਾਮ ਆਦਮੀ ਸੀ ਪਰ ਮਰ ਕੇ ਅਮਰ ਹੋ ਗਿਆ। ਉਹਦੇ ਸ਼ੋਕ ਵਿਚ ਤਾਬੂਤ ਲਈ ਜਾਂਦੀ ਗੱਡੀ ਦੇ ਘੋੜੇ ਖੋਹਲ ਕੇ ਬੰਦੇ ਆਪ ਗੱਡੀ ਖਿੱਚਣ ਲੱਗ ਜਾਂਦੇ। ਸ਼ੋਕ ਵਿਚ ਨਾਲ ਜਾਣ ਵਾਲਿਆਂ ਦੀ ਗਿਣਤੀ 2 ਲੱਖ ਸੀ ਜਿਸ ਤੋਂ ਹਕੂਮਤ ਪ੍ਰਤੀ ਰੋਸ ਦਾ ਅੰਦਾਜ਼ਾ ਲੱਗ ਜਾਂਦਾ ਹੈ। ਕਈਆਂ ਨੇ ਮਾਤਮੀ ਜਲੂਸ ਨੂੰ ਬਗ਼ਾਵਤ ਦਾ ਚੰਗਿਆੜਾ ਬਣਾਉਣਾ ਚਾਹਿਆ। ਪਰ International Working men's Association ਨੇ ਬਿਹਤਰ ਸੁਲੱਖਣੇ ਅਵਸਰ ਦੀ ਉਡੀਕ ਕਰਨ ਨੂੰ ਕਿਹਾ, ਜੋ ਸ਼ਹਿਨਸ਼ਾਹਤ ਆਪਣੀਆਂ ਉਚ-ਆਕਾਂਖਾਵਾਂ ਨਾਲ ਡਿਗੜ ਹੋ ਰਹੀ ਸੀ।

ਜੁਲਾਈ 19, 1870 ਨੈਪੋਲੀਅਨ ਨੇ ਪਰੱਸ਼ਿਆ (Prussia) ਖ਼ਿਲਾਫ਼ ਐਲਾਨ-ਇ-ਜੰਗ ਕਰ ਦਿੱਤਾ। ਮਰਨ ਲੱਗੀ ਜ਼ੋਲਾ ਦੀ 'ਨਾਨਾ' ਨੂੰ ਬਾਹਰ ਦੀਆਂ ਭੜਕਦੀਆਂ ਤਕਰੀਰਾਂ ਵਿਚ 'ਬਰਲਨ' 'ਬਰਲਨ' ਦੀ ਗੂੰਜ ਹੀ ਸੁਣਾਈ ਦਿੰਦੀ ਹੈ। 'ਨਾਨਾ' ਨੇ ਹੀ ਫਰਾਂਸ ਦਾ ਰੂਪ ਧਾਰ ਲਿਆ ਹੈ।

ਸ਼ਹਿਨਸ਼ਾਹ 6 ਹਫ਼ਤਿਆਂ 'ਚ ਸਡਾਨ (Sedan) ਸ਼ਹਿਰ ਸ਼ਕਸਤ ਖਾ ਗਿਆ। ਦੋ ਦਿਨ ਮਗਰੋਂ ਸਤੰਬਰ 4 ਨੂੰ ਭੀੜ-ਬਾਹੜ ਨੇ ਬਰਲਨ ਮਹਿਲ 'ਤੇ ਧਾਵਾ ਬੋਲ ਦਿੱਤਾ ਜੋ ਮਹਾਰਾਣੀ ਇੰਗਲੈਂਡ ਨੂੰ ਦੌੜ ਗਈ। ਪਰੱਸ਼ੀਆ ਦੀ ਫ਼ੌਜ ਨੇ 19 ਸਤੰਬਰ ਨੂੰ ਪੈਰਿਸ ਘੇਰ ਲਿਆ। ਅਕਤੂਬਰ 31 ਨੂੰ ਨੈਸ਼ਨਲ ਗਾਰਡ ਨੇ ਨਾਗਰਕ ਭਵਨ ਤੋਂ ਕਮਿਊਨ ਦਾ ਐਲਾਨ ਕਰਨ ਦੇ ਇਰਾਦੇ ਨਾਲ ਕਬਜ਼ਾ ਕਰ ਲਿਆ ਜੋ ਅ-ਪਕਵ ਮੌਕਾ ਸੀ। ਇੰਨੇ 'ਚ ਭਾਵੇਂ ਉਪਨਗਰਾਂ 'ਚ ਝੜਪਾਂ ਹੋਈਆਂ ਪਰ ਪਰੱਸ਼ੀਅਨ ਫ਼ੌਜ ਨੇ ਪੈਰਿਸ ਨਾਲ ਸਿੱਧੀ ਟੱਕਰ ਨਾ ਲਈ ਜੋ ਗਿਣਤੀ ਦਾ 50:1 ਦਾ ਅਨਪਾਤ ਸੀ, ਭਾਵੇਂ ਸਿੱਖਿਆ ਅਤੇ ਹਥਿਆਰਾਂ ਦਾ ਇਹ ਨਹੀਂ ਸੀ। ਫ਼ੌਜ ਨੇ ਸ਼ਹਿਰ ਨੂੰ ਭੁੱਖਮਰੀ ਨਾਲ ਮਾਰਨ ਦੀ ਸੋਚੀ।

ਘੇਰਾ ਚਾਰ ਮਹੀਨੇ ਰਿਹਾ। ਪਹਿਲੇ ਮਹੀਨੇ ਹੀ ਹਰ ਤਰ੍ਹਾਂ ਦੀ ਰਸਦ ਵਸਤੂ ਮੁੱਕ ਗਈ। ਝੁੱਗੀਆਂ ਬਾਲਣ ਹੋ ਗਈਆਂ, ਫੇਰ ਸੜਕਾਂ ਦੇ ਬਿਰਛ। ਅਕਤੂਬਰ 'ਚ ਹੀ ਬੁੱਚੜਾਂ ਤੋਂ ਗੋਸ਼ਤ ਮਿਲਣਾ ਮੁਸ਼ਕਿਲ ਹੋ ਗਿਆ। ਪਹਿਲਾਂ ਪਹਿਲਾਂ ਘੋੜਿਆਂ, ਗਧਿਆਂ, ਕੁੱਤਿਆਂ, ਬਿੱਲੀਆਂ ਨੂੰ ਖਾਣ ਦੀ ਝਿਜਕ ਸੀ ਪਰ ਨਵੰਬਰ ਮਹੀਨੇ ਹੀ ਬਹੁਤ ਮਹਿੰਗੇ ਹੋ ਗਏ। ਕਈ ਮੀਨੂ (menu) ਸੰਭਾਲੇ ਪਏ ਹਨ ਜੋ ਦੱਸਦੇ ਹਨ ਜੋ ਕਿਸੇ ਖ਼ੁਸ਼-ਖਵਾਰ ਨੇ ਘੋੜੇ ਦੇ ਮਾਸ ਦਾ ਸ਼ੋਰਬਾ, ਕੁੱਤੇ ਦੇ ਜਿਗਰ ਦੀਆਂ ਸੀਖਾਂ, ਬਿੱਲੀ ਦੇ ਕੱਚੇ ਮਾਸ ਦੀ ਕਾਤਰ, ਕੁੱਤੇ ਦੇ ਮੋਢੇ ਤੋਂ ਹੱਡੀ-ਰਹਿਤ ਮਾਸ, ਚੂਹੇ ਦੀ ਸਲਾਮੀ ਦਾ ਮਜ਼ਾ ਲਿਆ। ਕਿਸੇ ਲਿਖਿਆ ਹੈ ਜੋ ਉਹਨੇ ਵਿਕਰੇਤਾ ਨੂੰ ਡੱਬੇ-ਬੰਦ ਮਾਸ ਦਾ ਮਾਲ ਲਾਹੁੰਦਾ ਵੇਖਿਆ ਜੋ ਫੌਰਨ ਗ਼ਾਇਬ ਹੋ ਗਿਆ। ਇਕ ਉਹਨੇ ਵੀ ਖਰੀਦ ਲਿਆ। ਘਰ ਜਾ ਕੇ ਪਤਾ

ਲੱਗਿਆ ਜੋ ਇਹ ਤਾਂ ਆਟੇ ਵਿਚ ਗੁੰਨ੍ਹਿਆ ਚੂਹੇ ਦਾ ਮਾਸ ਸੀ ਜਿਸ ਦੀ ਖੱਲ ਵੀ ਲਾਹੀ ਨਹੀਂ ਸੀ। ਚਿੜੀਆ-ਘਰ ਦੇ ਪਸ਼ੂਆਂ ਦੀ ਵਾਰੀ ਜਨਪ੍ਰਿਯਤਾ ਦੇ ਉਲਟਾਮ ਅਨੁਸਾਰ ਆਉਂਦੀ ਗਈ। ਯਾਕ, ਜ਼ੀਬਰਾ, ਜਲ-ਮੱਝਾਂ ਪਿਛਲੇ ਅਕਤੂਬਰ ਵਿਚ; ਹਿਰਨ ਹਫ਼ਤਾ ਮਗਰੋਂ; ਨਵੰਬਰ ਦੇ ਅੱਧ ਵਿਚ ਜੰਗਲੀ ਸੂਰ, ਰੇਨਡੀਅਰ, ਕੈਂਗਰੂ, ਕਾਸੋਵਾਰੀ ਅਤੇ ਦੁਰਲਭ ਕਾਲਾ ਹੰਸ, ਅੰਤ ਮਹੀਨੇ ਦੇ ਅਖੀਰ ਵਿਚ ਦੋ ਪਿਆਰੇ ਹਾਥੀ, ਕੈਸਟਰ ਅਤੇ ਪੋਲੱਕਸ ਨਾਉਂ ਦੇ। ਇਹ ਸਾਰੇ ਆਹਲਾ ਰੈਸਟੋਰਾਂਟਾਂ ਦੇ ਭੋਜ ਦੇ ਬਿਲਾਂ 'ਤੇ ਪੁਜਦੇ ਰਹੇ।

ਸ਼ੇਰ ਚੀਤੇ ਭੁੱਖੇ ਮਰ ਗਏ। ਤਾਜ਼ਾ ਸਬਜ਼ੀਆਂ ਜਾਂਦੀਆਂ ਲੱਗੀਆਂ। ਚੀਜ਼ (ਪਨੀਰ) ਬਲੈਕ 'ਚ ਹੀ ਮਿਲਦਾ ਸੀ, ਉਹ ਵੀ ਭੋਰਾ ਭਰ। ਮੱਖਣ ਦੇ ਘਾਟੇ ਸਤੰਬਰ ਵਿਚ ਚੰਗੀਆਂ ਬੇਕਰੀਆਂ ਬੰਦ ਹੋ ਗਈਆਂ, ਪਰ ਰਾਸ਼ਨ-ਕਾਰੀ ਅੱਧ ਜਨਵਰੀ 'ਚ ਸ਼ੁਰੂ ਹੋਈ। ਇਹਨਾਂ ਦੋ ਸਮਿਆਂ ਵਿਚਕਾਰ ਡਬਲਰੋਟੀ 'ਚ ਲੱਕੜ ਦਾ ਬੂਰਾ ਅਤੇ ਘਾਹ ਹੁੰਦਾ। ਅਟੁੱਟ ਭੰਡਾਰ ਕੇਵਲ ਸ਼ਰਾਬ (wine) ਦਾ ਸੀ। ਪਿਛਲੇ ਸਾਲ ਦੇ ਮੁਕਾਬਲੇ 'ਚ ਮ੍ਰਿੱਤ ਦਰ ਤਿਗਣੀ ਹੋ ਗਈ। ਸੜਕਾਂ 'ਤੇ ਲੈਂਪਾਂ ਦੀ ਗੈਸ ਮੁੱਕ ਗਈ ਅਤੇ ਖ਼ਤਰੇ ਸਹਿਤ ਪਟਰੋਲ ਨਾਲ ਚਲਾਉਣ ਦੀਆਂ ਕੋਸ਼ਿਸ਼ਾਂ ਸੀ। ਰਾਤ ਪੈਂਦੇ ਸਾਰ ਪੂਰਨ ਕਾਲੀ ਹੋ ਜਾਂਦੀ।

ਜਨਵਰੀ 22 ਨੂੰ ਕਮਿਊਨ ਦਾ ਐਲਾਨ ਕਰਨ ਦੀ ਕੋਸ਼ਿਸ਼ 'ਚ ਛੇ ਕਮਿਊਨਾਰਡ ਮਾਰੇ ਗਏ (ਕਮਿਊਨਿਸਟ ਨਾਉਂ ਮਗਰੋਂ ਜਾ ਕੇ ਪਿਆ)। ਜਨਵਰੀ 26 ਨੂੰ ਫਰਾਂਸ ਜਰਮਨੀ ਦੇ ਮਤੀਹ ਹੋ ਗਿਆ। ਇਕ ਸ਼ਰਤ ਸੀ ਜੋ ਪੈਰਿਸ 'ਤੇ ਕਬਜ਼ਾ ਨਾ ਕੀਤਾ ਜਾਵੇ। ਸਥਾਨਕ ਫੌਜ ਅਤੇ ਨੈਸ਼ਨਲ ਗਾਰਡ ਦਾ ਬੇ-ਹਥਿਆਰ-ਨ ਨਹੀਂ ਕੀਤਾ ਜਾਵੇਗਾ। ਪੈਰਿਸ ਵਾਸੀ ਇਹਨਾਂ ਤੋਂ ਕੁ-ਪ੍ਰਭਾਵਤ ਹੋਏ। ਇਹ ਜਨ ਦੀ ਰਕਸ਼ਾ ਲਈ ਨਹੀਂ, ਸਗੋਂ ਮਹਿਮੀਆਂ ਦੀ ਸੰਪੱਤੀ ਦੀ ਰਾਖੀ ਲਈ ਸੀ। ਫਰਵਰੀ 8 ਦੀ ਚੋਣ ਵਿਚ ਸੰਵਿਧਾਨਕ ਬਾਦਸ਼ਾਹੀ ਦਾ ਧੜਾ ਰਾਸ਼ਟਰਵਾਦੀਆਂ ਦੇ ਮੁਕਾਬਲੇ 2:1 ਦੇ ਅਨੁਪਾਤ ਨਾਲ ਜਿੱਤ ਗਿਆ, ਟਾਈਅਰ (Thiers) ਮੁਲਕ ਦਾ ਪ੍ਰਧਾਨ ਹੋ ਗਿਆ।

ਸ਼ਹਿਰੀਆਂ ਕੋਲ ਚਾਰ ਸੌ ਪੁਰਾਣੀਆਂ ਬੇਕਾਰ, ਚੰਦਾ 'ਕੱਠਾ ਕਰ ਕੇ ਖਰੀਦੀਆਂ ਤੋਪਾਂ ਸਨ। ਮਾਰਚ 17 ਨੂੰ ਪ੍ਰਧਾਨ ਨੇ ਫੌਜ ਨੂੰ ਹੁਕਮ ਦਿੱਤਾ ਜੋ ਤੋਪਾਂ ਜ਼ਬਤ ਕਰ ਲਵੇ, ਜੋ ਇਕ ਦੋ ਬਸਤੀਆਂ, ਸ਼੍ਰਮਕ-ਵਾੜਿਆ 'ਚ ਦਿਫ਼ਆ (defence) ਦੀ ਕਾਰਵਾਈ ਲਈ ਉੱਚੇ ਥਾਵਾਂ 'ਤੇ ਲੱਗੀਆਂ ਹੋਈਆਂ ਸਨ। ਫੌਜ ਨੇ ਦੋ ਥਾਵਾਂ ਤੋਂ ਤੋਪਾਂ ਖੋਹ ਲਈਆਂ ਪਰ Montmartre ਵਿਚ ਨੈਸ਼ਨਲ ਗਾਰਡ ਨੇ ਫੌਜ ਨੂੰ ਇਹਨਾਂ ਨੂੰ ਹੱਥ ਨਾ ਲਾਉਣ ਦਿੱਤਾ, ਬੈਰੀਕੇਡ ਬਣਨੇ ਸ਼ੁਰੂ ਹੋਏ, ਫੌਜ ਪਿੱਛੇ ਹਟ ਗਈ, ਜਿਸ ਦੇ ਮਗਰੋਂ ਟਾਈਅਰ ਸਰਕਾਰ ਅਤੇ ਫੌਜ Versailles (ਪੈਰਿਸ ਤੋਂ 12 ਮੀਲ ਦੂਰ) ਚਲੀ ਗਈ।

ਮਾਰਚ 26 ਨੂੰ 2 ਲੱਖ 27 ਹਜ਼ਾਰ ਵੋਟਰਾਂ ਨੇ 90 ਪ੍ਰਤਿਨਿਧੀ ਚੁਣੇ, ਅਗਲੇ ਦਿਨ 2 ਲੱਖ ਬੰਦਿਆਂ ਨੇ ਸ਼ਹਿਰ ਦੀ ਕਮੇਟੀ ਦਾ ਦਫ਼ਤਰ ਘੇਰ ਲਿਆ ਜੋ ਮਾਰਸਲਾਜ਼ (1792 'ਚ ਫਰਾਂਸ ਦਾ ਕੌਮੀ ਤਰਾਨਾ) ਗਾਉਂਦੇ ਸੀ। Gabriel Ranrier, ਚੀਨੀ ਦੇ ਭਾਂਡਿਆਂ 'ਤੇ ਚਿਤਰਕਾਰੀ ਕਰਨ ਵਾਲਾ ਅਤੇ ਨੈਸ਼ਨਲ ਗਾਰਡ ਦੀ ਕੇਂਦਰੀ ਕਮੇਟੀ ਦੇ ਮੈਂਬਰ ਨੇ ਕਮਿਊਨ ਦਾ ਐਲਾਨ ਕਰ ਦਿੱਤਾ। ਨਵੇਂ ਕਰਮਚਾਰੀਆਂ ਵਿਚ 25 ਸ਼੍ਰਮਕ ਸਨ, ਬਾਕੀ ਦੇ ਦਫ਼ਤਰੀ ਕਾਮੇ, ਲੇਖਾਕਾਰ, ਡਾਕਟਰ, ਮਾਸਟਰ, ਵਕੀਲ ਅਤੇ 12 ਪੱਤਰਕਾਰ ਸੀ। ਇੰਤਜ਼ਾਮ ਕਰਨ ਦੀਆਂ ਹੱਦ ਮੁਸ਼ਕਲਾਂ ਸੀ, ਸ਼ਹਿਰ ਘਿਰਿਆ ਹੋਇਆ ਅਤੇ ਘੇਰੇ ਦਾ ਅਸਰ ਗਿਆ ਨਹੀਂ ਸੀ, ਟਾਈਅਰ ਨੇ ਜਾਣ ਲੱਗਿਆਂ ਸ਼ਹਿਰ ਦੀਆਂ ਸਾਰੀਆਂ ਸੇਵਾਵਾਂ ਬੰਦ ਕਰ ਦਿੱਤੀਆਂ ਸਨ, ਨਾਲੇ ਇਹਨਾਂ ਦੇ ਕਾਮੇ ਬਰਖ਼ਾਸਤ ਕਰ ਦਿੱਤੇ ਸਨ, ਜੋ ਗਲ਼ੀਆਂ ਦੀਆਂ ਬੱਤੀਆਂ, ਸੜਕਾਂ ਦੀ ਦੇਖਭਾਲ, ਮੰਡੀਆਂ, ਕਰਾਂ ਦੀ ਉਗਰਾਹੀ, ਤਾਰ ਪ੍ਰਬੰਧ ਅਤੇ ਹਸਪਤਾਲਾਂ ਵਿਚ 6 ਹਜ਼ਾਰ ਮਰੀਜ਼ਾਂ ਦਾ ਕੋਈ ਪ੍ਰਬੰਧ ਨਾ ਰਿਹਾ।

ਕਮਿਊਨ ਅਤੇ ਡੈਲੀਗੇਟਾਂ ਨੇ ਲੰਗਰ ਖੋਹਲੇ, ਕਰਾਇਆ ਨਾ ਦੇਣ ਦੀ ਹਾਲਤ 'ਚ ਸਭ ਬੇਦਖ਼ਲੀਆਂ ਰੋਕ ਦਿੱਤੀਆਂ, ਵਪਾਰਕ ਕਰਜ਼ਿਆਂ ਦੀ ਅਦਾਇਗੀ ਅੱਗੇ ਪਾ ਦਿੱਤੀ, ਮੌਤ ਦੀ ਸਜ਼ਾ ਹਟਾ ਦਿੱਤੀ, ਚਰਚ ਅਤੇ ਸਟੇਟ ਨੂੰ ਨਿਖੇੜ ਕੇ ਚਰਚ ਦੀ ਪ੍ਰਾਇਮਰੀ ਵਿੱਦਿਆ ਦੀ ਠੇਕੇਦਾਰੀ ਖ਼ਤਮ ਕਰ ਦਿੱਤੀ, ਸਰਕਾਰੀ ਕਬਾੜ-ਖਾਨਾ ਗ਼ਰੀਬਾਂ ਦੀ ਬੈਂਕ ਹੋ ਗਿਆ। ਇਕ ਫਰਾਂਸ ਦੇ ਬੈਂਕ ਦੇ ਪੈਸੇ ਨੂੰ ਹੱਥ ਨਾ ਪਾਇਆ, ਜਿਵੇਂ ਜਮਾਂਦਰੂ ਸੰਕੋਚ ਅਤੇ ਬੇਸਮਝੀ ਨੇ ਪੇਸ਼ ਨਾ ਜਾਣ ਦਿੱਤੀ, ਸਗੋਂ ਕਮਿਊਨ ਦੇ ਡੈਲੀਗੇਟ ਅਦਬ ਨਾਲ ਕਰਜ਼ੇ ਦੀ ਮੰਗ ਕਰਦੇ ਰਹੇ ਜਿਸ ਨੇ ਕਮਿਊਨ ਦੇ ਦੁਸ਼ਮਣਾਂ ਨੂੰ ਲੱਖਾਂ ਦਿੱਤੇ ਤਾਂ ਜੁ ਕਮਿਊਨ ਦਾ ਗਲ ਵੱਢ ਸਕਣ। ਵੀਹ ਸਾਲ ਮਗਰੋਂ ਕਮਿਊਨ ਦੇ ਕਿਸੇ ਡੈਲੀਗੇਟ ਨੇ ਕਿਹਾ ਕਿ ਅਜਿਹੀ ਬੇਵਕੂਫੀ ਦੀ ਮਿਸਾਲ ਇਤਿਹਾਸ ਵਿਚ ਨਹੀਂ ਮਿਲਦੀ।

ਕਮਿਊਨ ਬੇ-ਲੀਡਰ ਸੀ। ਟਾਈਅਰ (Thiers) ਨੇ ਮਾਰਚ 17 ਨੂੰ ਹੀ ਆਗਾਮੀ ਸਾਵਧਾਨੀ ਸਹਿਤ ਬਲੈਂਕੀ ਨੂੰ ਹਿਰਾਸਤ ਵਿਚ ਲੈ ਲਿਆ ਸੀ। ਕਮਿਊਨ ਨੇ ਬਲੈਂਕੀ ਬਦਲੇ ਪਾਦਰੀ-ਗਣ ਅਤੇ ਪੈਰਿਸ ਦੇ ਆਰਕ-ਬਿਸ਼ਪ ਨੂੰ ਦੇਣ ਦੀ ਪੇਸ਼ਕਸ਼ ਕੀਤੀ ਜੋ ਉਹਨੂੰ ਮਨਜ਼ੂਰ ਨਹੀਂ ਸੀ। ਕਮਿਊਨ ਦਾ ਆਦਰਸ਼ਵਾਦ ਤਾਂ ਜ਼ਰੂਰਤ ਤੋਂ ਜ਼ਿਆਦਾ ਸੀ ਜਿਸ ਦੇ ਉਲਟ ਕੂਟ-ਨੀਤੀ ਦਾ ਓਨਾ ਹੀ ਘਾਟਾ ਸੀ।

Delescluze ਪਿਛਲੀਆਂ ਬਗ਼ਾਵਤਾਂ ਦਾ ਅਨੁਸਿਧ, ਲੋਕਪ੍ਰਿਯ ਸਨਮਾਨਿਤ ਪੁਰਖ ਸੀ ਪਰ ਮੌਕੇ ਦੀ ਨਜ਼ਾਕਤ ਜਿੰਨਾ ਸਿਹਤਮੰਦ ਨਹੀਂ ਸੀ। ਉਹ ਮਈ 22 ਨੂੰ ਬਤੌਰ ਰਕਸ਼ਾ ਮੰਤਰੀ ਕਹਿੰਦਾ, ਜਦੋਂ Versailles ਦੇ ਪਨਾਹਗੀਰ ਹਾਕਮ ਮੁੜ ਪੈਰਿਸ 'ਤੇ ਕਬਜ਼ਾ ਕਰਨ ਆਏ ਸੀ- "ਫੌਜ ਪਰਸਤੀ ਖਤਮ, ਸੋਨ-ਫੀਤਿਆਂ ਵਾਲੇ ਅਫ਼ਸਰਾਂ ਦੀ ਲੋੜ ਨਹੀਂ। ਜਨ ਨੂੰ ਲਾਮਨੀਤੀ ਦੀ ਲੋੜ ਨਹੀਂ। ਨੰਗੇ ਧੜ, ਹੱਥਾਂ ਵਿਚ ਬੰਦੂਕ, ਪੈਰਾਂ ਥੱਲੇ ਪੱਥਰ ਹੀ ਲਾਮ-ਨੀਤੀ ਹੈ।" ਕਿਸੇ ਇਤਿਹਾਸਕਾਰ ਦਾ ਕਥਨ ਹੈ, ਜੇ ਵਜ਼ੀਰ ਅਨੁਸ਼ਾਸਨ ਦਾ ਖਹਿੜਾ ਛੱਡ ਦਿੰਦਾ ਹੈ ਤਾਂ ਆਗਿਆਕਾਰੀ ਕੀਹਨੇ ਹੋਣਾ ਹੈ? ਮਈ 25 ਨੂੰ ਉਹ ਬੇ-ਹਥਿਆਰ ਬੈਰੀਕੇਡ ਦੀ ਟੀਸੀ 'ਤੇ ਚੜ੍ਹਿਆ ਜੋ ਦੁਸ਼ਮਣ ਹੱਥੋਂ ਮਰਨਾ ਕਬੂਲ ਕਰ ਲਿਆ।

ਪੱਚੀ ਸਾਲਾ Rigault ਪੁਲਿਸ ਕਮਿਸ਼ਨਰ ਹੋ ਗਿਆ ਜਿਸ ਦੀ ਤਕਰੀਰ 'ਚੋਂ ਗਰਮਜੋਸ਼ ਹਿੰਸਾ ਜਾਣ ਵਾਲੀ ਨਹੀਂ ਸੀ। ਵਰਦੀ 'ਚ ਵਰਸਾਈ ਹਾਕਮਾਂ ਨਾਲ ਲੜਦਾ ਮਰਿਆ।

Ferre ਕਚਹਿਰੀ ਵਿਚ ਕਲਰਕ ਸੀ ਜਿਸ ਨੇ ਮਾਰਚ 18 ਨੂੰ Montmartre ਤੋਪ 'ਤੇ ਕਬਜ਼ਾ ਕੀਤਾ ਸੀ ਅਤੇ Versailles 'ਤੇ ਧਾਵਾ ਬੋਲਣ ਦੀ ਸਲਾਹ ਦਿੱਤੀ ਪਰ ਵੋਟਾਂ ਨਾ ਮਿਲੀਆਂ। ਅੰਤਿਮ ਦਿਨ ਦੇ ਅਨੁਮਾਦ 'ਚ ਉਹਨੇ ਕੈਦੀ, ਚਰਚ ਅਧਿਕਾਰੀਆਂ ਨੂੰ ਖਤਮ ਕਰਨ ਦਾ ਹੁਕਮ ਦਿੱਤਾ ਜਿਸ ਦੀ ਜੰਗੀ ਕਾਮਯਾਬੀ ਤਾਂ ਕੋਈ ਨਹੀਂ ਪਰ ਚਰਚ ਨੂੰ 'ਸ਼ਹੀਦਾਂ' ਦੀ ਨਿਆਮਤ ਮਿਲ ਗਈ। ਜੀਂਦੇ ਜੀਅ ਤਾਂ ਉਹਨੂੰ ਕੁੱਝ ਵੀ ਇੰਨਾ ਨਾ ਸ਼ੋਭਿਆ ਜਿੰਨਾ ਉਹਦੀ ਜਾਨ ਦਾ ਜਾਣਾ ਸੀ। ਮੁਕੱਦਮੇ 'ਚ ਉਹਦਾ ਭਾਸ਼ਣ 17ਵੀਂ ਸਦੀ ਦੇ ਦੁਖ਼ਾਂਤ (tragedy) ਦੇ ਨਾਇਕ ਦੇ ਉਦਾਤ ਵਰਣਨ ਸਮਾਨ ਸੀ ਜੋ ਤਾੜੀਆਂ ਵੱਜੀਆਂ, ਜੈਕਾਰੇ ਬੋਲੇ- "ਕਿਸਮਤ ਚੰਚਲਹਾਰ ਹੁੰਦੀ ਹੈ, ਮੈਂ ਆਪਣੀ ਯਾਦ, ਅਤੇ ਮੇਰਾ ਬਦਲਾ ਲੈਣ ਦੀ ਜ਼ਿੰਮੇਵਾਰੀ ਭਵਿੱਖ 'ਤੇ ਛਡਦਾ ਹਾਂ।"

Frankel ਹੰਗਰੀ ਦਾ ਸੁਨਿਆਰਾ ਪ੍ਰਵਾਸੀ ਸੀ; ਕਮਿਊਨ ਵਿਚ ਵਿਦੇਸ਼ੀ ਵੀ ਕਰਮਚਾਰੀ ਹੋ ਸਕਦੇ ਸੀ ਕਿਉਂਕਿ ਕਮਿਊਨ ਦਾ ਧੰਦਾ ਵਿਸ਼ਵ ਗਣਰਾਜ ਦਾ ਧੰਦਾ ਸੀ (ਲੈਨਿਨ ਦੀ ਵਜ਼ਾਰਤ ਵਿਚ ਪੋਲ, ਜਰਮਨ, ਰੁਮਾਨਵੀ ਸੀ)। ਫਰੈਂਕਲ ਕਮਿਊਨ ਵਿਚ ਇਕੋ ਇਕ ਸਨਾਤਨੀ ਮਾਰਕਸ-ਵਾਦੀ ਸੀ। ਉਹਨੇ ਕਈ ਲਾਭਦਾਈ ਸੁਧਾਰ ਕਰਵਾਏ, ਮਸਲਨ ਬੇਕਰੀਆਂ ਵਿਚ ਰਾਤ ਨੂੰ ਕੰਮ ਬੰਦ ਕਰਵਾ ਦਿੱਤਾ।

Emile Eudes ਨੇ ਸ਼ਹਿਰ ਦੀ ਕਮੇਟੀ 'ਤੇ ਮਾਰਚ 18 ਨੂੰ ਕਬਜ਼ਾ ਕਰਵਾਇਆ ਸੀ ਜਿਸ

ਕਰ ਕੇ ਉਹਨੂੰ 'ਜਰਨੈਲ' ਕਹਿਣ ਲੱਗੇ। ਉਹਦੀ ਨਾਉਂ-ਧ੍ਰੀਕ ਜਰਨੈਲੀ ਕਮਿਊਨ ਦੀ ਅਯੋਗ ਰੱਖਿਆ ਲਈ ਕਿਸੇ ਹੱਦ ਤਕ ਜ਼ਿੰਮੇਵਾਰ ਸੀ।

Gustave Cluseret ਅਮਰੀਕਣ ਖਾਨਾਜੰਗੀ 'ਚ ਦੱਖਣ ਦੀ ਫੌਜ ਵਿਚ ਜਰਨੈਲ ਸੀ ਜਿਹੜਾ ਸ਼ਹਿਰੀ ਲੜਾਈ ਦੀ ਪਰਿਸਥਿਤੀ ਅਨੁਸਾਰ ਕਾਰ-ਗੁਜ਼ਾਰੀ ਨਾ ਕਰ ਸਕਿਆ (ਸ਼ਹਿਰੀ ਜੰਗ ਦੀ ਸਿਖਲਾਈ ਦੀ ਥੋੜ ਦਾ ਇੱਥੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਦੂਜੀ ਵਿਸ਼ਵ ਲੜਾਈ ਵਿਚ ਕੇਵਲ ਰੂਸ ਦੀ ਲੱਖਾਂ ਦੀ ਫੌਜ ਵਿਚ ਇਕ ਸ਼ਹਿਰੀ ਬਿਰਗੇਡ ਸੀ)। ਟਾਈਅਰ ਨੇ ਉਹਨੂੰ ਗੋਲੀ ਮਰਵਾਉਣ ਦੀ ਥਾਉਂ ਜਲਾਵਤਨ ਹੋਣ ਦੀ ਪੇਸ਼ਕਸ਼ ਕੀਤੀ ਜਿਹੜੀ ਉਹਨੇ ਠੁਕਰਾ ਦਿੱਤੀ ਅਤੇ Ferre ਸੰਗ ਗੋਲੀਆਂ ਦਾ ਨਿਸ਼ਾਨਾ ਬਣਿਆ।

ਪੋਲ Dombrowski ਨੇ ਰੂਸੀ ਫੌਜੀ ਅਕਾਡਮੀ ਤੋਂ ਸਿਖਲਾਈ ਲਈ ਸੀ, ਸਾਮਰਾਜੀ ਰੂਸ ਖ਼ਿਲਾਫ਼ ਵਾਰਸਾ ਦੀ 1862 ਵਾਲੀ ਬਗ਼ਾਵਤ ਵਿਚ ਹਿੱਸਾ ਲਿਆ ਸੀ। ਟਾਈਅਰ ਨੇ ਉਹਨੂੰ ਧੜਾ ਬਦਲਣ ਲਈ 15 ਲੱਖ ਫਰੈਂਕ ਦੀ ਪੇਸ਼ਕਸ਼ ਕੀਤੀ, ਡੌਮਬਰੌਸਕੀ ਨੇ ਏਲਚੀ ਨੂੰ ਗੋਲੀ ਨਾਲ ਉਡਵਾ ਦਿੱਤਾ। ਉਹ ਫੌਜੀ ਨੁਕਤੇ ਤੋਂ ਜੋ ਹੋ ਸਕਦਾ ਸੀ, ਵੱਧੋ ਵੱਧ ਕਰਦਾ ਰਿਹਾ, ਪਾਟੇ ਵਸਤਰਾਂ ਦੇ ਸੈਨਕ ਹੁਕਮ ਵੀ ਮਰਜ਼ੀ ਨਾਲ ਮੰਨਦੇ। ਖੂਨੀ ਹਫ਼ਤੇ ਆਪਣੀ ਟੋਲੀ 'ਚ ਬੜੀ ਬਹਾਦਰੀ ਨਾਲ ਲੜਦਾ ਮਰ ਗਿਆ ਜਿਸ ਵਿਚ ਔਰਤਾਂ ਵੀ ਸ਼ਾਮਲ ਸੀ ਅਤੇ ਇਕ ਨੇ ਨਿਆਣਾ ਵੀ ਕੁਛੜ ਚੁੱਕਿਆ ਹੋਇਆ ਸੀ।

ਨਰ ਨਾਰੀ ਦੀ ਬਰਾਬਰੀ ਦਾ ਆਦਰਸ਼ ਅਜੇ ਕ੍ਰਾਂਤੀ ਦਾ ਹਿੱਸਾ ਨਹੀਂ ਬਣਿਆ ਸੀ ਪਰ ਇਨਕਲਾਬੀ ਉਭਾਰ ਸਦਕੇ ਕਈ ਸਵਾਣੀਆਂ ਏਸ ਫਰਕ ਨੂੰ ਅਣਗੌਲਦੀਆਂ ਕਮਿਊਨ 'ਚ ਸੰਗਰਾਮੀਆਂ ਹੋਈਆਂ। ਲੂਈਜ਼ ਮਿਸ਼ਲ (Louise Michel) ਨੌਅਰ ਦੇ ਮਾਤਮੀ ਜਲੂਸ ਵਿਚ ਮਰਦਾਨਾ ਭੇਸ ਵਿਚ ਛੁਰਾ ਲੁਕਾ ਕੇ ਸ਼ਾਮਲ ਹੋਈ। ਮਾਰਚ 18 ਨੂੰ Montmarte ਤੋਪ 'ਤੇ ਕਮਿਊਨ ਦਾ ਕਬਜ਼ਾ ਹੋਣ ਸਮੇਂ ਇਹਦੇ ਹੱਥ ਵਿਚ ਬੰਦੂਕ ਸੀ। ਕਈ ਹੋਰ ਔਰਤਾਂ ਨਾਲ ਜ਼ਖ਼ਮੀਆਂ ਹਿਤ ਨਰਸ ਦਾ ਕੰਮ ਕਰਦੀ ਰਹੀ, ਨਾਲੇ ਜੰਗ ਦੀ ਪਹਿਲੀਆਂ ਸਫ਼ਾਂ 'ਚ ਲੜੀ ਸੀ। 'ਇਨਕਲਾਬੀ ਕਲੱਬ' ਦੀ ਲੀਡਰ ਸੀ ਜੋ ਕਮਿਊਨ ਲਈ 'ਸਿੱਧੇ ਲੋਕਰਾਜ' -ਪ੍ਰਤੀਨਿਧ ਲੋਕਤੰਤਰ ਨਹੀਂ- ਲਈ ਕੰਮ ਕਰਦੀ। ਕਮਿਊਨ ਦੇ ਅੰਤਿਮ ਦਿਨਾਂ ਵਿਚ ਬਚ ਕੇ ਨਿਕਲ ਗਈ ਸੀ ਪਰ ਆਪਣੀ ਮਾਂ ਦੀ ਗਰਿਫ਼ਤਾਰੀ ਦੀ ਖ਼ਬਰ ਸੁਣ ਕੇ ਆਪਣੇ ਆਪ ਨੂੰ ਸਮਰਪਨ ਕਰ ਦਿੱਤਾ। ਮੁਕੱਦਮੇ ਵਿਚ ਗੋਲੀ ਨਾਲ ਮਾਰੇ ਜਾਣ ਦੀ ਮੰਗ ਕੀਤੀ। ਉਹ ਸਜ਼ਾਵਾਰ ਹੋ ਕੇ ਨਵੇਂ ਕੈਲੇਡੋਨੀਆ (ਦੱਖਣ ਪੱਛਮੀ ਸ਼ਾਂਤ ਸਾਗਰ ਵਿਚ ਅਸਟਰੇਲੀਆ ਤੋਂ 750 ਮੀਲ ਦੂਰ) ਫਰਾਂਸੀਸੀ ਕਾਲੇ ਪਾਣੀ ਭੇਜ ਦਿੱਤੀ ਗਈ।

ਓਥੋਂ ਵਾਪਸ ਆਉਣ 'ਤੇ ਅਰਾਜਕਤਾ-ਵਾਦ ਦਾ ਥੰਮ ਸੀ ਅਤੇ ਮੁਲਕ ਵਿਚ 'ਲਾਲ ਕੁਆਰੀ' ਕਰ ਕੇ ਮਸ਼ਹੂਰ ਸੀ ('ਕੁਆਰੀ' ਈਸਾ ਮਸੀਹ ਦੀ ਮਾਂ ਲਈ ਉਪਾਧੀ ਹੈ) ਜਿਸ ਦੇ ਇਖ਼ਲਾਕੀ ਰੁਤਬੇ ਦਾ ਕੋਈ ਸਾਨੀ ਨਹੀਂ ਸੀ।

ਵਿਕਟਰ ਹੀਊਗੋ ਨੇ ਉਹਦੇ ਬਾਰੇ ਨਜ਼ਮ ਲਿਖੀ ਹੈ।000

The Other Paris, Luc Sante, Faber & Faber, 2015, Rs. 1750/-

(144, ਸੈਕਟਰ 65, ਐੱਸ.ਏ.ਐੱਸ.ਨਗਰ, ਮੁਹਾਲੀ - 160 062)

ਲਾਲ ਝੰਡੇ ਦਾ ਸ਼ਾਇਰ - ਹਬੀਬ ਜਾਲਿਬ: ਸੁਖਦੇਵ ਸਿੱਧੂ

ਹਬੀਬ ਜਾਲਿਬ ਨਾਲ ਮੇਰੇ ਮੇਲੇ 1988 'ਚ ਹੋਏ ਸੀ। ਪਹਿਲੀ ਵਾਰੀ ਵੀ ਤੇ ਆਖਰੀ ਵਾਰੀ ਵੀ। ਇਹ ਆਪਣੇ ਪਾਕਿਸਤਾਨੀ ਸੰਗੀਆਂ ਸਾਥੀਆਂ ਦਾ ਸੱਦਿਆ ਵਲੈਤ ਆਇਆ ਸੀ। ਏਧਰਲੇ ਪੰਜਾਬੀਆਂ ਨੇ ਸਾਊਥਾਲ ਇਹਦੇ ਮਾਣ 'ਚ ਜੋੜਮੇਲਾ ਕੀਤਾ ਸੀ। ਇਹਨੇ ਆਪਣਾ ਕਲਾਮ ਵੀ ਸੁਣਾਇਆ ਸੀ। ਦੋ ਤਿੰਨ ਘੰਟੇ ਬੜਾ ਰੰਗ ਲਾਈ ਰੱਖਿਆ। ਦੂਜੀ ਵਾਰ ਆਇਆ, ਤਾਂ ਬੀਮਾਰ ਹੋ ਗਿਆ। ਬਹੁਤਾ ਚਿਰ ਹਸਪਤਾਲ ਹੀ ਰਿਹਾ। ਪਾਕਿਸਤਾਨ ਜਾ ਕੇ ਦੋਂਹ ਤਿੰਨੀਂ ਮਹੀਨੀਂ ਫੌਤ ਹੋ ਗਿਆ।

ਹਬੀਬ ਜਾਲਿਬ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਿਆਣੀ ਪਠਾਣਾਂ ਪਿੰਡ 'ਚ ਜੰਮਿਆ ਸੀ। ਸੰਨ 1928 'ਚ। ਮੀਰ ਆਲਮਾਂ ਦੇ ਘਰ। ਨਾਂ ਪਾਇਆ ਹਬੀਬ ਅਹਿਮਦ ਵਲਦ ਸੂਫੀ ਅਨਾਇਤ ਉੱਲਾ। ਪਹਿਲੀਆਂ ਜਮਾਤਾਂ ਇਹਨੇ ਏਥੇ ਹੀ ਪੂਰੀਆਂ ਕੀਤੀਆਂ। ਮਗਰੋਂ ਗ਼ੁਰਬਤ ਦਾ ਧੱਕਿਆ ਇਹਦਾ ਅੱਬੂ ਕੰਮ ਦੀ ਭਾਲ 'ਚ ਮਿਆਣੀਉਂ ਉੱਠ ਕੇ ਦਿੱਲੀ ਤੁਰ ਗਿਆ। ਜਾਲਿਬ ਵੀ ਆਵਦੇ ਅੱਬੂ ਦੇ ਨਾਲ ਹੀ ਚਲਾ ਗਿਆ। ਉੱਥੇ ਇਹ ਐਂਗਲੋ ਅਰੈਬਿਕ ਸਕੂਲੇ ਪੜ੍ਹਨੇ ਪੈ ਗਿਆ। ਸ਼ਾਇਰੀ ਇਹਨੂੰ ਨਿੱਕੀ ਉਮਰੇ ਹੀ ਉਤਰਨੀ ਸ਼ੁਰੂ ਹੋ ਗਈ ਸੀ। ਜਮਾਤਾਂ ਇਹ ਦਸ ਵੀ ਪਾਸ ਨਾ ਕਰ ਸਕਿਆ। ਓਧਰੋਂ ਵੰਡ ਦੇ ਰੌਲ਼ੇ ਪੈ ਗਏ। ਸਤਾਰਾਂ ਅਠਾਰਾਂ ਸਾਲ ਦੀ ਚੜ੍ਹਦੀ ਉਮਰ ਦਾ ਮਾਲੀ ਮੁੰਡਾ। ਉਜਾੜਿਆਂ ਨੇ ਏਧਰੋਂ ਪੱਟਿਆ ਤੇ ਓਧਰ ਜਾ ਲਾਇਆ। ਇਹ ਪਹਿਲਾਂ ਕਰਾਚੀ ਰਿਹਾ। ਫਿਰ ਪੱਕਾ ਲਾਹੌਰ ਹੀ ਵਸ ਗਿਆ। ਆਖਰੀ ਸਾਹਾਂ ਤਕ ਏਥੇ ਹੀ ਰਿਹਾ। ਕਰਾਚੀ 'ਚ ਇਹਨੇ ਕਿਸੇ ਆਬਿਦ ਜ਼ੁਬੈਦੀ ਨਾਲ ਰਲ਼ ਕੇ ਇੰਸ਼ੋਰੈਂਸ ਦਾ ਕੰਮ ਚਲਾਇਆ। ਜ਼ੁਬੈਦੀ ਤਾਂ ਮਾਲੋ-ਮਾਲ ਹੋ ਗਿਆ। ਜਾਲਿਬ ਦੇ ਹਾਲਾਤ ਓਦਾਂ ਦੇ ਹੀ ਰਹੇ। ਇਹਨੂੰ ਏਧਰ ਓਧਰ ਦਾ ਕੋਈ ਫਰਕ ਨਾ ਪੈਣਾ ਸੀ, ਨਾ ਪਿਆ। ਐਸੇ ਹਾਲਾਤ ਵਿਚ ਇਹਦੇ ਕਮਿਊਨਿਸਟ ਬਣ ਜਾਣ ਦੇ ਆਸਾਰ ਵਧਣੇ ਹੀ ਸੀ। ਬੇਜ਼ਮੀਨਿਆਂ ਲਈ ਸਾਰੇ ਹੀ ਰਾਹ ਖੁਲ੍ਹੇ ਰਹਿੰਦੇ ਨੇ - ਜੋ ਮਰਜ਼ੀ ਕਰ ਲੈਣ। ਸਭ ਚੱਲ ਜਾਂਦਾ ਹੈ। ਤੰਗੀਆਂ ਤੁਰਸ਼ੀਆਂ ਦੇ ਬਾਵਜੂਦ ਜਾਲਿਬ ਨੇ ਆਪਣਾ ਧਰਮ ਤੋੜ ਨਿਭਾਇਆ। ਜਿੱਥੇ ਵੀ, ਜਦੋਂ ਵੀ ਧੱਕਾ ਹੋਇਆ, ਜਾਲਿਬ ਕੁਰਲਾ ਉੱਠਿਆ। ਹੁਕਮਰਾਨਾਂ ਦੇ ਖਿਲਾਫ ਬੋਲਿਆ। ਮਨੁੱਖੀ ਅਧਿਕਾਰਾਂ ਤੇ ਔਰਤਾਂ ਦੇ ਹੱਕਾਂ ਲਈ ਮੁਜਾਹਰੇ ਕੀਤੇ। ਪੁਲਸ ਦੀਆਂ ਡਾਂਗਾਂ ਖਾਧੀਆਂ। ਜੇਲ੍ਹਾਂ ਝਾਗੀਆਂ। ਪਰ ਆਪਣੇ ਮਨਸ਼ੇ ਤੋਂ ਭੋਰਾ ਵੀ ਟਾਲ਼ਾ ਨਾ ਵੱਟਿਆ, ਉਦੋਂ ਵੀ ਨਹੀਂ ਜਦੋਂ ਲੋਕੀਂ ਫੌਜੀ ਡਿਕਟੇਟਰਾਂ ਤੋਂ ਡਰਦੇ ਕੁਸਕਦੇ ਨਹੀਂ ਸੀ। ਕੁਝ ਤਾਂ ਸੁੱਸਰੀ ਵਾਂਗੂੰ ਸੌਂ ਗਏ ਸੀ। ਕੁਝ ਫੌਜੀਆਂ ਦੀ ਰਤਾ ਕੁ ਘੁਰਕੀ 'ਤੇ ਅੱਖਾਂ ਮੀਟ ਲੈਂਦੇ ਸੀ, ਕੰਨਾਂ 'ਤੇ ਹੱਥ ਧਰ ਲੈਂਦੇ ਸੀ। 1949 ਦਾ ਜ਼ਾਬਤਾ ਲੱਗਾ ਤਾਂ ਜਾਲਿਬ ਇਹਦੇ ਖਿਲਾਫ ਬੋਲਿਆ:

ਯੇਹ ਜ਼ਾਬਤਾ ਹੈ ਕਾਤਿਲ ਕੋ ਮਤ ਕਹੋ ਕਾਤਿਲ
ਯੇਹ ਜ਼ਾਬਤਾ ਹੈ ਕਿ ਧੜਕਨਾ ਹੀ ਛੋੜ ਦੇ ਦਿਲ

ਜਾਲਿਬ ਦੀ ਰਿਹਾਇਸ਼ ਕਰਾਚੀ ਤੋਂ ਬਾਅਦ ਲਾਹੌਰ ਦੇ ਸੰਤ ਨਗਰ 'ਚ ਹੋ ਗਈ ਤੇ ਵਾਹਵਾ ਚਿਰ ਏਥੇ ਹੀ ਰਹੀ। ਅਖੀਰ ਵਲੈਤ ਫੇਰੀ 'ਤੇ ਇਹਦੇ ਸੰਗੀਆਂ ਸਾਥੀਆਂ ਰਲ਼ ਕੇ ਕੋਠੇ ਜੋਗੇ ਪੈਸੇ ਕਰ ਦਿੱਤੇ। ਇਹਨੇ ਸਰੋਬਾ ਟਾਊਨ 'ਚ ਦੋ ਕਮਰਿਆਂ ਦਾ ਮਕਾਨ ਬਣਾ ਲਿਆ। ਚਾਰ ਚੁਫੇਰੇ ਮੁਲਕ 'ਚ ਗ਼ੁਰਬਤ ਦਾ ਆਲਮ ਸੀ। ਭੁੱਖਮਰੀ। ਸਰਵਹਾਰੇ ਦਾ ਜਮਘਟਾ। ਅਮੀਰਾਂ ਦੀ ਇਨ੍ਹਾਂ ਨਾਲ ਕਾਹਦੀ ਸਾਂਝ ਹੋਣੀ ਸੀ। ਨਫਰਤ ਹੀ ਹੋ ਸਕਦੀ ਸੀ - ਸਿੱਧੀ ਵੀ ਤੇ ਅਸਿੱਧੀ ਵੀ। ਫੌਜੀ ਹੁਕਮਰਾਨ ਤਾਂ ਇਨ੍ਹਾਂ ਨੂੰ ਕੀੜਿਆਂ-ਮਕੌੜਿਆਂ ਤੋਂ ਵੱਧ ਨਹੀਂ ਸੀ ਸਮਝਦੇ। ਜਾਲਿਬ ਦਾ ਦੁਖੀ

ਕਵੀ ਮਨ ਕਹਿੰਦਾ ਹੈ - ਐਸੀ ਜ਼ਿੰਦਗੀ ਵੀ ਕਾਹਦੀ ਜ਼ਿੰਦਗੀ। ਜਾਲਿਬ ਆਪਣੇ ਲੋਕਾਂ ਨੂੰ ਆਗਾਹ ਕਰਦਾ ਹੈ, ਸਮਝਾਉਂਦਾ ਹੈ। ਅੱਖਾਂ ਖੋਲ੍ਹਣ ਲਈ ਆਰਾਂ ਲਾਉਂਦਾ ਹੈ। ਉੱਠਣ ਲਈ ਹੱਲਾਸ਼ੇਰੀ ਦਿੰਦਾ ਹੈ। ਹੱਲਾ ਮਾਰਨ ਲਈ ਉਕਾਸਉਂਦਾ ਹੈ:

ਦਸ ਕਰੋੜ ਇਨਸਾਨੋਂ, ਜ਼ਿੰਦਗੀ ਸੇ ਬੇਗਾਨੋਂ
ਦੋਸਤੀ ਕੋ ਪਹਿਚਾਨੋਂ, ਦੁਸ਼ਮਨੀ ਕੋ ਪਹਿਚਾਨੋਂ
ਸਿਰਫ ਚੰਦ ਲੋਗੋਂ ਨੇ ਹੱਕ ਤੁਮ੍ਹਾਰਾ ਛੀਨਾ ਹੈ
ਖਾਕ ਐਸੇ ਜੀਨੇ ਪਰ, ਯਹ ਭੀ ਕੋਈ ਜੀਨਾ ਹੈ

ਅਤੇ

ਬੀਸ ਰੁਪਏ ਮਨ ਆਟਾ, ਫਿਰ ਵੀ ਯੇਹ ਸੰਨਾਟਾ

ਜਿਹੜੇ ਲੋਕ ਅਯੂਬ ਖਾਨ ਦੀਆਂ ਸਿਫਤਾਂ ਕਰਦੇ ਸਾਹ ਨਹੀਂ ਸੀ ਲੈਂਦੇ, ਜਾਲਿਬ ਉਨ੍ਹਾਂ ਨੂੰ ਸਵਾਲ ਕਰਦਾ ਹੈ:

ਕਹੀਂ ਗੈਸ ਕਾ ਧੂੰਆਂ ਹੈ, ਕਹੀਂ ਗੋਲੀਉਂ ਕੀ ਬਾਰਿਸ਼
ਸ਼ਬ-ਏ-ਅਹਿਦੇ-ਏ ਕਮ ਨਿਗਾਹੀ, ਤੁਝੇ ਕਿਸ ਤਰ੍ਹਾ ਸਰਾਹੇਂ

ਅਯੂਬ ਖਾਨ ਵੇਲੇ ਜ਼ੁਲਮ ਦੀਆਂ ਹੱਦਾਂ ਹੋ ਗਈਆਂ। ਸਟੂਡੈਂਟਾਂ 'ਤੇ ਗੋਲੀ ਚੱਲੀ। ਜਾਲਿਬ ਇਹਦੇ ਖਿਲਾਫ ਬੋਲਿਆ। ਫਿਰ ਮਾਦਰ-ਏ-ਮਿੱਲਤ (ਮਿਲੇ ਰੁਤਬੇ ਅਨੁਸਾਰ ਮੁਹੰਦ ਅਲੀ ਜਿਨਾਹ ਦੀ ਭੈਣ ਫਾਤਿਮਾ ਜਿਨਾਹ) ਨੇ ਹਿੰਮਤ ਦਿਖਾਈ। ਇਹਨੇ ਫੌਜੀ ਹੁਕਮਰਾਨਾਂ ਨੂੰ ਡਿਕਟੇਟਰ ਕਿਹਾ। ਉਨ੍ਹਾਂ ਦੇ ਖਿਲਾਫ ਚੋਣ ਲੜਨ ਦਾ ਹੌਸਲਾ ਕੀਤਾ ਤਾਂ ਜਾਲਿਬ ਨੇ ਮਾਦਰ-ਏ-ਮਿੱਲਤ ਦੇ ਹੱਕ ਵਿਚ ਲਿਖਿਆ। ਉਹਦੇ ਨਾਲ ਖੜੋਇਆ। ਇਹ ਫਾਤਿਮਾ ਜਨਾਹ ਦੇ ਹੱਕ 'ਚ ਘੱਟ ਸੀ, ਪਰ ਅਯੂਬ ਖਾਨ ਦੇ ਵਿਰੁੱਧ ਬਹੁਤਾ। ਉਹਦੇ ਚੋਣ ਜਲਸਿਆਂ 'ਚ ਨਜ਼ਮਾਂ ਪੜ੍ਹੀਆਂ। ਮਾਦਰ-ਏ-ਮਿੱਲਤ ਰੱਜੇ ਪੁੱਜੇ ਘਰ ਦੀ ਸੀ। ਉੱਤੋਂ ਅੰਗਰੇਜ਼ੀ ਤਹਿਜ਼ੀਬ ਦਾ ਅਸਰ। ਉਹਦੀ ਉਰਦੂ ਵੀ ਮੁਹੰਮਦ ਅਲੀ ਜਿਨਾਹ ਵਰਗੀ ਸੀ। ਕਿੱਤੇ ਵਜੋਂ ਉਹ ਦੰਦਾਂ ਦੀ ਡਾਕਟਰ ਸੀ। ਉਹਦੀ ਖਾਹਸ਼ ਹੁੰਦੀ ਸੀ ਕਿ ਉਹਦੇ ਬੋਲਣ ਤੋਂ ਪਹਿਲਾਂ ਜਾਲਿਬ ਹੀ ਬੋਲੇ। ਬੜੇ ਵੱਡੇ ਵੱਡੇ 'ਕੱਠ ਹੋ ਜਾਇਆ ਕਰਦੇ ਸੀ। ਹਬੀਬ ਨੇ ਸਟੇਜ ਬੰਨ੍ਹ ਕੇ ਫਾਤਿਮਾ ਬੀਬੀ ਨੂੰ ਦੇ ਦੇਣੀ। ਆਮ ਕਿਹਾ ਜਾਂਦਾ ਸੀ ਕਿ ਜਲਸਿਆਂ 'ਚ ਲੋਕ ਮਾਦਰ-ਏ-ਮਿੱਲਤ ਨੂੰ ਦੇਖਣ ਆਉਂਦੇ ਸੀ ਤੇ ਹਬੀਬ ਨੂੰ ਸੁਣਨ। ਯਾਨੀ ਲੋਕਾਂ ਇਹਦੀ ਸ਼ਾਇਰੀ ਮਾਣਨੀ ਤੇ ਉਹਦੇ ਦਰਸ਼ਨ ਕਰਨੇ। ਜਾਲਿਬ ਨੇ ਲੋਕਾਂ ਨੂੰ ਫੌਜੀ ਡਿਕਟੇਟਰ ਦਾ ਤਖਤਾ ਪਲਟ ਦੇਣ ਲਈ ਪ੍ਰੇਰਿਆ। ਇਕ ਨਜ਼ਮ 'ਚ ਫਾਤਿਮਾ ਜਿਨਾਹ ਦੇ ਮੂੰਹੋਂ ਜਾਲਿਬ ਨੇ ਅਖਵਾਇਆ:

ਮਾਂ ਕੇ ਪਾਓਂ ਤਲੇ ਜੱਨਤ ਹੈ, ਇਧਰ ਆ ਜਾਓ

ਤੇ ਫੇਰ

ਬੱਚੋਂ ਪੇ ਚਲੀ ਗੋਲੀ, ਮਾਂ ਦੇਖ ਕਰ ਯਹ ਬੋਲੀ
ਯਹ ਦਿਲ ਕੇ ਮੇਰੇ ਟੁਕੜੇ, ਯੂੰ ਰੋਏ ਮੇਰੇ ਹੋਤੇ
ਮੈਂ ਦੂਰ ਖੜ੍ਹੀ ਦੇਖੂੰ, ਔਰ ਅਹਿਲ-ਏ-ਸਿਤਮ ਖੇਲ੍ਹੇ
ਖੂਨ ਸੇ ਮੇਰੇ ਬੱਚੋਂ ਕੇ, ਦਿਨ ਰਾਤ ਯਹਾਂ ਹੋਲੀ

1962 ਵਿਚ ਯਾਹੀਆ ਖਾਨ ਦੇ ਰਾਹੀਂ ਮਨਜ਼ੂਰ ਖਾਨ ਨੇ ਆਈਨ (ਵਿਧਾਨ) ਪਾਸ ਕੀਤਾ ਸੀ। ਇਹ ਆਸ ਰੱਖੀ ਬੈਠੇ ਸੀ ਕਿ ਇਹਦਾ ਚੰਗਾ ਅਸਰ ਹੋਊਗਾ। ਲੋਕ ਫੌਜੀ ਸਾਹਿਬਾਂ ਦਾ ਗੁਣਗਾਣ ਹੀ ਕਰੀ ਜਾਇਆ ਕਰਨਗੇ। ਇਹੀ ਅਮਲ ਚਲਿਆ ਰਹੇਗਾ। ਸਾਹਿਬਾਂ ਦੇ ਰੰਗ ਲੱਗੇ ਰਹਿਣਗੇ। ਸਾਬਕਾ ਪ੍ਰਧਾਨ ਮੰਤਰੀ ਚੌਧਰੀ ਮੁਹੰਮਦ ਅਲੀ ਤਾਂ ਏਸ ਆਈਨ ਨੂੰ ਲਾਇਲਪੁਰ ਦਾ ਘੰਟਾ ਘਰ ਕਹਿੰਦਾ ਸੀ - ਜਿੱਥੇ ਆ ਕੇ ਸਾਰੇ ਰਾਹ ਮਿਲਦੇ ਸੀ ਤੇ ਏਥੋਂ ਹੀ ਸਾਰੇ ਰਾਹ ਨਿਕਲਦੇ ਸੀ। ਮਤਲਬ ਕਿ ਇਹਦੇ ਵਿਚ ਸਭ ਕੁਝ ਜਜ਼ਬ ਹੋ ਜਾਂਦਾ ਸੀ। ਓਧਰੋਂ ਜਾਲਿਬ ਨੇ ਨਜ਼ਮ

'ਦਸਤੂਰ' ਲਿਖ ਦਿੱਤੀ। ਇਸ ਨਜ਼ਮ ਨੇ ਜਾਲਿਬ ਨੂੰ ਇਕੋ ਛਾਲ ਨਾਲ ਚੋਟੀ 'ਤੇ ਕਰ ਦਿੱਤਾ। ਫਰਸ਼ੋਂ ਅਰਸ਼ 'ਤੇ। ਮਨਜ਼ੂਰ ਕਾਦਰ ਨੇ ਆਪ ਮੰਨਿਆ ਕਿ ਉਹਦੇ ਆਈਨ ਨੂੰ ਜਾਲਿਬ ਦੀ ਨਜ਼ਮ ਨੇ ਤਹਿਸ ਨਹਿਸ ਕਰ ਦਿੱਤਾ ਸੀ। ਉਹਨੂੰ ਫਿਕਰ ਸੀ ਕਿ ਹੁਣ ਆਈਨ ਦਾ ਕੋਈ ਅਸਰ ਨਹੀਂ ਹੋਣਾ। ਜਾਲਿਬ ਆਈਨ ਨੂੰ ਇਕ ਹੱਲੇ ਨਾਲ ਹਜ਼ਮ ਕਰ ਗਿਆ ਸੀ। ਜਾਲਿਬ ਦੀ ਇਹ ਨਜ਼ਮ ਬੜੀ ਹੀ ਪਾਪੂਲਰ ਹੋਈ ਸੀ:

ਦੀਪ ਜਿਸ ਕਾ ਮਹੱਲਾਤ ਮੇਂ ਹੀ ਜਲੇ
ਚੰਦ ਲੋਗੋਂ ਕੀ ਖੁਸ਼ੀਉਂ ਕੋ ਲੇ ਕਰ ਚਲੇ
ਵੋਹ ਜੋ ਸਾਏ ਮੇਂ ਹਰ ਮਸਲਿਹਤ ਕੇ ਪਲੇ
ਐਸੇ ਦਸਤੂਰ ਕੋ, ਸੁਬਹ ਬੇਨੂਰ ਕੋ
ਮੈਂ ਨਹੀਂ ਮਾਨਤਾ, ਮੈਂ ਨਹੀਂ ਜਾਨਤਾ

ਇਹ ਨਜ਼ਮ ਏਨੀ ਮਸ਼ਹੂਰ ਹੋਈ ਕਿ ਲੋਕ ਜਾਲਿਬ ਦੇ ਨਾਲ ਹੀ ਗਾਇਆ ਕਰਦੇ ਸੀ। ਫੇਰ ਇਹ ਪਾਕਿਸਤਾਨੀ ਸਿਆਸਤ ਦਾ ਮੁਹਾਵਰਾ ਹੀ ਬਣ ਗਈ। ਸਭ ਰੰਗਾਂ ਦੇ ਸਰਕਾਰ-ਵਿਰੋਧੀ ਲੀਡਰ ਇਹ ਨਜ਼ਮ ਆਪਣੀਆਂ ਤਕਰੀਰਾਂ ਦੇ ਸ਼ੁਰੂ 'ਚ ਜਾਂ ਅਖੀਰ 'ਚ ਬੋਲਿਆ ਕਰਨ - ਸਣੇ ਸ਼ਰੀਫ ਭਰਾਵਾਂ ਦੇ, ਸਣੇ ਵਕੀਲਾਂ ਦੇ ਲੀਡਰਾਂ ਦੇ ਤੇ ਹੋਰ ਵਿਰੋਧੀ ਭਾਵ ਜ਼ਾਹਰ ਕਰਨ ਲਈ। ਅਜੇ ਵੀ ਏਦਾ ਹੀ ਹੋ ਰਹੀ ਹੈ।

ਅਯੂਬ ਖਾਨ ਵੇਲੇ ਪੱਛਮੀ ਪਾਕਿਸਤਾਨ ਦੇ ਗਵਰਨਰ, ਨਵਾਬ ਕਾਲ਼ਾਬਾਗ਼ ਨੇ ਫਿਲਮ ਐਕਟਰ ਨੀਲੋ ਬੇਗ਼ਮ ਨੂੰ ਹੁਕਮ ਚਾੜ੍ਹਿਆ ਕਿ ਉਹ ਸ਼ਾਹ ਇਰਾਨ ਦੇ ਮਨ ਪਰਚਾਵੇ ਲਈ ਆ ਕੇ ਮੁਜਰਾ ਕਰੇ। ਉਹ ਐਕਟਰ ਸੀ। ਨੀਲੋ ਦੀ ਰਿਆਜ਼ ਸ਼ਾਹਿਦ ਨਾਲ ਸ਼ਾਦੀ ਹੋਣ ਵਾਲੀ ਸੀ। ਉਹਨੇ ਇਨਕਾਰ ਕਰ ਦਿੱਤਾ। ਤੰਗੀਆਂ ਤੁਰਸ਼ੀਆਂ ਦਾ ਦੌਰ ਸ਼ੁਰੂ ਹੋ ਗਿਆ। ਪੁਲਿਸ ਗ੍ਰਿਫਤਾਰੀਆਂ ਤੇ ਜੇਲ੍ਹਖਾਨੇ ਦੀਆਂ ਧਮਕੀਆਂ। ਅਖੀਰ ਉਹ ਨੀਲੋ ਨੂੰ ਚੁੱਕ ਕੇ ਲੈ ਗਏ ਤੇ ਜ਼ਖਮੀ ਕਰ ਕੇ ਹਸਪਤਾਲ ਸੁੱਟ ਗਏ। ਰਿਆਜ਼ ਨੇ ਵੀ ਮੂੰਹ ਵੱਟ ਲਿਆ। ਨੀਲੋ ਤੋਂ ਏਨੀ ਨਮੋਸ਼ੀ ਝੱਲ ਨਾ ਹੋਈ; ਉਹਨੇ ਖ਼ੁਦਕੁਸ਼ੀ ਕਰ ਲਈ। ਰਿਆਜ਼ ਜਾਲਿਬ ਕੋਲ਼ ਗਿਆ। ਸਾਰਾ ਵਾਕਿਆ ਦੱਸਿਆ ਕਿ ਨੀਲੋ ਨੇ ਗੋਲੀਆਂ ਖਾ ਲਈਆਂ ਨੇ। ਫਿਰ ਰਿਆਜ਼ ਸ਼ਾਹਿਦ ਨੇ ਹਸਪਤਾਲ 'ਚ ਹੀ ਨਿਕਾਹ ਕਰ ਲਿਆ। ਜਾਲਿਬ ਸਾਰੇ ਵਾਕਿਆ ਤੋਂ ਪ੍ਰੇਸ਼ਾਨ ਹੋਇਆ। ਨਜ਼ਮ ਲਿਖੀ। ਬਾਅਦ'ਚ ਰਿਆਜ਼ ਨੇ 1949 ਦੇ ਯਹੂਦੀ- ਫਲਸਤੀਨੀ ਇਸ਼ੂ ਨੂੰ ਲੈ ਕੇ ਫਿਲਮ 'ਜ਼ਰਕਾ' ਬਣਾਈ। ਨੀਲੋ ਨੇ ਹੀ ਇਹਦੇ 'ਚ ਅਰਬ ਕੁੜੀ ਜ਼ਰਕਾ ਦਾ ਰੋਲ ਕੀਤਾ ਸੀ ਜਿਸਨੂੰ ਯਹੂਦੀਆਂ ਕੈਦ ਕਰ ਕੇ ਅੰਤਾਂ ਦੇ ਜ਼ੁਲਮ ਕੀਤੇ ਸੀ। ਨਾਲੇ ਜਬਰੀ ਨੱਚਣ ਨੂੰ ਮਜਬੂਰ ਕੀਤਾ ਸੀ। ਇਹ ਨੀਲੋ ਬੇਗ਼ਮ ਦੇ ਵਾਕਿਆ ਨਾਲ ਰਲ਼ਦਾ ਸੀਨ ਸੀ। ਨਿੱਕੀਆਂ ਮੋਟੀਆਂ ਤਬਦੀਲੀਆਂ ਕਰ ਕੇ ਜਾਲਿਬ ਦੀ ਨਜ਼ਮ ਵੀ ਫਿਲਮ 'ਚ ਪਾ ਲਈ। ਫਿਲਮ ਨੇ ਬੜੀ ਮਸ਼ਹੂਰੀ ਪਾਈ। ਇਹਦੇ ਗੀਤ ਵੀ ਜਾਲਿਬ ਨੇ ਹੀ ਲਿਖੇ ਸੀ। ਪਾਕਿਸਤਾਨ 'ਚ ਇਹ ਫਿਲਮ ਕਲਾਸਿਕ ਮੰਨੀ ਜਾਂਦੀ ਹੈ। ਪਹਿਲੀ ਵਾਰ ਕਿਸੇ ਫਿਲਮ 'ਚ ਇਨਕਲਾਬੀ ਗੀਤ ਪਾਇਆ ਸੀ। ਰਿਆਜ਼ ਨੇ ਇਸ ਫਿਲਮ ਦੇ ਡਿਸਟਰੀਬ੍ਰਿਸ਼ਨ ਹੱਕ ਗੁਰੀਲਾ ਜੱਥੇਬੰਦੀ 'ਅਲ ਫਤਹ' ਨੂੰ ਦੇ ਦਿੱਤੇ। ਮਹਿਦੀ ਹਸਨ ਦਾ ਗਾਇਆ ਜਾਲਿਬ ਦਾ ਆਹ ਗੀਤ ਬੜਾ ਚੱਲਿਆ:

ਤੂ ਕਿ ਨਾਵਾਕਿਫ ਏ ਆਦਾਬ ਏ ਗ਼ੁਲਾਮੀ ਹੈ ਅਭੀ
ਰਕਸ ਜ਼ੰਜੀਰ ਪਹਿਨ ਕਰ ਭੀ ਕੀਆ ਜਾਤਾ ਹੈ

ਜਾਲਿਬ ਦਾ ਰੋਟੀ ਪਾਣੀ ਸੱਜਣਾਂ ਮਿੱਤਰਾਂ ਆਸਰੇ ਸੀ ਜਾਂ ਫਿਲਮੀ ਗੀਤਾਂ ਸਿਰੋਂ। ਗੀਤ ਵੀ ਇਹ ਅਵਾ-ਗੌਣ ਨਹੀਂ ਸੀ ਲਿਖਦਾ। ਮਨ ਮਤੀਆ ਸੀ। ਪਰ ਤਰੱਕੀਪਸੰਦ ਢਾਣੀ ਵਾਲੇ ਇਹਦੇ ਮਗਰ ਪੈ ਕੇ ਲਿਖਵਾ ਲੈਂਦੇ ਸੀ। ਜਾਂ ਜਦੋਂ ਪੈਸੇ ਦੀ ਬਹੁਤੀ ਥੋੜ ਹੁੰਦੀ। ਜਾਲਿਬ ਦੇ ਫਿਲਮੀ ਗਾਣੇ ਵੀ ਬੜੇ ਮਸ਼ਹੂਰ ਹੋਏ। ਰਸ਼ੀਦ ਅਤਰੇ, ਰਿਆਜ਼ ਸ਼ਾਹਿਦ, ਹਸਨ ਲਤੀਫ, ਫੈਜ਼, ਮਸੂਦ ਪਰਵੇਜ਼, ਮੀਆਂ ਨਜ਼ਮੁਲ ਹਸਨ ਆਦਿ ਦਾ ਤਰੱਕੀਪਸੰਦ ਜੁੱਟ ਫਿਲਮਾਂ ਵਿਚ ਸੀ। ਇਹ ਸਾਰੇ ਜਾਲਿਬ ਦੇ

ਆੜੀ-ਬੇਲੀ ਸੀ। ਇਹਦੇ ਫਿਲਮੀ ਗਾਣਿਆਂ ਵਿਚ ਵੀ ਅਦਬ ਕਾਇਮ ਰਹਿੰਦਾ ਸੀ। ਇਹਦੀਆਂ ਲਿਖੀਆਂ ਫਿਲਮੀ ਗ਼ਜ਼ਲਾਂ ਵੀ ਬੜੀਆਂ ਮਸ਼ਹੂਰ ਨੇ - *ਨਾ ਸ਼ਾਖ ਹੀ ਰਹੀ ਬਾਕੀ ਨਾ ਆਸ਼ੀਆਨਾ, ਲੋਗ ਦੇਖੇਂ ਨਾ ਤਮਾਸ਼ਾ ਮੇਰੀ ਰੁਸਵਾਈ ਕਾ; ਐ ਸ਼ਾਮ-ਏ ਗ਼ਮ ਬਤਾ ਸਹਰ ਕਿਤਨੀ ਦੂਰ ਹੈ, ਅਬ ਔਰ ਪਰੇਸ਼ਾਂ ਦਿਲ ਏ ਨਾਸ਼ਾਦ ਨਾ ਕਰਨਾ। ਰਾਹ ਸੂਰਜ ਕੀ ਕਹਾਂ ਰੋਕ ਸਕੇ; ਸ਼ੌਕ ਏ ਆਵਾਰਗੀ* । ਬਹੁਤੀਆਂ ਗ਼ਜ਼ਲਾਂ ਮਹਿਦੀ ਹਸਨ ਤੇ ਨੂਰ ਜਹਾਂ ਦੀਆਂ ਗਾਈਆਂ ਹੋਈਆਂ। ਜਾਲਿਬ ਦਾ ਗੀਤ '*ਮੇਰਾ ਈਮਾਨ ਮੁਹੱਬਤ ਹੈ, ਮੁਹੱਬਤ ਕੀ ਕਸਮ*' ਰੇਡੀਓ 'ਤੇ ਵੱਜਦਾ ਸੁਣ ਕੇ ਇਹਦੀ ਬੇਗ਼ਮ ਕਹਿੰਦੀ, ਦੇਖੋ ਜੀ, ਸਾਡਾ ਗਾਣਾ ਵੱਜ ਰਿਹਾ ਹੈ। ਜਾਲਿਬ ਮੋੜ ਕੇ ਕਹਿੰਦਾ, ਨਹੀਂ ਜੀ, ਮੇਰਾ ਗਾਣਾ ਵੱਜ ਰਿਹਾ ਹੈ। ਇਹਦੀ ਹਾਜ਼ਰ ਜੁਆਬੀ ਕਮਾਲ ਦੀ ਸੀ।

ਹਫੀਜ਼ ਜਲੰਧਰੀ ਨਾਲ ਗੱਲਬਾਤ ਤੋਂ ਜੋੜੀ ਨਜ਼ਮ ਦਾ ਪਿਛੋਕੜ ਜਾਲਿਬ ਦੱਸਿਆ ਕਰਦਾ ਸੀ ਕਿ ਲਾਹੌਰ ਦੀ ਪੁਰਾਣੀ ਅਨਾਰਕਲੀ 'ਚ ਘੁੰਮਦਿਆਂ-ਘੁੰਮਾਉਂਦਿਆਂ ਹਫੀਜ਼ ਸਾਹਿਬ ਨਾਲ ਟਾਕਰਾ ਹੋ ਗਿਆ। ਜਾਲਿਬ ਪੁੱਛਣ ਲੱਗਿਆ, ਜਨਾਬ ਦੇ ਕੀ ਹਾਲ ਨੇ। ਅੱਜਕਲ ਕੀ ਕਰ ਰਹੇ ਹੋ। ਹਫੀਜ਼ ਮੋਹਰਿਉਂ ਬੋਲੇ, ਮੈਂ ਬਹੁਤ ਮਸਰੂਫ ਹਾਂ। ਤੂੰ ਨਹੀਂ ਜਾਣ ਸਕਦਾ ਮੈਂ ਕਿੰਨਾ ਬਿਜ਼ੀ ਹਾਂ। ਜਾਲਿਬ ਦੱਸਦਾ ਸੀ ਕਿ ਹਫੀਜ਼ ਜਲੰਧਰੀ ਤੁਹਾਡੇ ਨਾਲ ਗੱਲ ਏਦਾਂ ਕਰਦਾ ਹੁੰਦਾ ਸੀ ਜਿਵੇਂ ਤੁਹਾਨੂੰ ਕਰਜ਼ਾ ਦੇ ਰਿਹਾ ਹੋਵੇ ਜਾਂ ਤੁਹਾਡੇ ਸਿਰ ਕੋਈ ਅਹਿਸਾਨ ਕਰ ਰਿਹਾ ਹੋਵੇ। ਫੇਰ ਉਪਰ ਨੂੰ ਹੱਥ ਕਰ ਕੇ ਕਹਿੰਦਾ, ਮੈਂ ਓਹਦਾ ਸਲਾਹਕਾਰ ਲੱਗ ਗਿਆ ਹਾਂ। ਜਾਲਿਬ ਨੇ ਹਾਫਿਜ਼ ਨੂੰ ਮਸ਼ਕਰੀ ਕੀਤੀ: ਖੁਦਾ ਦੇ ਸਲਾਹਕਾਰ ਲੱਗ ਗਏ ਹੋ? ਹਾਫਿਜ਼ ਕਹਿੰਦਾ: ਓਏ ਨਹੀਂ, ਤੂੰ ਨਹੀਂ ਜਾਣਦਾ। ਮੈਂ ਯਾਹੀਆ ਖਾਨ ਦਾ ਸਲਾਹਕਾਰ ਬਣ ਗਿਆ ਹਾਂ। ਉਹ ਜਦੋਂ ਮਰਜ਼ੀ ਸੱਦ ਲੈਂਦਾ ਹੈ। ਰਾਤ ਨੂੰ ਵੀ ਬੁਲਾ ਲੈਂਦਾ ਏ। ਮੇਰੇ ਕੋਲ ਕਿਸੇ ਨੂੰ ਮਿਲਣ ਲਈ ਟੈਮ ਨਹੀਂ ਹੁੰਦਾ। ਫਿਰ ਹੁੱਬ ਕੇ ਕਹਿਣ ਲੱਗਾ ਕਿ ਮੈਂ ਯਾਹੀਆ ਖਾਨ ਨੂੰ ਕਿਹਾ ਹੈ, ਕਿ ਤੂੰ ਬਹੁਤ ਕਮਾਲ ਦਾ ਕੰਮ ਕਰ ਰਿਹਾ ਏਂ। ਫੌਜ ਦਾ ਰਾਜ ਹੀ ਸਭ ਦੇ ਭਲੇ ਦਾ ਰਾਜ ਹੈ। ਪਾਕਿਸਤਾਨ ਦਾ ਇਹਦੇ 'ਚ ਹੀ ਬਚਾਅ ਹੈ। ਇਹ ਮੁਸਲਮਾਨ ਡੰਡੇ ਦੀ ਹੀ ਜ਼ੁਬਾਨ ਸਮਝਦੇ ਨੇ। ਇਨ੍ਹਾਂ 'ਤੇ ਡੰਡਾ ਹੀ ਰੱਖੀ ਰੱਖ। ਕਾਲ਼ੇ ਕੋਟਾਂ ਵਾਲਿਆਂ 'ਤੇ ਵੀ ਡੰਡਾ ਰੱਖ। ਤੇ ਫਿਰ ਜਾਲਿਬ ਦੇ ਗਿੱਟੀਂ ਲਾ ਕੇ ਕਹਿੰਦਾ: ਇਕ ਸ਼ਾਇਰ 'ਮੈਂ ਨਹੀਂ ਮਾਨਤਾ, ਮੈਂ ਨਹੀਂ ਮਾਨਤਾ' ਕਰਤਾ ਫਿਰਤਾ ਹੈ। ਉਸ ਪੇ ਭੀ ਡੰਡਾ ਰੱਖ। ਜਾਲਿਬ ਨੇ ਏਸੇ ਦੀ ਨਜ਼ਮ ਜੋੜ ਲਈ। ਪੜ੍ਹਦਿਆਂ ਜਾਲਿਬ ਨੇ 'ਤੂ' 'ਤੇ ਜ਼ੋਰ ਦੇਣਾ ਤੇ ਵਾਰ ਵਾਰ ਦਹੁਰਾਉਣਾ। ਨਜ਼ਮ ਦਾ ਅਸਰ ਦੁੱਗਣਾ ਚੌਗੁਣਾ ਹੋਈ ਜਾਣਾ। ਕੀਲੇ ਹੋਏ ਲੋਕਾਂ, ਵਾਰੰਵਾਰ ਸੁਣਨ ਦੀ ਫਰਮਾਇਸ਼ ਕਰੀ ਜਾਣੀ। ਇਹਦੇ ਨਾਲ ਹੀ ਆਪ ਗਾਈ ਵੀ ਜਾਣੀ। ਹਫੀਜ਼ ਜਲੰਧਰੀ ਦੇ ਮੂੰਹੋਂ ਬੁਲਵਾਈ ਇਸ ਨਜ਼ਮ ਨੂੰ ਪੜ੍ਹ-ਸੁਣ ਕੇ ਹਫੀਜ਼ ਜਲੰਧਰੀ 'ਤੇ ਕੀ ਗੁਜ਼ਰੀ ਹੋਊ, ਹਫੀਜ਼ ਜਲੰਧਰੀ ਦਾ ਅੱਲਾ ਜਾਣੇ:

ਮੈਂ ਨੇ ਉਸ ਸੇ ਯਹ ਕਹਾ, ਮੈਂ ਨੇ ਉਸ ਸੇ ਯਹ ਕਹਾ
ਯਹ ਜੋ ਦਸ ਕਰੋੜ ਹੈਂ , ਜਿਹਲ ਕਾ ਨਿਚੋੜ ਹੈਂ
ਇਨ ਕੀ ਫਿਕਰ ਸੋ ਗਈ
ਹਰ ਉਮਰ ਕੀ ਕਿਰਨ, ਜ਼ੁਲਮਤੋਂ ਮੇਂ ਖੋ ਗਈ
ਯਹ ਖਬਰ ਦਰੁਸਤ ਹੈ, ਇਨ ਕੀ ਮੌਤ ਹੋ ਗਈ
ਬੇਸ਼ਊਰ ਲੋਗ ਹੈਂ, ਜ਼ਿੰਦਗੀ ਕਾ ਰੋਗ ਹੈਂ
ਔਰ ਤੇਰੇ ਪਾਸ ਹੈ, ਇਨ ਕੇ ਦਰਦ ਕੀ ਦਵਾ
ਮੈਂ ਨੇ ਉਸ ਸੇ ਯਹ ਕਹਾ...

ਤੂ ਖੁਦਾ ਕਾ ਨੂਰ ਹੈ, ਅਕਲ ਹੈ ਸ਼ਊਰ ਹੈ
ਕੌਮ ਤੇਰੇ ਸਾਥ ਹੈ, ਤੇਰੇ ਹੀ ਵਜੂਦ ਸੇ ਮੁਲਕ ਕੀ ਨਿਜਾਤ ਹੈ
ਤੂ ਹੈ ਮੇਰੀ ਸੁਬਹ-ਏ-ਨੌਂ, ਤੇਰੇ ਬਾਅਦ ਰਾਤ ਹੈ

ਮੈਂ ਨੇ ਉਸ ਸੇ ਯਹ ਕਹਾ...

ਬੋਲਤੇ ਜੋ ਚੰਦ ਹੈਂ, ਸਭ ਯਹ ਸ਼ਰ ਪਸੰਦ ਹੈਂ
ਇਨ ਕੀ ਖੀਂਚ ਲੇ ਜ਼ੁਬਾਂ, ਇਨ ਕਾ ਘੋਂਟ ਦੇ ਗਲਾ...

ਗਰਮੀਆਂ ਨੂੰ ਮਰੀ 'ਚ ਪੱਕਾ ਹੀ ਮੁਸ਼ਾਇਰਾ ਹੁੰਦਾ ਹੁੰਦਾ ਸੀ। ਨਾਮੀ ਸ਼ਾਇਰਾਂ ਦਾ ਕਲਾਮ ਛਾਇਆ ਰਹਿੰਦਾ ਸੀ। ਜਾਲਿਬ ਜੇਲ੍ਹੋਂ ਛੁੱਟ ਕੇ ਆਇਆ ਹੀ ਸੀ। ਇਹਨੂੰ ਵੀ ਸੱਦਿਆ। ਮੁਸ਼ਾਇਰੇ ਤੋਂ ਪਹਿਲਾਂ ਮਾਲ ਰੋਡ 'ਤੇ ਟਹਿਲਦੇ ਜਾਲਿਬ ਨੂੰ ਕਿਸੇ ਪੁੱਛਿਆ: ਜਾਲਿਬ ਸਾਹਿਬ , ਮੁਸ਼ਾਇਰੇ 'ਚ ਕੀ ਪੜ੍ਹ ਰਹੇ ਹੋ। ਜਦੋਂ ਇਹਨੇ ਦੱਸਿਆ ਤਾਂ ਪ੍ਰਬੰਧਕ ਡਰ ਗਏ। ਕਹਿਣ ਲੱਗੇ: ਨਾ ਬਈ ਨਾ, ਇਹ ਨਹੀਂ ਪੜ੍ਹਨਾ - ਹਕੂਮਤ ਦੀ ਸਖਤੀ ਹੈ। ਯਾਹੀਆ ਖਾਨ ਦਾ ਦੌਰ ਹੈ। ਇਸ ਤਰ੍ਹਾਂ ਨਹੀਂ ਹੋ ਸਕਦਾ। ਜਾਲਿਬ ਮੋੜ ਕੇ ਕਹਿੰਦਾ, ਜੇ ਤੁਸੀਂ ਮੇਰਾ ਨਾਂ ਹਬੀਬ ਜਾਲਿਬ ਬੋਲਣਾ ਹੈ, ਫਿਰ ਤਾਂ ਮੈਂ ਇਹੀ ਪੜ੍ਹਾਂਗਾ। ਜਾਲਿਬ ਨੂੰ ਸੱਦ ਕੇ ਮੁਸ਼ਾਇਰੇ ਤੋਂ ਬਾਹਰ ਵੀ ਨਹੀਂ ਸੀ ਰੱਖਿਆ ਜਾ ਸਕਦਾ। ਇਹਦੇ ਹੋਰ ਖਤਰੇ ਹੋ ਸਕਦੇ ਸੀ। ਮੁਸ਼ਕਿਲ 'ਚ ਫਸੇ ਪ੍ਰਬੰਧਕਾਂ ਨੇ ਹੋਰ ਪੱਤਾ ਖੇਡਿਆ। ਜਾਲਿਬ ਤੋਂ ਪਹਿਲਾਂ ਦਿਲਾਵਰ ਫਿਗਾਰ ਨੂੰ ਬੁਲਵਾ ਲਿਆ। ਉਹ ਮਜ਼ਾਹੀਆ ਤਨਜ਼ ਵਾਲਾ ਵੱਡਾ ਸ਼ਾਇਰ ਸੀ। ਮੁਸ਼ਾਇਰੇ ਲੁੱਟ ਲੈਂਦਾ ਸੀ। ਰੌਲ਼ਿਆਂ 'ਚ ਇਹ ਯੂ ਪੀ ਦੇ ਬਦਾਯੂੰ ਸ਼ਹਿਰੋਂ ਉੱਠ ਕੇ ਆਇਆ ਸੀ। ਏਸ ਮਿੱਟੀ ਨੂੰ ਕੋਈ ਵਰ ਹੋਇਆ ਮੰਨਿਆ ਜਾਂਦਾ ਹੈ। ਏਥੋਂ ਦੇ ਹੋਰ ਵੀ ਨਾਮੀ ਸ਼ਾਇਰ ਹੋਏ - ਅਮੀਰ ਖੁਸਰੋ, ਇਸਮਤ ਚੁਗਤਾਈ, ਫਨੀ ਤੇ ਸ਼ਕੀਲ ਬਦਾਯੂੰਨੀ। ਦਿਲਾਵਰ ਫਗਾਰ ਨੇ ਨਜ਼ਮ ਪੜ੍ਹੀ ਤੇ ਛਾਅ ਗਿਆ। ਮੁਸ਼ਾਇਰਾ ਲੁੱਟਿਆ ਗਿਆ ਸੀ। ਪ੍ਰਬੰਧਕ ਫੁੱਲੇ ਨਾ ਸਮਾਉਣ। ਇਨ੍ਹਾਂ ਭਾਣੇ ਇਨ੍ਹਾਂ ਦੀ ਆਸ ਨੂੰ ਫਲ ਪੈ ਗਿਆ ਸੀ। ਸਕੀਮ ਮੁਤਾਬਕ, ਐਨ ਇਹਦੇ ਬਾਅਦ ਸ਼ਮ੍ਹਾਦਾਨ ਹਬੀਬ ਜਾਲਿਬ ਦੇ ਮੋਹਰੇ ਰੱਖ ਦਿੱਤਾ। ਅਗਲਿਆਂ ਆਪਣੇ ਮਨੋਂ ਕਿਹਾ: ਲੈ ਬਈ ਭਾਈ ਹਬੀਬ ਜਾਲਿਬਾ, ਹੁਣ ਤੂੰ ਲਾ ਲੈ ਜ਼ੋਰ, ਜਿਹੜਾ ਲਾਉਣਾ। ਤੇਰੀ ਗੱਲ ਦਾ ਹੁਣ ਕੋਈ ਅਸਰ ਨਹੀਂ ਹੋਣਾ। ਉਹ ਭੁੱਲ ਗਏ ਸੀ ਕਿ ਮੂਹਰੇ ਹਬੀਬ ਜਾਲਿਬ ਸੀ - ਕੋਈ ਐਰਾ ਗ਼ੈਰਾ ਨਹੀਂ। ਫੈਜ਼ ਅਹਿਮਦ ਫੈਜ਼ ਮੁਸ਼ਾਇਰੇ ਦੀ ਪ੍ਰਧਾਨਗੀ ਕਰਦਾ ਸੀ। ਨਾਲ ਡਿਪਟੀ ਕਮਿਸ਼ਨਰ ਬੈਠਾ ਸੀ। ਫੈਜ਼ ਨੇ ਡਿਪਟੀ ਕਮਿਸ਼ਨਰ ਨੂੰ ਕੂਹਣੀ ਮਾਰੀ: ਲੈ ਆ ਗਿਆ ਈ ਤੇਰਾ ਦੁਸ਼ਮਣ। ਹਾਲ 'ਚ ਲੱਗੀ ਯਾਹੀਆ ਖਾਨ ਦੀ ਤਸਵੀਰ ਵੱਲ ਹੱਥ ਕਰ ਕੇ ਜਾਲਿਬ ਨੇ ਨਜ਼ਮ ਹੀ ਏਦਾਂ ਸ਼ੁਰੂ ਕੀਤੀ:

ਇਸ ਜਗ੍ਹਾ ਆਪ ਸੇ ਪਹਿਲੇ ਜੋ ਸ਼ਖਸ ਤਖਤ ਨਸ਼ੀਂ ਥਾ
ਉਸਕੋ ਭੀ ਅਪਨੇ ਖੁਦਾ ਹੋਨੇ ਕਾ ਇਤਨਾ ਹੀ ਯਕੀਂ ਥਾ
ਕੋਈ ਠਹਿਰਾ ਹੈ ਲੋਗੋਂ ਕੇ ਮੁਕਾਬਿਲ ਤੋ ਬਤਾਓ
ਵੋਹ ਕਹਾਂ ਹੈਂ, ਜਿਨਹੇਂ ਬਹੁਤ ਨਾਜ਼ ਅਪਨੇ ਤਈਂ ਥਾ

ਬੱਸ ਫੇਰ ਕੀ ਸੀ। ਮੁਕੱਰਰ ਮੁਕੱਰਰ ਹੋਈ। ਦਾਦ ਮਿਲੀ। ਤਾੜੀਆਂ ਵੱਜੀਆਂ। ਇਸ ਮੁਸ਼ਾਇਰੇ ਦਾ ਪ੍ਰਬੰਧਕ ਪ੍ਰੋਫੈਸਰ ਕਰਮ ਹੈਦਰੀ ਸੀ। ਉਹ ਜਾਲਿਬ ਦਾ ਪਜਾਮਾ ਖਿੱਚਕੇ ਇਹਨੂੰ ਚੁੱਪ ਕਰਾਵੇ। ਫੇਰ ਜਾਲਿਬ ਨੇ ਚੁੱਪ ਕਿੱਥੋਂ ਹੋਣਾ ਸੀ। ਇਹ ਕਹਿੰਦਾ: ਹੁਣ ਤੂੰ ਮੇਰਾ ਪਜਾਮਾ ਨਾ ਖਿੱਚ, ਹੁਣ ਤਾਂ ਮੈਂ ਆਪਣੀ ਗੱਲ ਕਹਿਕੇ ਹੀ ਹਟੂੰਗਾ। ਜਾਲਿਬ ਨੇ ਪਹਿਲਾਂ ਲੁੱਟਿਆ ਜਾ ਚੁੱਕਿਆ ਮੁਸ਼ਾਇਰਾ ਮੁੜ ਵਸਾ ਲਿਆ. ਤੇ ਵਸਾ ਕੇ ਫਿਰ ਲੁੱਟ ਲਿਆ। ਇਹ ਆਪਣੇ ਆਪ 'ਚ ਮਿਸਾਲ ਸੀ। ਇਹ ਸਿਰਫ ਜਾਲਿਬ ਹੀ ਕਰ ਸਕਦਾ ਸੀ। ਨਾਂ ਲਏ ਬਿਨਾਂ ਜਾਲਿਬ ਦੱਸਿਆ ਕਰਦਾ ਸੀ ਕਿ ਕਿਸੇ ਸੀਨੀਅਰ ਸ਼ਾਇਰ ਨੇ ਇਹਨੂੰ ਕਿਹਾ: ਯੇਹ ਮੌਕਾ ਨਹੀਂ ਥਾ। ਜਾਲਿਬ ਮੋੜ ਕੇ ਕਹਿੰਦਾ: ਮੈਂ ਮੌਕਾਪ੍ਰਸਤ ਨਹੀਂ ਹੂੰ। ਮੁਸ਼ਾਇਰੇ ਤੋਂ ਬਾਅਦ ਲੋਕ ਜਾਲਿਬ ਦੇ ਨਾਲ ਹੀ ਬਾਹਰ ਆ ਗਏ।

ਯਾਹੀਆ ਖਾਨ ਵੇਲੇ ਜਾਲਿਬ ਨੇ ਅਵਾਮੀ ਨੈਸ਼ਨਲ ਪਾਰਟੀ ਵੱਲੋਂ ਇਲੈਕਸ਼ਨ ਵੀ ਲੜਿਆ। ਜਦੋਂ ਚੋਣਾਂ ਦੇ ਪਰਚਾਰ ਹੋਣੇ ਤਾਂ ਜਾਲਿਬ ਦੇ ਜਲਸੇ ਭਰੇ ਰਹਿਣੇ। ਜਦੋਂ ਵੋਟਾਂ ਪੈਣੀਆਂ ਤਾਂ ਜਾਲਿਬ ਦੇ ਡੱਬੇ ਖਾਲੀ ਝਾਕਦੇ ਹੋਣੇ। ਲੋਕ ਸ਼ਾਇਰੀ ਜਾਲਿਬ ਦੀ ਸੁਣਨੀ ਪਸੰਦ ਕਰਦੇ ਸੀ। ਵੋਟਾਂ ਵੇਲੇ

ਦੂਸਰੇ ਪਾਸੀਂ ਭੁਗਤ ਜਾਂਦੇ। ਜਦੋਂ ਜਾਲਿਬ ਇਲੈਕਸ਼ਨ ਨਾ ਲੜਦਾ ਤਾਂ ਲੋਕ ਜਾਲਿਬ ਦਾ ਫਾਇਦਾ ਆਵਦੇ ਚੋਣ ਪਰਚਾਰ ਲਈ ਲੈ ਲੈਂਦੇ। ਜਾਲਿਬ ਇਸਟੈਬਲਿਸ਼ਮੈਂਟ ਦੇ ਖਿਲਾਫ ਬੋਲਦਾ। ਸਟੇਜਾਂ ਬੰਨ੍ਹਦਾ। 'ਕੱਠ ਜਮਾਉਂਦਾ। ਲੋਕ ਬੰਨ੍ਹੀ ਰੱਖਦਾ। ਜਮਹੂਰੀਅਤ ਦੀ ਹਮਾਇਤ ਕਰਦਾ। ਜਦੋਂ ਵੋਟਾਂ ਪੈ ਜਾਣੀਆਂ, ਤਾਂ ਜਾਲਿਬ ਦੀ ਜਿੱਤਣ ਵਾਲਿਆਂ ਨਾਲ ਵੀ ਖੜਕ ਜਾਣੀ। ਖੜਕਣੀ ਹੀ ਸੀ, ਨਾ ਇਹਨੇ ਮੁੱਲ ਘਟਾਉਣਾ, ਨਾ ਸੌਦੇਬਾਜ਼ੀ ਹੋ ਸਕਣੀ। ਇਹਦਾ ਮੁੱਲ ਤਾਰਨ ਜੋਗੇ ਉਹ ਹੈ ਵੀ ਨਹੀਂ ਸੀ। ਅਗਲਿਆਂ ਕਿਤਾਬਾਂ 'ਤੇ ਪਾਬੰਦੀਆਂ ਲਾ ਦੇਣੀਆਂ। ਚੁੱਕ ਕੇ ਜੇਲ੍ਹੀਂ ਸੁੱਟ ਦੇਣਾ। ਜਾਂ ਮੁਕੱਦਮਾ ਠੋਕ ਦੇਣਾ। ਇਹ ਭੁੱਟੋਆਂ ਵੇਲ਼ੇ ਵੀ ਹੋਇਆ। ਫੌਜੀ ਡਿਕਟੇਟਰਾਂ ਨਾਲ ਤਾਂ ਇਹਦਾ ਮੁੱਢੋਂ-ਸੁੱਢੋਂ ਅੱਖ ਵਲ਼ ਸੀ। ਜਾਲਿਬ ਇਨ੍ਹਾਂ ਨੂੰ ਕਿਸੇ ਕਿਸਮ ਦੀ ਰਿਆਇਤ ਨਹੀਂ ਸੀ ਦਿੰਦਾ। ਡਰ ਇਹਨੂੰ ਕਿਸੇ ਦਾ ਨਹੀਂ ਸੀ। ਇਹ ਡਰ ਮੰਨਦਾ ਵੀ ਕਿੱਥੇ ਸੀ। ਅੱਠ ਦਸ ਵਾਰ ਜੇਲ੍ਹ ਜਾ ਚੁੱਕਿਆ ਸੀ।

ਇਕ ਵਾਰ ਮੁਜਾਹਿਦ ਅਲੀ ਹਸਪਤਾਲ ਜਾਲਿਬ ਦਾ ਪਤਾ ਲੈਣ ਗਿਆ। ਖੈਰ ਸੁੱਖ ਤੋਂ ਬਾਅਦ ਮੁਜਾਹਿਦ ਅਲੀ ਕਹਿੰਦਾ: ਇਬਨ-ਏ-ਇੰਸ਼ਾ ਵੀ ਤਾਂ ਬਾਹਰ ਇਲਾਜ ਲਈ ਗਿਆ ਹੀ ਸੀ। ਥੋੜ੍ਹੀ ਜ਼ੁਬਾਨ ਬੰਦ ਕਰ ਲੈ। ਬਾਹਰੋਂ ਜਾ ਕੇ ਇਲਾਜ ਕਰਵਾ ਲੈ। ਜਾਲਿਬ ਕਹਿੰਦਾ: ਫਿਰ ਮੇਰੇ ਜੀਣ ਦਾ ਕੀ ਹੱਜ। ਫਿਰ ਤਾਂ ਮੈਂ ਮਰ ਗਿਆ। ਜੇ ਮੈਂ ਏਹੋ ਕਰਨਾ ਹੁੰਦਾ, ਬੜਾ ਚਿਰ ਪਹਿਲਾਂ ਕਰ ਸਕਦਾ ਸੀ। ਮੁਜਾਹਿਦ ਅਲੀ ਮੋੜ ਕੇ ਕਹਿੰਦਾ: ਤੇਰੇ ਸਾਹਮਣੇ ਲੋਕਾਂ ਨੇ ਇਕ ਦੀ ਮੁਖਾਲਫਿਤ ਕਰ ਕੇ ਦੂਜੇ ਤੋਂ ਖੱਟੀ ਕਰ ਲਈ। ਤੂੰ ਤਾਂ ਐਸਾ ਬਲੈਂਕ ਚੈੱਕ ਸੀ, ਕਿ ਸਮੇਂ ਦਾ ਕੋਈ ਵੀ ਹੁਕਮਰਾਨ ਕੋਈ ਵੀ ਮੁੱਲ ਤਾਰਨ ਲਈ ਤਿਆਰ ਸੀ।

ਕਦੇ ਵੱਡੀਆਂ ਵੱਡੀਆਂ ਮੁੱਛਾਂ ਵਾਲੇ ਨਵਾਬ ਕਾਲ਼ਾਬਾਗ਼ ਕਿਸੇ ਕਤਲ ਦਾ ਮੁਕੱਦਮਾ ਬਣਾ ਕੇ ਜਾਲਿਬ ਨੂੰ ਜੇਲ੍ਹ 'ਚ ਡੱਕ ਦਿੱਤਾ ਤੇ ਕਦੇ ਇਹਨੂੰ ਬਾਬੂ ਵਾਰਿਸ ਦੇ ਛੁਰਾ ਮਾਰਨ ਦੇ ਇਲਜ਼ਾਮ 'ਚ ਕੈਦ ਕਰ ਲਿਆ ਜਾਂਦਾ। ਹਕੂਮਤਾਂ ਤਾਂ ਇਹਦੀਆਂ ਨਜ਼ਮਾਂ ਤੋਂ ਡਰਦੀਆਂ ਸੀ। ਇਹਦੀ ਮਕਬੂਲੀਅਤ ਤੋਂ। ਲੋਕਾਂ ਦੇ ਇਹਦੇ ਨਾਲ ਜੁੜ ਜਾਣ ਤੋਂ। ਮੁਕੱਦਮੇ ਤਾਂ ਸਾਰੇ ਝੂਠੇ ਹੀ ਹੁੰਦੇ ਸੀ। ਬਾਬੂ ਵਾਰਿਸ ਆਪਣੇ ਵੇਲ਼ਿਆਂ ਦਾ ਨਾਮੀਂ ਹਿਸਟਰੀ ਸ਼ੀਟਰ ਸੀ। ਉਹਨੇ ਬਾਅਦ 'ਚ ਦੱਸ ਵੀ ਦਿੱਤਾ ਸੀ ਕਿ ਉਹਨੇ ਇਹ ਸਭ ਕੁਝ ਸਰਕਾਰੀ ਕਹਿਣੇ 'ਤੇ ਹੀ ਕੀਤਾ ਸੀ।

ਪੰਜਾਬ ਯੂਨਵਰਸਿਟੀ ਲਾਹੌਰ ਦੇ ਪਾੜ੍ਹਿਆਂ ਨੇ ਬਲੋਚਸਤਾਨ 'ਤੇ ਹਮਲੇ ਖਿਲਾਫ ਐਜੀਟੇਸ਼ਨ ਕੀਤਾ। ਅਸਲ 'ਚ ਇਹ ਫੌਜੀ ਹੁਕਮਰਾਨਾਂ ਦਾ ਵਿਰੋਧ ਹੀ ਸੀ। ਅੱਜ ਕਲ ਲੰਡਨ ਵਸਿਆ ਮਸ਼ਹੂਰ ਤਰੀਨ ਦਾਨਿਸ਼ਵਰ, ਤਾਰਿਕ ਅਲੀ ਵੀ ਵਿੱਚੇ ਹੀ ਸੀ। ਪੁਲਿਸ ਵਾਲਿਆਂ ਧਾਰ ਲਈ ਕਿ ਅਸੀਂ ਇਨ੍ਹਾਂ ਮੁੰਡਿਆਂ ਨੂੰ ਮਾਰ ਮੁਕਾਉਣਾ ਹੈ। ਜਾਲਿਬ ਵੇਲ਼ੇ ਸਿਰ ਆ ਗਿਆ।ਅੜਕੇ ਮੋਹਰੇ ਖੜ੍ਹਾ ਹੋ ਗਿਆ। ਕਹਿੰਦਾ: ਖਬਰਦਾਰ, ਕਿਸੇ ਦਾ ਨੁਕਸਾਨ ਕੀਤਾ। ਦਫਾ ਹੋ ਜਾਓ ਏਥੋਂ। ਜਾਂ ਪਹਿਲੇ ਮੈਨੂੰ ਮਾਰੋ। ਪੁਲਿਸ ਝਿੰਵ ਗਈ। ਬੱਚੇ ਵਿਦਿਆਰਥੀ ਅਜੇ ਵੀ ਜਾਲਿਬ ਨੂੰ ਯਾਦ ਕਰਦੇ ਨੇ।

ਇਸਤਰੀਆਂ ਨੇ ਆਪਣੇ ਹੱਕਾਂ ਲਈ ਮੁਜ਼ਾਹਰਾ ਕੀਤਾ। ਜਾਲਿਬ ਕਿਤੇ ਕਚਹਿਰੀਆਂ 'ਚ ਬੈਠਾ ਸੀ। ਇਹਨੂੰ ਪਤਾ ਲੱਗਿਆ, ਇਹ ਵੀ ਜਲਸੇ 'ਚ ਚਲਾ ਗਿਆ। ਹਮਾਇਤ ਕਰਨ। ਪੁਲਿਸ ਨੇ ਇਹਨੂੰ ਹੀ ਧਰ ਲਿਆ। ਫੌਜ ਤੇ ਪੁਲਿਸ ਇਹਨੂੰ ਹੀ ਬਦਅਮਨੀ ਦਾ ਜ਼ਿੰਮੇਵਾਰ ਸਮਝਦੇ ਹੁੰਦੇ ਸੀ। ਇਹਨੂੰ ਬੜੀਆਂ ਡਾਂਗਾਂ ਪਈਆਂ। ਅਗਲੇ ਤਾਂ ਕੋਈ ਠੁਣਾ ਹੀ ਭਾਲ਼ਦੇ ਸੀ। ਜਲੂਸ ਦੀ ਲੀਡਰ ਬੀਬੀ ਅਸਮਾਂ ਜਹਾਂਗੀਰ ਨੇ ਜਾਲਿਬ ਨੂੰ ਦੇਖ ਲਿਆ। ਉਹਨਾਂ ਸਾਰੀਆਂ ਨੇ ਭੱਜਕੇ ਇਹਦੇ ਦੁਆਲ਼ੇ ਘੇਰਾ ਪਾਇਆ। ਇਹਨੂੰ ਪੁਲਿਸ ਦੀ ਮਾਰ ਤੋਂ ਬਚਾਇਆ। ਇਹ ਔਰਤਾਂ ਦੀ ਜੱਥੇਬੰਦੀ ਦਾ ਪੱਕਾ ਹੀ ਮੈਂਬਰ ਬਣ ਗਿਆ। ਇਹ ਸੁਣਕੇ ਹੈਰਾਨ ਮਤ ਹੋਣਾ ਕਿ ਹਬੀਬ ਜਾਲਿਬ ਤੇ ਅਮੀਨ ਮੁਗ਼ਲ ਹੀ ਔਰਤਾਂ ਦੇ ਹੱਕਾਂ ਦੀ ਰਾਖੀ ਵਾਲੀ ਜੱਥੇਬੰਦੀ ਦੇ ਆਨਰੇਰੀ ਮੈਂਬਰ ਸੀ।

ਇਕ ਵਾਰ ਇਹਦੇ ਨਾਲ ਦੇ ਸਾਰੇ ਫੜੇ ਹੋਏ ਸੀ - ਸਣੇ ਅਮੀਨ ਮੁਗ਼ਲ ਦੇ। ਪੁਲਸ ਨੇ ਬਕਵਾਉਣ ਲਈ ਆਪਣਾ ਮੰਨਿਆ ਪ੍ਰਮੰਨਿਆ ਤਰੀਕਾ ਵਰਤਿਆ। ਕਹਿੰਦੇ: ਦੇਖੋ ਜਾਲਿਬ ਸਾਹਿਬ, ਇਹ ਤਾਂ ਸਾਰੇ ਖਾਂਦੇ ਪੀਂਦੇ ਘਰਾਂ ਦੇ ਨੇ, ਤੇ ਛੁੱਟ ਵੀ ਜਾਣਗੇ। ਇਨ੍ਹਾਂ ਨੂੰ ਪਿੱਛੇ ਦੀ ਵੀ ਪਰਵਾਹ ਨਹੀਂ। ਇਨ੍ਹਾਂ ਦਾ ਬਚਾਅ ਹੋ ਜਾਣਾ ਹੈ। ਤੁਹਾਡੇ ਛੋਟੇ ਛੋਟੇ ਬੱਚੇ ਨੇ। ਤੁਸੀਂ ਆਵਦਾ ਬਚਾਅ ਕਰੋ। ਇਨ੍ਹਾਂ ਨੇ ਸਾਨੂੰ ਤੁਹਾਡੇ ਬਾਰੇ ਸਭ ਕੁਝ ਦੱਸ ਦਿੱਤਾ ਹੈ। ਚੰਗਾ ਹੈ ਕਿ ਤੁਸੀਂ ਵੀ ਇਨ੍ਹਾਂ ਬਾਰੇ ਦੱਸ ਦਿਉ। ਜਾਲਿਬ ਮੋੜ ਕੇ ਕਹਿੰਦਾ: ਜੇ ਉਨ੍ਹਾਂ ਨੇ ਤੁਹਾਨੂੰ ਸਭ ਕੁਝ ਦੱਸ ਹੀ ਦਿੱਤਾ ਹੈ ਤਾਂ ਮੈਂ ਛੇ ਮਹੀਨੇ ਦੇ ਵਿਚ ਵਿਚ ਦੁੱਖ ਨਾਲ ਮਰ ਜਾਊਂਗਾ। ਜੇ ਮੈਂ ਉਨ੍ਹਾਂ ਬਾਰੇ ਕੁਝ ਦੱਸਿਆ ਤਾਂ ਨਮੋਸ਼ੀ ਨਾਲ ਪੰਜ ਛੇ ਮਹੀਨਿਆਂ 'ਚ ਮਰ ਜਾਊਂਗਾ। ਤੁਸੀਂ ਸਿਆਣੇ ਹੋ, ਤੁਸੀਂ ਦੱਸੋ, ਮੈਨੂੰ ਕੀ ਕਰਨਾ ਚਾਹੀਦਾ ਹੈ।

ਬਹੁਤੀ ਵਾਰੀ ਇਹਦੇ ਸੰਗੀ ਸਾਥੀ ਇਹਦੇ ਕਰਕੇ ਪੁਲਸ ਜਾਂ ਫੌਜ ਦੇ ਅੜਿੱਕੇ ਆ ਜਾਂਦੇ ਸੀ। ਲੋਕ ਜਾਲਿਬ ਨੂੰ ਜਾਣਦੇ ਸੀ, ਦੇਖਦਿਆਂ ਸਾਰ ਝੱਟ 'ਕੱਠੇ ਹੋ ਜਾਂਦੇ ਸੀ। ਜੇ ਪੁਲਸ ਤੋਂ ਬਚਣਾ ਵੀ ਹੁੰਦਾ ਤਾਂ ਲੋਕਾਂ ਦਾ ਤਮਾਸ਼ਾ, ਝੱਟ ਫੜਵਾ ਦਿੰਦਾ। ਕਈ ਵਾਰ ਇਹਨੇ ਆਪ ਹੀ ਪੁਲਸ ਦੇ ਚਲਿਆ ਜਾਣਾ। ਪੁਲਸ ਵਾਲਿਆਂ ਕਹਿਣਾ: ਚਲੋ ਚੰਗਾ ਹੋਇਆ, ਤੁਸੀਂ ਆਪ ਹੀ ਆ ਗਏ, ਅਸੀਂ ਤੁਹਾਨੂੰ ਕਿੱਥੇ ਕਿੱਥੇ ਲੱਭਦੇ ਫਿਰਨਾ ਸੀ। ਠਾਣਿਆਂ-ਜੇਲ੍ਹਾਂ ਨਾਲ ਇਕ ਤਰ੍ਹਾਂ ਨਾਲ ਇਹਨੇ ਰਿਸ਼ਤਾ ਹੀ ਬਣਾ ਲਿਆ ਸੀ। ਬਕੌਲ ਅਮੀਨ ਮੁਗ਼ਲ ਸੁਣੋ:

ਹਬੀਬ ਜਾਲਿਬ ਦੇ ਵੱਡੇ ਹੋਣ ਦਾ ਉਨ੍ਹਾਂ ਦੇ ਦੋਸਤਾਂ ਦਾ ਨੁਕਸਾਨ ਏ। ਲਹੌਰ 'ਚ ਕਰਫਿਊ ਦੇ ਦਿਨ ਸਨ। ਸਾਡੇ ਨਿੱਕੇ ਗੁੱਗੂ ਨੂੰ ਕੁੱਤੇ ਨੇ ਵੱਢਿਆ। ਜਾਲਿਬ ਉਸੇ ਵੇਲ਼ੇ ਮੇਰੇ ਘਰ ਆ ਗਏ। ਸਾਡਾ ਦੋਹਵਾਂ ਦਾ ਕੁੱਤਾ-ਗਿਆਨ ਘੱਟ ਸੀ। ਨਾਲ ਦੇ ਘਰ ਮਲਿਕ ਅਸਲਮ ਹਯਾਤ ਕੋਲ਼ ਗਏ। ਉਨ੍ਹਾਂ ਆਪਣੀ ਮਾਹਿਰਾਂ ਵਾਲੀ ਵਾਕਫੀਅਤ ਦੇ ਜ਼ੋਰ ਏਨਾ ਡਰਾਇਆ ਕਿ ਅਸੀਂ ਤਿੰਨੋਂ ਮੇਓ ਹਸਪਤਾਲ ਵੱਲ ਤੁਰ ਪਏ। ਜਦੋਂ ਅਸੀਂ ਫੌਜੀਆਂ ਵਿਚ ਦੀ ਲੰਘਣ ਲੱਗੇ, ਤਾਂ ਛੱਤਾਂ 'ਤੇ ਖੜ੍ਹੇ ਲੋਕਾਂ ਨੇ ਜਾਲਿਬ ਨੂੰ ਵੇਖ ਕੇ ਤਾੜੀਆਂ ਮਾਰੀਆਂ। ਮੈਂ ਬੜਾ ਖੁਸ਼ ਹੋਇਆ। ਜਦ ਅਸੀਂ ਹਸਪਤਾਲੋਂ ਬਾਹਰ ਨਿਕਲੇ, ਤਾਂ ਉਨ੍ਹਾਂ ਧਰ ਲਿਆ ਸਾਨੂੰ। ਪੁਲਿਸ ਤੇ ਫੌਜ ਨੇ ਬਾਕੀ ਸਾਰਿਆਂ ਨੂੰ ਛੱਡ ਦਿੱਤਾ, ਪਰ ਸਾਨੂੰ ਬਿਠਾ ਲਿਆ। ਬੜੀ ਦੇਰ ਪਾ ਕੇ ਸਾਨੂੰ ਜ਼ਾਤੀ ਮੁਚੱਲਕੇ 'ਤੇ ਛੱਡਿਆ। ਅਸੀਂ ਸਮਝਿਆ ਮਾਮਲਾ ਖਤਮ ਹੋ ਗਿਆ। ਭੁੱਟੋ ਸਾਹਿਬ ਦੀ ਹਕੂਮਤ ਦੇ ਸ਼ੁਰੂ 'ਚ ਅਚਾਨਕ ਸੰਮਣ ਆ ਗਏ। ਭਲਾ ਹੋਵੇ ਸੱਯਦ ਆਬਿਦ ਅਲੀ ਆਬਿਦ ਦੇ ਸਾਹਿਬਜ਼ਾਦੇ ਦਾ ਕਿ ਉਹ ਮੈਜਿਸਟ੍ਰੇਟ ਸਨ। ਉਨ੍ਹਾਂ ਜਾਲਿਬ ਕਰਕੇ ਮੁਕੱਦਮਾ ਖਾਰਿਜ ਕਰ ਦਿੱਤਾ। ਮਤਲਬ ਕਿ ਜਾਲਿਬ ਕਰਕੇ ਦਾਦ ਮਿਲੀ, ਫੜੇ ਵੀ ਗਏ ਤੇ ਛੁੱਟੇ ਵੀ ਉਨ੍ਹਾਂ ਕਰਕੇ। ਇਹੀ ਵਜ੍ਹਾ ਏ ਪਈ ਰਾਤ ਦੇ ਬਾਰਾਂ ਵਜੇ ਤੋਂ ਬਾਅਦ ਉਹਦੇ ਦੋਸਤ ਉਹਦੇ ਨਾਲ ਸਫਰ ਕਰਨੋਂ ਘਬਰਾਉਂਦੇ ਹਨ।

ਭੁੱਟੋ ਨਾਲ ਜਾਲਿਬ ਦੀ ਦੋਸਤੀ ਸੀ। ਡਾਢੀ ਗੂੜ੍ਹੀ। ਪਰ ਸਿਆਸਤ 'ਚ ਕੋਈ ਸਾਂਝ ਨਹੀਂ ਸੀ। ਉਹ ਇਹਨੂੰ ਟੈਲੀਫੋਨ ਵੀ ਕਰਦਾ ਰਹਿੰਦਾ ਸੀ। ਭੁੱਟੋ ਇਹਨੂੰ ਆਪਣੀ ਪਾਰਟੀ ਦੀ ਟਿਕਟ ਵੀ ਦੇਊ ਸੀ। ਉਹਦੀ ਖਾਹਸ਼ ਸੀ ਕਿ ਜਾਲਿਬ ਭੁੱਟੋ ਦੀ ਪਾਰਟੀ 'ਚ ਰਲ਼ ਜਾਵੇ। ਨੈਸ਼ਨਲ ਅਵਾਮੀ ਪਾਰਟੀ 'ਚੋਂ ਇੱਕਾ ਦੁੱਕਾ ਭੁੱਟੋ ਵੱਲ ਚਲੇ ਵੀ ਗਏ ਸੀ। ਇਹਦਾ ਉਹਨੂੰ ਸੁਧਾ ਫਾਇਦਾ ਹੀ ਫਾਇਦਾ ਹੋਣਾ ਸੀ। ਹਰ ਕੋਈ ਜਾਲਿਬ ਨੂੰ ਆਪਣੇ ਨਾਲ ਰਲ਼ਾਉਣਾ ਚਾਹੁੰਦਾ ਸੀ। ਇਕ ਵਾਰ ਭੁੱਟੋ ਕਹਿੰਦਾ: ਜਾਲਿਬ ਸਾਹਿਬ, ਮਹਿਮੂਦ ਅਲੀ ਕਸੂਰੀ ਤਾਂ ਸਾਡੇ ਨਾਲ ਆ ਗਏ ਨੇ, ਆਪ ਸਾਡੇ ਨਾਲ ਕਦ ਆ ਰਹੇ ਹੋ। ਜਾਲਿਬ ਭੁੱਟੋ ਨੂੰ ਮੋੜ ਕੇ ਕਹਿੰਦਾ: ਭੁੱਟੋ ਸਾਹਿਬ ਕਦੀ ਸਮੁੰਦਰ ਵੀ ਨਦੀ ਨਾਲਿਆਂ 'ਚ ਡਿਗਦਾ ਦੇਖਿਆ ਹੈ, ਹਮੇਸ਼ਾ ਨਦੀ ਨਾਲ਼ੇ ਹੀ ਸਮੁੰਦਰ 'ਚ ਡਿਗਦੇ ਹਨ। ਜਦੋਂ ਭੁੱਟੋ ਤਾਕਤ ਵਿਚ ਆਇਆ ਤਾਂ ਉਹਨੇ ਨਾਹਰਾ ਦਿੱਤਾ: ਰੋਟੀ ਕੱਪੜਾ ਔਰ ਮਕਾਨ। ਜਾਲਿਬ ਨੇ ਆਪਣਾ ਓਦੂੰ ਵੀ ਵੱਡਾ ਨਾਹਰਾ ਦੇ ਦਿੱਤਾ। ਭੁੱਟੋ ਕੋਲ਼ ਏਸ ਨਾਹਰੇ ਦਾ ਕੀ ਜਵਾਬ ਹੋ ਸਕਦਾ ਸੀ:

ਪਾਕਿਸਤਾਨ ਕਾ ਮਤਲਬ ਕਿਆ , ਲਾ ਇੱਲ੍ਹਾ, ਇਲ ਅਲ੍ਹਾ

ਰੋਟੀ ਕੱਪੜਾ ਔਰ ਦਵਾ, ਘਰ ਰਹਿਨੇ ਕੋ ਛੋਟਾ ਸਾ

ਮੁਫਤ ਮੁਝੇ ਤਾਅਲੀਮ ਦਿਲਾ, ਮੈਂ ਭੀ ਮੁਸਲਮਾਂ ਹੂੰ ਵੱਲਾ...

ਅਮਰੀਕਾ ਸੇ ਮਾਂਗ ਨਾ ਭੀਖ, ਮਤ ਕਰ ਲੋਗੋਂ ਕੀ ਤਜ਼ਹੀਕ
ਰੋਕ ਨਾ ਜਮਹੂਰੀ ਤਹਿਰੀਕ, ਛੋੜ ਨਾ ਆਜ਼ਾਦੀ ਕਾ ਰਾਹ...

ਖੇਤ ਵਡ਼ੇਰੋਂ ਸੇ ਲੇ ਲੇ, ਮਿੱਲੇਂ ਲੁਟੇਰੋਂ ਸੇ ਲੇ ਲੇ
ਮੁਲਕ ਅੰਧੇਰੋਂ ਸੇ ਲੇ ਲੇ, ਰਹੇ ਨਾ ਕੋਈ ਆਲੀਜਾਹ ...

ਭੁੱਟੋ, ਜਾਲਿਬ ਨੂੰ ਸੱਦਕੇ ਇਹਦੇ ਤੋਂ ਨਜ਼ਮਾਂ ਸੁਣਿਆ ਕਰਦਾ ਸੀ। ਕਈ ਵਾਰ ਜਾਲਿਬ ਨੇ ਨਜ਼ਮ ਸੁਣਾਉਣੀ, ਤਾਂ ਭੁੱਟੋ ਦੇ ਹਮਾਇਤੀ ਜਗੀਰਦਾਰ ਤੇ ਵਡੇਰੇ ਵੀ ਓਥੇ ਹੋਣੇ। ਭੁੱਟੋ ਨੇ ਇਸ਼ਾਰੇ ਨਾਲ ਕਹਿਣਾ, ਹੁਣ ਬੱਸ ਕਰ। ਜਾਲਿਬ ਨੇ ਮੋੜ ਕੇ ਕਹਿਣਾ: ਇਹਨਾਂ ਤਾਈਂ ਗਰਜਾਂ ਤੈਨੂੰ ਹੋਣਗੀਆਂ। ਪਰ ਮੈਂ ਤਾਂ ਆਪਣੇ ਲੋਕਾਂ ਦੀ ਗੱਲ ਹੀ ਕਰਨੀ ਹੈ। ਜਦੋਂ ਭੁੱਟੋ ਦਾ ਰਾਜ ਆਇਆ, ਤਾਂ ਜਾਲਿਬ ਦੇ ਕਈਆਂ ਸੰਗੀਆਂ-ਸਾਥੀਆਂ ਫਾਇਦੇ ਲਏ। ਨੌਕਰੀਆਂ, ਕੋਠੀਆਂ, ਜ਼ਮੀਨਾਂ, ਜਾਇਦਾਦਾਂ, ਅਹੁਦੇ, ਚੌਧਰਾਂ ਵਗੈਰਾ ਵਗੈਰਾ। ਕਈ ਉਹਦੇ ਨਾਲ ਜਾ ਰਲ਼ੇ। ਜਾਲਿਬ ਅਸੂਲਾਂ ਤੋਂ ਨਹੀਂ ਹਿੱਲਿਆ। ਅਟੱਲ ਖੜੋਤਾ ਰਿਹਾ। ਹਮੇਸ਼ਾ ਵਾਂਗ। ਸਗੋਂ ਭੁੱਟੋ ਦੀਆਂ ਵਧੀਕੀਆਂ ਦੇ ਖਿਲਾਫ ਹੋ ਗਿਆ ਸੀ। ਭੁੱਟੋ ਨੇ ਚੱਕ ਕੇ ਜੇਲ੍ਹ 'ਚ ਸੁੱਟ ਦਿੱਤਾ। ਭੁੱਟੋ ਵੇਲੇ ਇਕ ਵਾਰ ਫਿਰ ਬਾਬਰਾ ਸ਼ਰੀਫ ਨੂੰ ਨੱਚਣ ਲਈ ਸੱਦਿਆ ਗਿਆ। ਕਿਸੇ ਰਾਜੇ ਰਜਵਾੜੇ ਦੀ ਆਓ ਭਗਤ ਲਈ। ਲੋਕਾਂ ਕਿਹਾ ਕੋਈ ਜਾਲਿਬ ਹੁੰਦਾ ਤਾਂ ਬੋਲਦਾ। ਜਾਲਿਬ ਨੂੰ ਪਤਾ ਲੱਗਾ ਤਾਂ ਇਹਨੇ ਨਜ਼ਮ ਲਿਖੀ:

ਲਾੜਕਾਨੇ ਚਲੋ ਵਰਨਾ ਥਾਨੇ ਚਲੋ,
ਜਿਸਮ ਕੀ ਲੋ ਸੇ ਸ਼ਮ੍ਹਾ ਜਲਾਨੇ ਚਲੋ
ਮੁਸਕਰਾਨੇ ਚਲੋ ਵਰਨਾ ਥਾਨੇ ਚਲੋ,
ਹੋਂਟੋਂ ਕੀ ਸੁਰਖੀ ਲੁਟਾਨੇ ਚਲੋ ...

ਭੁੱਟੋ ਦੇ ਲੱਠਮਾਰਾਂ ਇਕ ਵਾਰ ਜਾਲਿਬ ਦੀ ਕੁੱਟਮਾਰ ਵੀ ਕਰ ਦਿੱਤੀ ਸੀ। ਜਦੋਂ ਜ਼ਿਆ ਉਲ ਹੱਕ ਨੇ ਭੁੱਟੋ ਨੂੰ ਫਾਹੇ ਲਾਇਆ, ਤਾਂ ਕਈਆਂ ਨੇ ਜਾਲਿਬ ਨੂੰ ਕਿਹਾ: ਭੁੱਟੋ ਦੇ ਖਿਲਾਫ ਨਜ਼ਮ ਪੜ੍ਹੋ। ਜਾਲਿਬ ਨੇ ਸਾਫ ਨਾਂਹ ਕਰ ਦਿੱਤੀ। ਇਹ ਕਹਿੰਦਾ: ਦੇਖੋ ਮਰੇ ਬੰਦੇ ਨਾਲ ਮੇਰਾ ਕੀ ਵਿਰੋਧ ਹੋ ਸਕਦਾ ਹੈ। ਵੈਰ ਵਿਰੋਧ ਤਾਂ ਸਿਸਟਮ ਨਾਲ ਹੈ। ਇਹ ਵੀ ਜਾਲਿਬ ਦਾ ਵਡੱਪਣ ਸੀ।

ਜਾਲਿਬ ਨੂੰ ਆਪਣੇ ਨਾਲ ਕਰਨ ਦੀ ਰੀਝ ਸਿਰਫ ਵੱਡੀਆਂ ਪਾਰਟੀਆਂ ਦੀ ਹੀ ਨਹੀਂ ਸੀ। ਇਹਦੇ 'ਆਵਦੇ' ਵੀ ਏਦਾਂ ਹੀ ਕਰਦੇ ਹੁੰਦੇ ਸੀ। ਇਹਨੇ ਸਤੇ ਹੋਏ ਨੇ ਆਪਣੀ ਹੀ ਪਾਰਟੀ ਬਣਾ ਲਈ। ਪ੍ਰੋਫੈਸਰ ਅਮੀਨ ਮੁਗ਼ਲ ਨੇ ਪੁੱਛਿਆ: ਇਹ ਕੀ ਕਰ ਲਿਆ? ਹਬੀਬ ਮੋਹਰਿਓਂ ਕਹਿਣ ਲੱਗਾ: ਹੁਣ ਮੈਨੂੰ ਇਹ ਤਾਂ ਕੋਈ ਨਾ ਕਹੂ ਕਿ ਤੂੰ ਸਾਡੀ ਪਾਰਟੀ 'ਚ ਆ ਜਾਹ। ਪਾਰਟੀ ਪੂਰਟੀ ਕਾਹਦੀ ਸੀ ਇਹ; ਤਿੰਨ ਚਾਰ ਤਾਂ ਸਾਰੇ ਬੰਦੇ ਸੀ। ਜਾਲਿਬ ਪ੍ਰਧਾਨ ਸੀ ਤੇ ਬਾਕੀ ਦੇ ਤਿੰਨੇ ਚਾਰੇ ਹੀ ਜਨਰਲ ਸੈਕਟਰੀ। ਪਾਰਟੀ ਦਾ ਤਨਜ਼ੀਆ ਨਾਹਰਾ ਬਣਾਇਆ ਹੁੰਦਾ ਸੀ:

ਨਾ ਦਫਤਰ ਨਾ ਬੰਦਾ, ਨਾ ਪਾਰਟੀ ਨਾ ਚੰਦਾ

ਜ਼ਿਆ ਉਲ ਹੱਕ ਦਾ ਵੇਲ਼ਾ ਆਇਆ ਤਾਂ, ਜਾਲਿਬ ਨੇ ਫੌਜੀ ਡਿਕਟੇਟਰ ਦੇ ਖਿਲਾਫ ਲਿਖਣਾ ਹੀ ਲਿਖਣਾ ਸੀ। ਬਹੁਤੇ ਲੋਕ ਤਾਂ ਡਰਦੇ ਹੀ ਜ਼ਿਆ ਨਾਲ ਰਲ਼ ਗਏ ਸੀ। ਕੁਝ ਲਾਲਚ ਹਿਤ ਤੇ ਕੁਝ ਓਂ ਹੀ ਜਿੱਧਰੋਂ ਵੀ ਹੋਵੇ, ਖੱਟੀ ਕਰਨੀ ਚਾਹੁੰਦੇ ਸੀ। ਜ਼ਿਆ ਨੇ ਡਰ ਵੀ ਦਿੱਤਾ ਕਿ ਮੁਲਕ ਦੇ ਖਿਲਾਫ ਬੋਲਣ ਵਾਲਿਆਂ ਨੂੰ ਮੁਆਫ ਨਹੀਂ ਕੀਤਾ ਜਾਵੇਗਾ। ਜਦੋਂ ਜ਼ਿਆ ਨੇ ਅਦੀਬਾਂ ਨੂੰ ਆਪਣੇ ਨਾਲ ਜੋੜਨ ਦਾ ਹੀਲਾ ਕੀਤਾ ਤਾਂ ਜਾਲਿਬ ਨੇ ਅਦੀਬਾਂ ਨੂੰ ਆਰ ਲਾਈ। ਜ਼ਿਆ ਦਾ ਮਤਲਬ ਰੌਸ਼ਨੀ ਹੁੰਦਾ ਹੈ। ਉਨ੍ਹਾਂ ਨੂੰ ਵੰਗਾਰਿਆ:

ਜ਼ੁਲਮਤ ਕੋ ਜ਼ਿਆ, ਸਰਸਰ ਕੋ ਸਬਾਅ

ਬੰਦੇ ਕੋ ਖੁਦਾ ਕਿਆ ਲਿਖਨਾ.. ਕਿਆ ਲਿਖਨਾ

ਪੱਥਰ ਕੋ ਗੌਹਰ, ਦੀਵਾਰ ਕੋ ਦਰ
ਕਰਗਸ਼ ਕੋ ਹੁਮਾ ਕਿਆ ਲਿਖਨਾ

ਹਰ ਸ਼ਾਮ ਯਹਾ ਸ਼ਾਮ-ਏ ਵੀਰਾਂ, ਆਸੇਬ ਜ਼ਦਾ ਰਸਤੇ ਗਲੀਆਂ
ਜਿਸ ਸ਼ਹਿਰ ਕੀ ਧਨ ਮੇਂ ਨਿਕਲੇ ਥੇ, ਵੋਹ ਸ਼ਹਿਰ ਦਿਲ ਏ ਬਰਬਾਦ ਕਹਾਂ
ਸਹਿਰਾਅ ਕੋ ਚਮਨ,ਬਨ ਕੋ ਗੁਲਸ਼ਨ, ਬਾਦਲ ਕੋ ਰਿਦਾ ਕਿਆ ਲਿਖਨਾ..

ਜਦੋਂ ਬੇਨਜ਼ੀਰ ਜ਼ਿਆ ਉਲ ਹੱਕ ਦੇ ਵਿਰੋਧ 'ਚ ਉੱਠੀ, ਤਾਂ ਜਾਲਿਬ ਨੂੰ ਰਤਾ ਕੁ ਆਸ ਦੀ ਕਿਰਨ ਦਿਸੀ। ਜਮਹੂਰੀਅਤ ਦੀ ਬਹਾਲੀ ਦੀ। ਫੌਜੀ ਡਿਕਟੇਟਰ ਨੂੰ ਪਰੇ ਕਰਨ ਦੀ। ਇਹਨੂੰ ਪੂਰੀ ਤਰ੍ਹਾਂ ਪਤਾ ਸੀ ਬੇਨਜ਼ੀਰ ਭੁੱਟੋ ਨੇ ਗੱਦੀ 'ਤੇ ਬਹਿ ਕੇ ਕੀ ਕਰਨਾ ਸੀ। ਇਹ ਬੇਨਜ਼ੀਰ ਦੇ ਬਾਪ ਨੂੰ ਵੀ ਬਹੁਤ ਨੇੜਿਓਂ ਜਾਣਦਾ ਸੀ। ਪਰ ਇਹ ਪਹਿਲਾਂ ਫੌਜੀ ਡਿਕਟੇਟਰ ਨੂੰ ਤਖਤ ਤੋਂ ਲਾਹੁਣਾ ਚਾਹੁੰਦਾ ਸੀ। ਇਹਨੇ ਬੇਨਜ਼ੀਰ ਭੁੱਟੋ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਿਆ:

ਡਰਤੇ ਹੈਂ ਬੰਦੂਕੋਂ ਵਾਲੇ, ਏਕ ਨਿਹੱਥੀ ਲੜਕੀ ਸੇ
ਈਮਾਨੋਂ ਕੋ ਪੜੇ ਹੈਂ ਲਾਲੇ, ਏਕ ਨਿਹੱਥੀ ਲੜਕੀ ਸੇ
ਕਾਂਪ ਰਹੇ ਹੈਂ ਜਨਰਲ ਜ਼ਾਲਿਮ, ਏਕ ਨਿਹੱਥੀ ਲੜਕੀ ਸੇ

ਇਹ ਨਜ਼ਮ ਏਨੀ ਮਸ਼ਹੂਰ ਹੋਈ ਕਿ ਬਾਅਦ 'ਚ ਵਕੀਲਾਂ ਦੀ ਤਹਿਰੀਕ ਦੇ ਲੀਡਰਾਂ ਨੇ ਇਹਦਾ ਬਣਾ ਲਿਆ - ਡਰਤੇ ਹੈਂ ਬੰਦੂਕੋਂ ਵਾਲੇ, ਕਾਲੇ ਕਾਲੇ ਕੋਟੋਂ ਸੇ। ਵਕੀਲ ਖੁਲ੍ਹ ਕੇ ਜਾਲਿਬ ਦੀਆਂ ਨਜ਼ਮਾਂ ਦੀ ਵਰਤੋਂ ਕਰਦੇ। ਜਦੋਂ ਬੇਨਜ਼ੀਰ ਜਿੱਤ ਕੇ ਪ੍ਰਾਈਮ ਮਨਿਸਟਰ ਬਣ ਗਈ ਤਾਂ ਉਹਦੇ ਚਾਲੇ ਦੇਖ ਕੇ ਜਾਲਿਬ ਕਹਿਣ ਲੱਗ ਪਿਆ:

ਹਾਲ ਅਬ ਤਕ ਵਹੀ ਹੈਂ ਗ਼ਰੀਬੋਂ ਕੇ, ਦਿਨ ਫਿਰੇ ਹੈਂ ਫਕਤ ਵਜ਼ੀਰੋਂ ਕੇ
ਹਰ ਬਿਲਾਵਲ ਹੈ ਦੇਸ ਕਾ ਮਕਰੂਜ਼,ਪਾਓਂ ਨੰਗੇ ਹੈਂ ਬੇਨਜ਼ੀਰੋਂ ਕੇ

ਇਹ ਸ਼ਿਅਰ ਸੁਣ ਕੇ ਬੇਨਜ਼ੀਰ ਦੇ ਲੱਠਮਾਰਾਂ ਨੇ ਜਾਲਿਬ ਨੂੰ ਕਿਸੇ ਮੁਸ਼ਾਇਰੇ 'ਚੋਂ ਚੁੱਕ ਬਾਹਰ ਸੁੱਟਣ ਦੀ ਗੱਲ ਕਰ ਦਿੱਤੀ ਤਾਂ ਵਕੀਲਾਂ ਦੇ ਪੁਰਾਣੇ ਲੀਡਰ ਤੇ ਜਾਲਿਬ ਦੇ ਫੈਨ ਏਤਜਾਜ ਅਹਿਸਨ ਨੇ ਉਨ੍ਹਾਂ ਨੂੰ ਝਿੜਕਿਆ ਕਿ ਇਹ ਮੇਰੀ ਹਾਜ਼ਰੀ 'ਚ ਨਹੀਂ ਹੋਣਾ। ਅਗਲਿਆਂ ਬੇਨਜ਼ੀਰ ਦੇ ਕੰਨ ਜਾ ਭਰੇ। ਬੇਨਜ਼ੀਰ ਨੇ ਕੁਝ ਤਿੜ-ਫਿੜ ਵੀ ਕੀਤੀ। ਉਹਦੇ ਸਲਾਹੂੰਆਂ ਨੇ ਸਮਝਾਇਆ। ਨਾ ਬੀਬੀ, ਗਰਮੀ ਨਾ ਖਾਹ। ਇਹ ਜਾਲਿਬ ਹੈ। ਇਹ ਐਸਾ ਹੀ ਹੈ। ਤੇਰੇ ਬਾਪ ਨਾਲ ਵੀ ਇਹਦਾ ਨੇੜ ਸੀ। ਉਹਦੇ ਹੱਕ 'ਚ ਵੀ ਸੀ ਤੇ ਖਿਲਾਫ ਵੀ ਲਿਖਿਆ। ਦੇਖ ਆਪਾਂ ਇਹੀ ਅਲਫਾਜ਼ ਆਪਣੇ ਹੱਕ 'ਚ ਵਰਤ ਲਵਾਂਗੇ। ਇਹ ਸ਼ਿਅਰ ਲਿਖ ਕੇ ਜਾਲਿਬ ਨੇ ਤੈਨੂੰ ਦੁਬਾਰਾ ਜਿੱਤਣ ਦਾ ਸਬੱਬ ਬਣਾ ਦਿੱਤਾ ਹੈ। ਜਾਲਿਬ ਨੇ ਆਪ ਕੋ ਹਰ ਗ਼ਰੀਬ ਕੀ ਬੇਟੀ ਬਨਾ ਦੀਆ ਹੈ। ਉਹੀ ਗੱਲ ਹੋਈ। ਅਗਲਿਆਂ ਜਾਲਿਬ ਦਾ ਸ਼ਿਅਰ ਹੇਠਾਂ ਲਿਖ ਲਿਆ ਤੇ ਉਪਰ ਬੇਨਜ਼ੀਰ ਦੀਆਂ ਗ਼ਰੀਬਾਂ ਦੀਆਂ ਝੁੱਗੀਆਂ 'ਚ ਵੜਦੀ ਦੀਆਂ ਫੋਟੋਆਂ ਲਾ ਲਈਆਂ। ਚੋਣਾਂ 'ਚ ਵਰਤ ਲਈਆਂ। ਲੋਕ ਭਰਮਾ ਲਏ।

ਬੇਨਜ਼ੀਰ ਭੁੱਟੋ ਫਿਰ ਜਿੱਤ ਗਈ। ਦੂਜੀ ਵਾਰ ਪ੍ਰਧਾਨ ਮੰਤਰੀ ਬਣ ਗਈ। ਜਦੋਂ ਇਹਦੇ ਵਜ਼ੀਰਾਂ ਨੇ ਵੀ ਉਹੀ ਕਰਤੂਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਤਾਂ ਜਾਲਿਬ ਫੇਰ ਬੋਲਿਆ। ਬੇਨਜ਼ੀਰ ਦੇ ਖਿਲਾਫ। ਜਦੋਂ ਬੇਨਜ਼ੀਰ ਅਮਰੀਕਾ ਦੇ ਹੋਰ ਲਾਗੇ ਹੋਣ ਲੱਗ ਪਈ ਤਾਂ ਜਾਲਿਬ ਨੇ ਪੰਜਾਬੀ ਨਜ਼ਮ ਪੜ੍ਹਨੀ। ਇਹੀ ਨਜ਼ਮ ਜ਼ੁਲਫਕਾਰ ਅਲੀ ਭੁੱਟੋ ਆਪ ਵੀ ਜਾਲਿਬ ਤੋਂ ਸੁਣਿਆ ਕਰਦਾ ਸੀ। ਪਰ ਬੇਨਜ਼ੀਰ ਵੇਲ਼ੇ ਇਹ ਹੋਰ ਵੀ ਚੜ੍ਹ ਗਈ। ਨਜ਼ਮ ਬੋਲਦੇ ਬੋਲਦੇ ਜਾਲਿਬ ਨੇ ਨਾਲ ਨਾਲ ਹੀ ਹੱਥ ਵੀ ਜੋੜੀ ਜਾਣੇ। ਨਾਲੇ, ਨਾ ਜਾਹ ਅਮਰੀਕਾ, ਨਾ ਜਾਹ ਅਮਰੀਕਾ ਮੁੜ ਮੁੜ ਬੋਲੀ ਜਾਣਾ। ਲੋਕਾਂ ਖੁਸ਼ ਹੋਈ ਜਾਣਾ:

ਨਾ ਜਾਹ ਅਮਰੀਕਾ ਨਾਲ ਕੁੜੇ, ਇਹ ਗੱਲ ਨਾ ਦੇਵੀਂ ਟਾਲ ਕੁੜੇ।
ਇਹ ਰੂਸ ਦੇ ਨਾਲ ਲੜਾਉਂਦਾ ਏ, ਐਵੇਂ ਲੋਕਾਂ ਨੂੰ ਮਰਵਾਉਂਦਾ ਏ।
ਸਾਨੂੰ ਤੇਰਾ ਬਹੁਤ ਖਿਆਲ ਕੁੜੇ।

ਜਾਲਿਬ ਸਾਰੀ ਉਮਰ ਭਾਰਤ-ਪਾਕਿਸਤਾਨ ਦੇ ਨਾਮਵਰ ਲੋਕਪੱਖੀ ਲੇਖਕਾਂ ਦਾ ਨਾਂ ਲੈ ਲੈ ਕੇ ਉਨ੍ਹਾਂ ਨੂੰ ਕੋਸਦਾ ਰਿਹਾ, ਜਿਹੜੇ ਡਰ,ਲਾਲਚ, ਆਰਾਮ ਜਾਂ ਪੈਸੇ ਲਈ ਨਿਵ ਗਏ। ਚੁੱਪ ਵੱਟ ਗਏ ਜਾਂ ਵਿਕ ਗਏ:

ਮੈਂ ਨੇ ਇਤਨੀ ਦੂਰ ਸੇ, ਖ਼ੂਨ ਬਹਿਨੇ ਕਾ ਸ਼ੋਰ ਸੁਨਾ ਹੈ
ਪਾਸ ਰਹਿਨੇ ਵਾਲੇ ਤਕ ਕੋਈ ਆਵਾਜ਼ ਨਾ ਆਈ

ਤੇ ਖੁਦ ਬਾਰੇ ਨਿਖੇੜਾ ਕਰਦਿਆਂ ਲਿਖਦਾ ਹੈ। ਇਹਦੇ 'ਚ ਰਤੀ ਭੋਰਾ ਵੀ ਸ਼ੇਖੀ ਨਹੀਂ ਲੱਗਦੀ:

ਔਰ ਸਭ ਭੂਲ ਗਏ ਹਰਫ ਏ ਸਦਾਕਤ ਲਿਖਨਾ
ਰਹਿ ਗਿਆ ਕਾਮ ਹਮਾਰਾ ਹੀ ਬਗ਼ਾਵਤ ਲਿਖਨਾ
ਲਾਖ ਕਹਿਤੇ ਰਹੇ ਜ਼ੁਲਮਤ ਕੋ, ਨਾ ਜ਼ੁਲਮਤ ਲਿਖਨਾ
ਹਮ ਨੇ ਸੀਖਾ ਨਹੀਂ ਪਿਆਰੇ, ਬਾ ਇਜਾਜ਼ਤ ਲਿਖਨਾ
ਨਾ ਸਿਲੇ ਕੀ ਨਾ ਸਤਾ ਇਸ਼ਕ ਕੀ ਤਮੰਨਾ ਹਮ ਕੋ
ਹੱਕ ਮੇਂ ਲੋਗੋਂ ਕੇ ਹਮਾਰੀ ਤੋ ਹੈ ਆਦਤ ਲਿਖਨਾ

ਹੈਰਾਨੀ ਦੀ ਗੱਲ ਹੈ ਕਿ ਜਾਲਿਬ ਠੇਠ ਪੰਜਾਬੀ ਬੋਲਦਾ ਸੀ। ਪਰ ਸ਼ਾਇਰੀ ਉਰਦੂ 'ਚ ਕਰਦਾ ਸੀ। ਲੋਕਾਂ ਉਸਤਾਦ ਚਿਰਾਗ਼ਦੀਨ ਦਾਮਨ ਨੂੰ ਮਿਹਣਾ ਦੇਣਾ: ਤੁਹਾਡਾ ਜਾਲਿਬ ਉਰਦੂ 'ਚ ਲਿਖਦਾ ਹੈ। ਦਾਮਨ ਨੇ ਮੋੜ ਕੇ ਕਹਿਣਾ: ਓਏ ਨਹੀਂ ਭੋਲਿਓ; ਜਾਲਿਬ ਮੇਰਾ ਉਰਦੂ ਐਡੀਸ਼ਨ ਹੈ। ਕੁਝ ਨਜ਼ਮਾਂ ਇਹਨੇ ਪੰਜਾਬੀ 'ਚ ਵੀ ਲਿਖੀਆਂ। ਪਰ ਸ਼ਾਇਰ ਇਹ ਆਪਣੇ ਆਪ ਨੂੰ ਉਰਦੂ ਦਾ ਹੀ ਮੰਨਦਾ ਰਿਹਾ। ਮਾਂ ਬੋਲੀ 'ਚ ਜਾਲਿਬ ਦੀਆਂ ਗ਼ਜ਼ਲਾਂ/ਕਵਿਤਾਵਾਂ/ਟੋਟਕਿਆਂ ਦੀ ਵੀ ਗਿਣਤੀ ਪਾ ਲਾ ਕੇ ਮਸੀਂ ਸੋਲ਼ਾਂ ਸਤਾਰਾਂ ਹੀ ਬਣਦੀ ਹੈ। ਪੰਜਾਬੀ ਨਜ਼ਮਾਂ ਦਾ ਪਿਛੋਕੜ ਜਾਲਿਬ ਇਉਂ ਦੱਸਦਾ ਸੀ। ਭਾਰਤੀ ਪੰਜਾਬ ਤੋਂ ਕਵੀ ਲਾਹੌਰ ਆਏ ਹੋਏ ਸੀ। ਮੈਨੂੰ ਕਿਹਾ ਗਿਆ ਕਿ ਕੋਈ ਪੰਜਾਬੀ ਦੀ ਨਜ਼ਮ ਹੀ ਪੜ੍ਹਨੀ ਚਾਹੀਦੀ ਹੈ। ਮੈਂ ਇਕ ਨਜ਼ਮ ਲਿਖੀ। ਉਸ ਮੁਸ਼ਾਇਰੇ 'ਚ ਮੈਂ ਪੰਜਾਬੀ ਦੀ ਨਜ਼ਮ ਕੀ ਪੜ੍ਹੀ, ਮੈਂ ਪੰਜਾਬੀ ਦਾ ਵੀ ਸ਼ਾਇਰ ਹੋ ਗਿਆ। ਇਹ ਕਹਿੰਦਿਆਂ ਜਾਲਿਬ ਦੇ ਮਨ 'ਚ ਨਮੋਸ਼ੀ ਤਾਂ ਜ਼ਰੂਰ ਹੁੰਦੀ ਹੋਊ। ਪੰਜਾਬੀ 'ਚ ਲਿਖੀ ਜਾਲਿਬ ਦੀ 'ਧੀ ਕੰਮੀ ਦੀ' ਨਜ਼ਮ ਦਿਲ-ਦਿਮਾਗ਼ ਦੀ ਸਾਂਝੀ ਕਿਰਤ ਹੈ। ਐਸੀਆਂ ਕਵਿਤਾਵਾਂ ਘੱਟ ਮਿਲਦੀਆਂ ਹਨ। ਪਰ ਹੁਣ ਇਹ ਉਰਦੂ ਦਾ ਹੀ ਵੱਡਾ ਸ਼ਾਇਰ ਹੈ। ਮਜ਼ੇ ਦੀ ਗੱਲ ਦੇਖੋ: ਪੰਜਾਬੀ 'ਚ ਲਿਖੀ ਇਹਦੀ ਨਜ਼ਮ ਏਦਾਂ ਸ਼ੁਰੂ ਹੁੰਦੀ ਹੈ:

ਪੁੱਤਰਾਂ ਤੇਰੀ ਚਾਦਰ ਲਾਹੀ
ਹੋਰ ਕਿਸੇ ਦਾ ਦੋਸ਼ ਨਾ ਕਾਈ

ਗ਼ੈਰਾਂ ਕ੍ਰੋਧ ਦੀ ਉਹ ਅੱਗ ਬਾਲ਼ੀ
ਸੀਨੇ ਹੋ ਗਏ ਪਿਆਰ ਤੋਂ ਖਾਲੀ
ਪੁੱਤਰਾਂ ਨੂੰ ਤੂੰ ਲੱਗੇਂ ਗਾਲ਼ੀ
ਤੈਨੂੰ ਬੋਲਣ ਤੋਂ ਸ਼ਰਮਾਵਣ
ਗ਼ੈਰਾਂ ਐਸੀ ਵਾ ਵਗਾਈ

ਪੰਜਾਬੀ 'ਚ ਲਿਖੀ ਇਹਦੀ ਮਸ਼ਹੂਰ ਗ਼ਜ਼ਲ 'ਚ ਵੰਡ ਦਾ ਦਰਦ ਜਾਂ ਪਿੰਡ ਦੀ ਯਾਦ ਕਿੰਨੀ ਕੁ ਹੈ? ਤੁਸੀਂ ਆਪੇ ਨਿਰਖ ਪਰਖ ਕਰ ਲਵੋ। ਪਰ ਇਹਦਾ ਮਤਲਾ ਮੂੰਹੋਂ ਬੋਲਦਾ ਹੈ। ਇਕ ਤਰ੍ਹਾਂ

ਦਾ ਸ਼ੀਸ਼ਾ ਹੈ। ਸੁਆਲਾਂ ਦਾ ਸੁਆਲ ਇਹ ਹੈ ਕਿ ਹੁਣ ਵੀ ਕੋਈ ਪਾਕਿਸਤਾਨੀ ਕਮਿਊਨਿਸਟ ਵੰਡ ਨੂੰ ਗ਼ਲਤ ਕਿਉਂ ਨਹੀਂ ਕਹਿੰਦਾ। ਦੱਬ ਘੁੱਟ ਕੇ ਕੋਈ ਕਹੇ, ਤਾਂ ਕਹਿ ਦਵੇ। ਖੁਲ੍ਹ ਕੇ ਤਾਂ ਕੋਈ ਵੀ ਨਹੀਂ ਕਹਿੰਦਾ। ਇਹਦੇ ਕਾਰਨ ਜੱਗ ਜ਼ਾਹਰ ਹੀ ਨੇ। ਜਿਹੜਾ ਮੁਲਕ ਬਣਿਆ ਹੀ ਧਰਮ ਦੀ ਬਿਨਾਅ 'ਤੇ ਹੋਵੇ, ਓਥੇ ਬੰਦੇ ਖੁਲ੍ਹਕੇ ਆਪਣੇ ਵਿਚਾਰ ਕਿਵੇਂ ਕਹਿਣ। ਅਸਹਿਮਤੀ ਕਿਵੇਂ ਜ਼ਾਹਿਰ ਕਰਨ। ਖਾਸ ਕਰਕੇ ਇਸਲਾਮ ਦੇ ਵਿਰੁੱਧ ਕੋਈ ਗੱਲ ਕਰ ਕੇ ਪੰਗਾ ਨਹੀਂ ਖੜ੍ਹਾ ਕਰਨਾ ਚਾਹੁੰਦੇ। ਇਹ ਤਾਂ ਮੁਲਕ 'ਚ ਖੁਲ੍ਹ ਕੇ ਪਾਰਟੀ ਵੀ ਨਹੀਂ ਸੀ ਬਣਾ ਸਕਦੇ। ਕਦੇ ਨੈਸ਼ਨਲ ਅਵਾਮੀ ਪਾਰਟੀ ਤੇ ਕਦੇ ਮਜ਼ਦੂਰ ਕਿਸਾਨ ਪਾਰਟੀ ਦੇ ਨਾਂ ਥੱਲੇ ਕੰਮ ਕਰਦੇ ਰਹੇ। ਨਾਂ ਭਾਵੇਂ ਕੋਈ ਰਿਹਾ, ਜਾਲਿਬ ਪੂਰਾ ਪੂਰਾ ਲੋਕਾਂ ਨੂੰ ਪ੍ਰਣਾਇਆ ਰਿਹਾ।

ਜਾਲਿਬ ਸਾਈਂ ਕਦੇ ਕਦਾਈਂ, ਚੰਗੀ ਗੱਲ ਕਹਿ ਜਾਂਦਾ ਏ
ਲੱਖ ਪੂਜੋ ਚੜ੍ਹਦੇ ਸੂਰਜ ਨੂੰ, ਆਖਿਰ ਨੂੰ ਲਹਿ ਜਾਂਦਾ ਏ
ਹਾਏ ਦੁਆਬੇ ਦੀ ਉਹ ਦੁਨੀਆ, ਜਿੱਥੇ ਮੁਹੱਬਤ ਵਸਦੀ ਸੀ
ਹੰਝੂ ਬਣ ਕੇ ਦੁੱਖ ਵਤਨਾਂ ਦਾ, ਅੱਖੀਆਂ 'ਚੋਂ ਵਹਿ ਜਾਂਦਾ ਏ

ਜਾਲਿਬ ਨੂੰ ਜਦੋਂ ਮੁੜ ਕੇ ਭਾਰਤ ਜਾਣ ਦਾ ਸਬੱਬ ਬਣਿਆ ਤਾਂ ਇਹ ਆਵਦੇ ਜੱਦੀ ਪਿੰਡ ਵੀ ਗਿਆ। ਪਿੰਡ ਦੀ ਜੂਹ 'ਚ ਘੁੰਮਿਆ ਫਿਰਿਆ। ਆਪਣੇ ਘਰ ਨੂੰ ਦੇਖਣ ਦੀ ਤਲਬ ਹੋਈ। ਜਦੋਂ 'ਆਵਦੇ' ਘਰ ਗਿਆ ਤਾਂ ਮਕਾਨ ਦੇ ਨਵੇਂ ਬਾਸ਼ਿੰਦਿਆਂ ਨੇ ਜਾਲਿਬ ਨੂੰ ਘਰੇ ਵੜਨ ਵੀ ਨਾ ਦਿੱਤਾ। ਇਹ ਜੰਮਣ ਭੋਂ ਤੋਂ ਬੁਝੇ ਮਨ ਨਾਲ ਮੁੜਿਆ। ਜਾਲਿਬ ਨੇ ਕਿਹੜਾ ਮਕਾਨ ਦੇ ਫੂੱਲ ਲਾਹ ਕੇ ਲੈ ਜਾਣੇ ਸੀ। ਯਾਦਾਂ ਹੀ ਤਾਜ਼ੀਆਂ ਕਰਨੀਆਂ ਸੀ। ਸਾਡੇ ਲੋਕਾਂ ਨੂੰ ਕਿਸੇ ਦਾ ਦੁੱਖ ਘੱਟ ਵੀ ਨਹੀਂ ਕਰਨਾ ਆਉਂਦਾ। ਵਲੈਤ ਆਇਆ ਜਾਲਿਬ, ਹੁਸ਼ਿਆਰਪੁਰੀਆਂ ਨੂੰ ਮਿਲਣ ਲਈ ਤਾਂਘਦਾ ਰਹਿੰਦਾ। ਫਰਮਾਇਸ਼ਾਂ ਕਰਦਾ: ਯਾਰ ਮੈਨੂੰ ਕੋਈ ਹੁਸ਼ਿਆਰਪੁਰ ਦਾ ਬੰਦਾ ਹੀ ਮਿਲ਼ਾ ਦਿਓ। ਤੇ ਜਦੋਂ ਲੱਭ ਜਾਂਦਾ ਤਾਂ ਘੁੱਟ ਘੁੱਟ ਜੱਫੀਆਂ ਪਾ ਪਾ ਮਿਲਦਾ। ਫਿਰ ਚੇਤੇ ਕਰਦਾ: ਅੰਬੀਆਂ ਨੂੰ ਤਰਸੇਂਗੀ, ਛੱਡਕੇ ਦੇਸ ਦੁਆਬਾ।

ਕੁਝ ਟੋਟਕੇ ਪ੍ਰਬੰਧ/ਜ਼ੁਲਮ ਦੇ ਖਿਲਾਫ ਮਾਰੀਆਂ ਚੋਟਾਂ ਹਨ। ਜਾਲਿਬ ਨੂੰ ਤਕਰੀਬਨ ਸਾਰੀ ਭਾਂਤ ਦੇ ਹੁਕਮਰਾਨਾਂ ਨੇ ਹੀ ਜੇਲ੍ਹੀਂ ਡੱਕਿਆ। ਫੌਜੀ ਹੁਕਮਰਾਨਾਂ ਦੇ ਲਈ ਤਾਂ ਇਹ ਝੋਟੇ ਦੇ ਗਲ਼ ਪਾਇਆ ਡੈਹਾ ਸੀ। ਉਹ ਜਦੋਂ ਕੋਈ ਚੈਂਅ ਪੈਂਅ ਕਰਦੇ, ਇਹ ਉਨ੍ਹਾਂ ਦੇ ਗੋਡੇ ਭੰਨਦਾ ਹੀ ਰਹਿੰਦਾ ਸੀ:

ਗੱਲ ਸੁਣ ਚੱਪਣਾ, ਰਾਜ ਲਿਆ ਅਪਣਾ
ਵੱਡਿਆਂ ਵਡੇਰਿਆਂ ਦਾ, ਜ਼ਾਲਮ ਲੁਟੇਰਿਆਂ ਦਾ
ਛੱਡ ਨਉਂ ਜਪਣਾ...

ਗੋਰੇ ਚਿੱਟੇ ਸਾਹਿਬਾਂ ਕੋਲ਼ੋਂ, ਕਾਲ਼ਿਆਂ ਨਵਾਬਾਂ ਕੋਲ਼ੋਂ
ਬਚ ਇਨ੍ਹਾਂ ਅਜ਼ਾਬਾਂ ਕੋਲ਼ੋਂ
ਨਹੀਂ ਤਾਂ ਤੈਨੂੰ ਮੁੱਦਤਾਂ, ਪਏਗਾ ਕਲਪਣਾ

ਵਿਰੋਧੀਆਂ ਰੌਲ਼ਾ ਪਵਾ ਦਿੱਤਾ ਕਿ ਜਾਲਿਬ ਤਾਂ ਲੋਕਾਂ ਨੂੰ ਚੱਪਣ ਸੱਦਦਾ ਹੈ। ਇਹ ਤੁਹਾਨੂੰ ਸਮਝਦਾ ਹੀ ਕੁਛ ਨਹੀਂ। ਜਾਲਿਬ ਨੇ ਇਹ ਕਵਿਤਾ ਪੜ੍ਹਨ ਤੋਂ ਪਹਿਲਾਂ ਕਹਿਣਾ: ਮੈਂ ਆਪਣੇ ਲੋਕਾਂ ਨੂੰ ਕਦੇ ਮਾੜਾ ਨਹੀਂ ਕਹਿ ਸਕਦਾ। ਕਦੇ ਵੀ ਨਹੀਂ। ਇਹ ਹੋ ਈ ਨਹੀਂ ਸਕਦਾ। ਚੱਪਣ ਤਾਂ ਮੈਂ ਆਪਣੇ ਆਪ ਨੂੰ ਕਹਿੰਦਾ ਹਾਂ। ਯਾਹੀਆ ਖਾਨ ਦੇ ਦੌਰ ਵੇਲੇ ਫੌਜੀ ਡਿਕਟੇਟਰਸ਼ਿਪ ਦੇ ਖਿਲਾਫ ਜਾਲਿ-ਬ ਨੇ ਲਿਖਿਆ ਸੀ:

ਡਾਕੂਆਂ ਦਾ ਜੇ ਸਾਥ ਨਾ ਦਿੰਦਾ, ਪਿੰਡ ਦਾ ਪਹਿਰੇਦਾਰ
ਅੱਜ ਪੈਰੀਂ ਜ਼ੰਜੀਰ ਨਾ ਹੁੰਦੀ, ਜਿੱਤ ਨਾ ਬਣਦੀ ਹਾਰ

ਪੱਗਾਂ ਆਪਣੇ ਗਲ਼ ਵਿਚ ਪਾ ਲਓ, ਟੁਰੋ ਪੇਟ ਦੇ ਭਾਰ
ਚੜ੍ਹ ਜਾਏ ਤੇ ਮੁਸ਼ਕਿਲ ਲਹਿੰਦੀ, ਬੂਟਾਂ ਦੀ ਸਰਕਾਰ

ਜਿਨ੍ਹਾਂ ਨੇ ਜਾਲਿਬ ਨੂੰ ਪੜ੍ਹਿਆ ਹੈ ਉਹ ਜਾਣਦੇ ਹਨ ਕਿ ਜਾਲਿਬ ਦੀ ਸ਼ਾਇਰੀ ਵਧੀਆ ਸੀ। ਸਾਧਾਰਣ ਪਰ ਅਸਰਦਾਰ। ਜ਼ੁਬਾਨ 'ਤੇ ਚੜ੍ਹਦੀ ਹੈ। ਆਮ ਲੋਕਾਂ ਦੇ ਦੁੱਖ ਦਰਦ ਨਾਲ ਓਤ ਪੋਤ। ਉਨ੍ਹਾਂ ਦੇ ਸਮਝ ਆ ਸਕਣ ਵਾਲੀ। ਝੱਟਪਟ ਅਸਰ ਕਰਨ ਵਾਲੀ। ਸਿੱਧੀ ਦਿਲ-ਦਿਮਾਗ਼ ਨੂੰ ਟੁੰਬਣ ਵਾਲੀ। ਜਿਨ੍ਹਾਂ ਨੇ ਜਾਲਿਬ ਨੂੰ ਸੁਣਿਆ ਹੈ, ਉਹ ਇਨ੍ਹਾਂ ਦੀ ਸੁਰ-ਸਮਝ ਦੀ ਉੱਮਤ ਵੀ ਜਾਣਦੇ ਹਨ। ਇਹਨੂੰ ਸੁਰ ਦੀ ਬੜੀ ਸਮਝ ਸੀ - ਜਾਣੀ ਇਕ ਰਗ ਵਾਧੂ ਸੀ। ਇਹਦੀਆਂ ਨਜ਼ਮਾਂ ਸੁਰੀਲਾ ਗਾਇਨ ਵੀ ਹੁੰਦੀਆਂ ਸੀ। ਲੈਅ ਬੱਧ। ਜਾਲਿਬ ਕੱਚੇ-ਪੱਕੇ ਗਵੱਈਆਂ ਨਾਲੋਂ ਵਧੀਆ ਗਰਾਰੀਆਂ ਲਾ ਲੈਂਦਾ ਸੀ। ਆਵਾਜ਼ ਦੇ ਉਤਰਾਅ-ਚੜ੍ਹਾ ਪੂਰੀ ਤਰ੍ਹਾਂ ਜਾਣਦਾ ਸੀ। ਇਹਦੇ ਨਾਲ ਵੀ ਇਹ ਸਰੋਤਿਆਂ ਨੂੰ ਬੰਨ੍ਹੀ ਰੱਖਦਾ ਸੀ। ਇਹ ਮਸ਼ਹੂਰ ਕਵਾਲੀਏ ਨੁਸਰਤ ਫਤਹਿ ਅਲੀ ਖਾਨ ਦਾ ਨੇੜੇ ਦਾ ਰਿਸ਼ਤੇਦਾਰ ਸੀ। ਗ਼ੁਲਾਮ ਅੱਬਾਸ ਦਾ ਵੀ।

ਜਾਲਿਬ ਦੇ ਟੱਬਰ ਦਾ ਉਹੀ ਹਾਲ ਹੋਣਾ ਸੀ ਜੋ ਅਸੂਲ 'ਤੇ ਅੜੇ ਰਹਿਣ ਵਾਲਿਆਂ ਦਾ ਹੁੰਦਾ ਹੈ। ਜਾਲਿਬ ਜੇਲ੍ਹ ਜਾਣ ਤੋਂ ਪਹਿਲਾਂ ਹੀ ਦੁਕਾਨਦਾਰਾਂ ਨੂੰ ਕਹਿ ਜਾਂਦਾ: ਮੇਰੇ ਬਾਅਦ ਘਰ ਰਾਸ਼ਨ ਦੇਈ ਜਾਣਾ; ਮੈਂ ਵਾਪਸ ਆ ਕੇ ਹਿਸਾਬ ਚੁਕਤਾ ਕਰ ਦਿਆਂਗਾ। ਬਾਹਰ ਆ ਕੇ ਜਾਲਿਬ ਨੇ ਕੋਈ ਫਿਲਮ ਦਾ ਗਾਣਾ ਲਿਖਣਾ ਜਾਂ ਕਿਤੋਂ ਹੋਰ ਬੰਦੋਬਸਤ ਕਰਨਾ। ਜਾਲਿਬ ਦਾ ਵੱਡਾ ਪੁੱਤ ਇਹਦੇ ਨਾਲ ਏਸੇ ਗੱਲੋਂ ਨਾਰਜ਼ ਰਿਹਾ। ਉਹਦਾ ਕਹਿਣਾ ਸੀ ਕਿ ਅੱਬੂ 'ਵਾਧੂ' ਪੰਗੇ ਕਿਉਂ ਲੈਂਦਾ ਹੈ। ਜਿਵੇਂ ਬਾਕੀ ਦੇ ਕਰਦੇ ਨੇ, ਓਦਾਂ ਕਿਉਂ ਨਹੀਂ ਕਰਦਾ - ਸਰਕਾਰ ਨਾਲ ਸੁਲਾਹ ਕਰੇ। ਰੁਤਬੇ ਪਾਵੇ। ਇਨਾਮ ਪਾਵੇ। ਐਸ਼ੋ ਇਸ਼ਰਤ ਵਸੂਲ ਕਰੇ। ਤੇ ਸਾਡੀ ਵੀ ਹਾਲਤ ਸੁਧਰੇ। ਕਿਸੇ ਦੀ ਸਲਾਹ 'ਤੇ ਹਬੀਬ ਦੇ ਵਾਲਿਦ ਸਾਹਿਬ ਨੇ ਵੀ ਕਦੇ ਇਹ ਕਿਹਾ ਸੀ: ਤੂੰ ਮੁਖਾਲਫਿਤ ਛੱਡ ਕਿਉਂ ਨਹੀਂ ਦਿੰਦਾ। ਜਾਲਿਬ ਨੂੰ ਇਹ ਦੱਸਦਿਆਂ ਭੋਲ਼ੇ ਭਾਅ ਕਿਹਾ ਕਿ ਉਹ ਨਾਅਤਾਂ ਯਾਨੀ ਇਸਲਾਮੀ ਭਜਨ ਕਿਉਂ ਨਹੀਂ ਲਿਖਦਾ। ਇਹ ਗੱਲਾਂ ਜਾਲਿਬ ਦੇ ਧਿਆਨ 'ਚ ਕਿੱਥੋਂ ਆਉਂਦੀਆਂ ਸੀ। ਇਹ ਚੁੱਪ ਕਰ ਰਿਹਾ। ਬਾਪ ਨੂੰ ਮੋੜਕੇ ਜਵਾਬ ਕੀ ਦੇਣਾ ਸੀ। ਏਸ ਚੁੱਪ ਦਾ ਮਤਲਬ ਇਹ ਵੀ ਹੈ: ਜੀ ਜਾਲਿਬ ਏਦਾਂ ਨਹੀਂ ਕਰਦੇ ਹੁੰਦੇ। ਜਾਲਿਬ ਐਦਾਂ ਹੀ ਕਰਦੇ ਰਹਿੰਦੇ ਹਨ; ਐਦਾਂ ਹੀ ਕਰਦੇ ਰਹਿਣਗੇ। ਜੇ ਜਾਲਿਬ ਇਹ ਸਲਾਹਾਂ ਮੰਨ ਲੈਂਦਾ, ਇਹ ਫੇਰ ਏਹੋ ਜਾਲਿਬ ਹੁੰਦਾ? ਜਾਲਿਬ ਆਪ ਕਿਹੜਾ ਇਹਨਾਂ ਗੱਲਾਂ ਤੋਂ ਅਣਜਾਣ ਸੀ। ਜੁਆਬ 'ਚ ਇਹਦੀ ਕਾਟਵੇਂ ਰੰਗ ਵਾਲੀ ਨਜ਼ਮ ਦੇਖੋ:

ਅਗਰ ਮੈਂ ਫਰੰਗੀ ਕਾ ਦਰਬਾਨ ਹੋਤਾ
ਤੋ ਜੀਨਾ ਕਿਸ ਕਦਰ ਆਸਾਨ ਹੋਤਾ
ਮੇਰੇ ਬੱਚੇ ਭੀ ਅਮਰੀਕਾ ਮੇਂ ਪੜ੍ਹਤੇ
ਹਰ ਗਰਮੀ ਮੇਂ ਮੈਂ ਇੰਗਲਸਤਾਨ ਹੋਤਾ
ਮੇਰੀ ਇੰਗਲਿਸ਼ ਭੀ ਬਲਾ ਕੀ ਚੁਸਤ ਹੋਤੀ
ਬਲਾ ਸੇ ਜੋ ਨਾ ਮੈਂ ਉਰਦੂਦਾਨ ਹੋਤਾ
ਸਰ ਝੁਕਾ ਕੇ ਜੋ ਹੋ ਜਾਤਾ ਸਰ ਮੈਂ
ਤੋ ਲੀਡਰ ਭੀ ਅਜ਼ੀਮੋਂ ਸ਼ਾਨ ਹੋਤਾ
ਜ਼ਮੀਨੇਂ ਮੇਰੀ ਹਰ ਸੂਬੇ ਮੇਂ ਹੋਤੀ
ਮੈਂ ਵੱਲ੍ਹਾ ਸਰਦਾਰੇ ਪਾਕਿਸਤਾਨ ਹੋਤਾ

ਸਰਕਾਰਾਂ ਜਾਲਿਬ 'ਤੇ ਤੋਹਮਤਾਂ ਲਾਉਂਦੀਆਂ: ਇਹ ਰੂਸ ਦਾ ਏਜੰਟ ਹੈ, ਇਹ ਇੰਡੀਆ ਦਾ ਏਜੰਟ ਹੈ। ਇਹਦੇ ਬਾਰੇ ਜਾਲਿਬ ਨੇ ਆਪ ਹੀ ਕਹਿ ਦਿੱਤਾ ਕਿ ਸਰਕਾਰਾਂ ਚੀਨ ਨਾਲ ਸੁਆਰਥੀ ਦੋਸਤੀ ਤਾਂ ਰੱਖਦੀਆਂ ਨੇ ਪਰ ਓਥੋਂ ਦਾ ਪ੍ਰਬੰਧ ਨਹੀਂ ਚਾਹੁੰਦੀਆਂ। ਭਲਾ ਇਹ ਕਿਉ?

ਚੀਨ ਅਪਨਾ ਯਾਰ ਹੈ, ਉਸ ਪੇ ਜਾਂ ਨਿਸਾਰ ਹੈ

ਪਰ ਉਸ ਤਰਫ ਹੈ ਜੋ ਨਿਜ਼ਾਮ
ਉਸ ਤਰਫ ਨਾ ਜਾਈਓ, ਉਸ ਕੋ ਦੂਰ ਸੇ ਸਲਾਮ
ਦਸ ਕਰੋੜ ਯੇਹ ਗਧੇ, ਜਿਨ ਕਾ ਨਾਮ ਹੈ ਅਵਾਮ
ਕਿਆ ਬਨੇਂਗੇ ਹੁਕਮਰਾਂ, ਤੂ ਯਕੀਨ ਹੈ ਗੁਮਾਂ

ਖ਼ੁਦ ਫੈਜ਼ ਨੇ ਜਾਲਿਬ ਨੂੰ ਲੋਕਾਂ ਦਾ ਅਸਲ ਤੇ ਵੱਡਾ ਕਵੀ ਮੰਨਿਆ ਸੀ। ਇਹ ਸਾਰੀ ਉਮਰ ਲੋਕਾਂ ਦੇ ਦੁੱਖ ਦੀ ਗੱਲ ਕਰਦਾ ਰਿਹਾ। ਫੈਜ਼ ਵੀ ਲੋਕਾਂ ਦੇ ਦੁੱਖ ਦਰਦ ਦੀ ਗੱਲ ਕਰਦਾ ਸੀ। ਪਰ ਜਾਲਿਬ ਦੀ ਜ਼ੁਬਾਨ ਆਮ ਲੋਕਾਂ ਦੀ ਜ਼ੁਬਾਨ ਸੀ। ਦੂਸਰਾ ਜਾਲਿਬ ਆਪ ਵੀ ਉਨ੍ਹਾਂ ਵਿਚੋਂ ਹੀ ਸੀ। ਉਨ੍ਹਾਂ ਦੀਆਂ ਭਾਵਨਾਵਾਂ ਨੂੰ ਜ਼ੁਬਾਨ ਦਿੰਦਾ ਰਿਹਾ। ਸਾਰੀ ਉਮਰ। ਜਾਲਿਬ ਆਪਣੇ ਆਪ ਨੂੰ ਨਜ਼ੀਰ ਅਕਬਰਾਬਾਦੀ ਦੀ ਅਗਲੀ ਕੜੀ ਦਾ ਸ਼ਾਇਰ ਮੰਨਦਾ ਸੀ। ਜਾਲਿਬ ਦੇ ਪੂਰੇ ਹੋਣ 'ਤੇ ਕਤੀਲ ਸ਼ਫਾਈ ਨੇ ਲਿਖਿਆ:

ਅਪਨੇ ਸਾਰੇ ਦਰਦ ਭੁਲਾ ਕਰ, ਔਰੋਂ ਕੇ ਦੁੱਖ ਸਹਿਤਾ ਥਾ
ਜਬ ਹਮ ਗ਼ਜ਼ਲੇਂ ਕਹਿਤੇ ਥੇ, ਵੋਹ ਅਕਸਰ ਜੇਲ੍ਹ ਮੇਂ ਰਹਿਤਾ ਥਾ
ਆਖ਼ਰਕਰ ਚਲਾ ਹੀ ਗਿਆ ਵੋਹ, ਰੂਠ ਕਰ ਹਮ ਫਰਜ਼ਾਨੋਂ ਸੇ
ਵੋਹ ਦੀਵਾਨਾ ਜਿਸੇ ਜ਼ਮਾਨਾ, ਜਾਲਿਬ ਜਾਲਿਬ ਕਹਿਤਾ ਥਾ

ਜਾਲਿਬ ਜੇ ਮੁਖਾਲਫਿਤ ਛੱਡ ਦਿੰਦਾ ਤਾਂ ਮੌਜਾਂ 'ਚ ਹੁੰਦਾ। ਜੇਲ੍ਹੀਂ ਨਾ ਜਾਂਦਾ। ਇਨਾਮ-ਸ਼ਨਾਮ ਹਾਸਲ ਕਰਦਾ। ਪੰਜੇ ਹੀ ਘਿਓ 'ਚ ਹੋਣੀਆਂ ਸੀ। ਪਰ ਫਿਰ ਉਹ ਜਾਲਿਬ ਨਾ ਹੁੰਦਾ - ਕੁਝ ਹੋਰ ਭਾਵੇਂ ਹੁੰਦਾ। ਭਾਰਤੀ ਉਪ ਮਹਾਂਦੀਪ 'ਚ ਰੱਜੇ ਪੁੱਜੇ ਫੈਜ਼ ਬਣਦੇ ਆਏ ਨੇ, ਥੁੜੇ ਹੋਏ ਜਾਲਿਬ। ਇਹਦਾ ਲਾਹੌਰ 'ਚ ਟਿਕਾਣਾ ਝੁੱਗੀ ਝੌਂਪੜੀ ਵਰਗੀ ਬਸਤੀ 'ਚ ਸੀ। ਇਹਦਾ ਟੱਬਰ ਹਾਲੇ ਵੀ ਓਥੇ ਹੀ ਵਸਦਾ ਹੈ। ਜਾਲਿਬ ਵਲੈਤ ਆਇਆ ਤਾਂ ਲੋਕ ਕਹਿਣ, ਹੁਣ ਇਹ ਵੀ ਵਾਪਸ ਨਹੀਂ ਜਾਂਦਾ। ਸਿਆਸੀ ਪਨਾਹ ਲਊ। ਜਿੱਦਾਂ ਹੋਰਨਾਂ ਵੱਡਿਆਂ ਵੱਡਿਆਂ ਨੇ ਲਈ ਹੋਈ ਏ। ਅਸਲ 'ਚ ਇਹ ਜਾਲਿਬ ਨੂੰ ਇਕ ਤਰੀਕੇ ਨਾਲ ਸਲਾਹ ਹੀ ਦਿੰਦੇ ਸੀ - ਬਈ, ਏਦਾਂ ਕਰ ਲੈ। ਪਰ ਜਾਲਿਬ ਕਹਿੰਦਾ: ਨਾ ਭਾਈ, ਮੈਨੂੰ ਓਹੀ ਗ਼ੁਰਬਤ ਚੰਗੀ। ਮੈਨੂੰ ਮੇਰੇ ਲੋਕਾਂ ਨਾਲ ਪਿਆਰ ਹੈ। ਮੈਂ ਆਪਣੇ ਲੋਕਾਂ 'ਚ ਹੀ ਭਲਾ। ਮੈਂ ਇਨ੍ਹਾਂ ਦੇ ਹਾਲਾਤ ਨੂੰ ਠੀਕ ਕਰਨਾ ਹੈ। ਤੁਹਾਨੂੰ ਵਲੈਤ ਮੁਬਾਰਕ। ਉਲਟਾ ਇਹਨੇ ਲੰਡਨ ਬੈਠੇ ਪਾਕਿਸਤਾਨੀ ਕਾਮਰੇਡ ਪਨਾਹਗੀਰਾਂ ਬਾਰੇ ਟੋਟਕਾ ਲਿਖਿਆ:

ਪੀ ਲੈਂਦੇ ਨੇ, ਖਾ ਲੈਂਦੇ ਨੇ, ਸੌਂ ਲੈਂਦੇ ਨੇ
ਯਾਰਾਂ ਖ਼ੁਦ ਨੂੰ ਵਤਨੋਂ ਦੂਰ ਸੁਖੀ ਰੱਖਿਆ ਏ

ਜਦੋਂ ਜਾਲਿਬ ਫੌਤ ਹੋਇਆ ਤਾਂ ਸਮੇਂ ਦੀ ਹਕੂਮਤ ਨੇ ਸਰਕਾਰੀ ਸਨਮਾਨ ਨਾਲ ਜਨਾਜ਼ਾ ਕੱਢਣ ਦੀ ਗੱਲ ਕਰ ਦਿੱਤੀ। ਜਾਲਿਬ ਦੇ ਘਰਦਿਆਂ ਇਨਕਾਰ ਕਰ ਦਿੱਤਾ। ਮਗਰੋਂ ਜਾਲਿਬ ਦੀ ਬੇਗ਼ਮ ਦੀ ਟੁੱਟੀ ਲੱਤ ਦਾ ਕਿਸੇ ਵੀ ਇਲਾਜ ਨਾ ਕਰਵਾਇਆ। ਧੀਆਂ ਤੇ ਛੋਟਾ ਪੁੱਤ ਜਾਲਿਬ 'ਤੇ ਮਾਣ ਕਰਦੇ ਨੇ। ਛੋਟੀ ਧੀ ਸ਼ਾਇਰੀ ਕਰਦੀ ਵੀ ਏ।

ਜਾਲਿਬ ਦੇ ਘਰ 'ਤੇ ਅਜੇ ਵੀ ਲਾਲ ਝੰਡਾ ਝੂਲਦਾ ਹੈ। ਇਹਦੀ ਸ਼ਾਇਰੀ ਲਾਲ ਝੰਡੇ ਦੀ ਸ਼ਾਇਰੀ ਹੈ। ਜਾਲਿਬ ਇਕੋ ਹੀ ਹੁੰਦਾ ਹੈ। *000*

('ਵਤਨ' ਤੋਂ ਧੰਨਵਾਦ ਸਹਿਤ)

ਪਾਣੀ ਦਾ ਹਾਸ਼ੀਆ: ਰੀਵੀਊ ਨਿਬੰਧ: ਹਰਿੰਦਰ ਸਿੰਘ

ਗੁਰਤੇਜ ਕੁਹਾਰਵਾਲਾ ਨੇ ਆਪਣੀ ਲੰਮੀ ਖ਼ਾਮੋਸ਼ੀ ਤੋੜਦਿਆਂ ਚਿਰ ਤੋਂ ਉਡੀਕੇ ਜਾ ਰਹੇ ਗ਼ਜ਼ਲ ਸੰਗ੍ਰਹਿ 'ਪਾਣੀ ਦਾ ਹਾਸ਼ੀਆ' ਨਾਲ ਸਾਹਿਤਕ ਜਗਤ ਵਿਚ ਆਪਣੀ ਹਾਜ਼ਰੀ ਲਵਾਈ ਹੈ। ਉਸਦੇ ਕਹਿਣ ਵਾਂਗ ਆਪਣੇ ਤਨ ਨੂੰ ਤਪਾ ਕੇ ਲਾਲ ਕੀਤੇ ਸ਼ਬਦਾਂ ਦੇ ਕਮਾਲ ਨੂੰ ਪੜ੍ਹਨਾ ਵੀ ਬਣਦਾ ਹੈ ਅਤੇ ਪੜ੍ਹਤ ਉਪਰੰਤ ਉਸ ਪਾਣੀ ਦਾ ਵਹਾਅ, ਗਹਿਰਾਅ, ਸੁਆਦ, ਕਰਤੱਵ, ਉਸਦੇ ਹਾਸ਼ੀਏ ਵਿਚ ਰਹਿਣ ਜਾਂ ਬਾਹਰ ਜਾਣ ਦਾ ਮੁਲਾਂਕਣ ਕਰਨਾ ਵੀ ਬਣਦਾ ਹੈ। ਇਸਦੇ ਅਨੇਕਾਂ ਮਾਪਦੰਡ ਹੋ ਸਕਦੇ ਹਨ ਪਰੰਤੂ ਮੈਂ ਆਪਣੀ ਸਮਝ ਅਨੁਸਾਰ ਇਹਨਾਂ ਦੀ ਥਾਹ ਪਾਉਣ ਦੀ ਕੋਸ਼ਿਸ਼ ਕੀਤੀ ਹੈ।

ਅੱਜੋਕਾ ਸਮਾਂ ਕਿਸੇ ਵੀ ਵਾਦ-ਵਿਵਾਦੀ ਦੌਰ ਵਾਲਾ ਕਿਹਾ ਜਾਂਦਾ ਹੋਵੇ ਪਰੰਤੂ ਇਕ ਗੱਲ ਤਾਂ ਸਪੱਸ਼ਟ ਹੈ ਕਿ ਇਹ ਸਮਾਂ ਅਜਿਹੇ ਖਤਰਨਾਕ ਦੌਰ ਦਾ ਵਾਹਕ ਹੈ ਜਿਸਦੇ ਸਾਜ਼ਿਸ਼ੀ ਵਰਤਾਰਿਆਂ ਦੀ ਥਾਹ ਪਾਉਣਾ ਆਮ ਆਦਮੀ ਦੀ ਗੱਲ ਤਾਂ ਬਹੁਤ ਦੂਰ ਸਗੋਂ ਬੁੱਧੀਜੀਵੀ ਅਤੇ ਆਪਣੇ ਆਪ ਨੂੰ ਚੇਤਨ ਕਹਾਉਂਦੇ ਵਿਅਕਤੀ ਲਈ ਵੀ ਬਹੁਤ ਔਖਾ ਹੈ। ਅਜਿਹੇ ਸਮੇਂ ਵਿਚ ਜਮਾਤੀ ਸੰਘਰਸ਼ ਦੂਹਰਾ ਨਾ ਰਹਿ ਕੇ ਤੀਹਰਾ-ਚੌਹਰਾ ਹੋ ਗਿਆ ਹੈ। ਦੁਸ਼ਮਣ ਅਦਿੱਖ ਹੋਣ ਕਾਰਨ ਉਸ ਨਾਲ ਲੜਨ ਦਾ ਕੋਈ ਆਧਾਰ ਨਹੀਂ ਮਿਲ ਰਿਹਾ। ਅਜਿਹੇ ਸਮੇਂ ਸਾਹਿਤਕਾਰ ਦਾ ਫਰਜ਼ ਵੀ ਤੀਹਰਾ-ਚੌਹਰਾ ਹੋ ਜਾਂਦਾ ਹੈ। ਕੋਈ ਵੀ ਸਾਹਿਤਕਾਰ ਆਪਣੀ ਸਮਕਾਲੀ ਚੇਤਨਾ ਤੋਂ ਅਣਭਿੱਜ ਨਹੀਂ ਰਹਿ ਸਕਦਾ। ਉਸਦੇ ਅਚੇਤ ਜਾਂ ਸੁਚੇਤ ਵਿਹਾਰ ਵਿਚੋਂ, ਬੋਲ-ਚਾਲ ਵਿਚੋਂ ਕਿਸੇ ਜਮਾਤ ਦਾ ਪੱਖੀ ਜਾਂ ਵਿਰੋਧੀ ਹੋਣ ਦੇ ਪ੍ਰਮਾਨ ਲੱਭੇ ਜਾ ਸਕਦੇ ਹਨ।

ਚੇਤਨਾ ਦਾ ਸੰਬੰਧ ਸਿਰ ਨਾਲ ਹੈ। ਚੇਤਨਾ ਸਿਰ ਵਿਚ ਮੌਜੂਦ ਦਿਮਾਗ ਦੇ ਇਕ ਖ਼ਾਸ ਹਿੱਸੇ ਵਿਚੋਂ ਪੈਦਾ ਹੁੰਦੀ ਹੈ। ਪਰੰਤੂ ਸਿਰ ਦੇ ਹੁੰਦਿਆਂ ਵੀ ਚੇਤਨ ਨਾ ਹੋਣਾ ਦਰਦਨਾਕ ਹੁੰਦਾ ਹੈ। ਗੁਰਤੇਜ ਦੀ ਰਾਜਨੀਤਕ ਚੇਤਨਾ ਦਾ ਪ੍ਰਗਟਾਵਾ ਸਿਰ ਤੇ ਸੀਸ ਦੇ ਸੰਕਲਪ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ:

ਸ਼ਹੀਦੀ ਦੇ ਕੇ ਐਸੀ, ਖ਼ੁਦ ਨੂੰ ਵੀ ਹੈਰਾਨ ਕਰਦਾ ਹਾਂ।
ਮੈਂ ਅਪਣੇ ਸੀਸ ਨੂੰ, ਸਿਰ ਵਾਸਤੇ ਕੁਰਬਾਨ ਕਰਦਾ ਹਾਂ। (ਪੰਨਾ-18)

ਸੀਸ ਦਾ ਸਿਰ ਲਈ ਕੁਰਬਾਨ ਹੋਣਾ ਰਾਜਨੀਤਕ ਚੇਤਨਾ ਦਾ ਪ੍ਰਮਾਣ ਹੈ। ਮੌਜੂਦਾ ਰਾਜਨੀਤਕ ਪ੍ਰਬੰਧ ਵਿਚ ਬਹੁ ਗਿਣਤੀ ਲੋਕ ਅਜਿਹੇ ਹਨ ਜਿਹੜੇ ਅਚੇਤਨ ਹਨ ਤੇ ਸੰਘਰਸ਼ ਦੀ ਜਾਚ ਤੋਂ ਅਨਜਾਣ ਹਨ। ਉਹਨਾਂ ਦੇ ਸਿਰਾਂ ਵਿਚ ਉਹ ਚੇਤਨਾ, ਜਜ਼ਬਾ ਤੇ ਰੋਹ ਤਾਂ ਮੌਜੂਦ ਹੁੰਦਾ ਹੈ ਜਿਹੜਾ ਸੀਸ ਬਣਨ ਦੀ ਸਮਰੱਥਾ ਰੱਖਦਾ ਹੈ ਪਰੰਤੂ ਸੋਝੀ ਨਾ ਹੋਣ ਕਾਰਨ ਤੇ ਇਸਦੀ ਅਵਰਤੋਂ ਕਾਰਨ ਉਹ ਸਿਰਾਂ ਵਾਲੇ ਹੀ ਰਹਿੰਦੇ ਹਨ। ਇਸਦੇ ਉਲਟ ਸੰਘਰਸ਼ਸ਼ੀਲ ਚੇਤਨ ਲੋਕ ਆਪਣੇ ਸਿਰ ਦੀ ਯੋਗ ਵਰਤੋਂ ਕਾਰਨ ਸੀਸ ਵਾਲੇ ਬਣ ਜਾਂਦੇ ਹਨ ਜਿਹੜੇ ਉਹਨਾਂ ਸਿਰਾਂ ਨੂੰ ਚੇਤਨ ਕਰਨ ਲਈ ਆਪਣਾ ਸੀਸ ਕੁਰਬਾਨ ਕਰ ਦਿੰਦੇ ਹਨ। ਗੁਰਤੇਜ ਅਜਿਹੀ ਚੇਤਨਾ ਨੂੰ ਵਿਰਾਸਤ ਵਜੋਂ ਅਗਲੀ ਪੀੜ੍ਹੀ ਨੂੰ ਦੇਣ ਦੀ ਗੱਲ ਵੀ ਕਰਦਾ ਹੈ, ਪਰੰਤੂ ਇਸ ਕਿਸਮ ਦੀ ਰਾਜਨੀਤਕ ਚੇਤਨਾ ਵਿਚ ਵੀ ਸਮੂਹ ਤੱਕ ਫੈਲਣ ਤੇ ਖ਼ੁਦ ਤੱਕ ਸਿਮਟਣ ਦਾ ਦਵੰਦ ਆ ਗਿਆ ਹੈ:

...ਮੈਂ ਖ਼ੁਦ ਨੂੰ ਲੱਭਦਿਆਂ,
ਅਪਣਾ ਬੜਾ ਨੁਕਸਾਨ ਕਰਦਾ ਹਾਂ।(ਪੰਨਾ-18)

ਨਹੀਂ ਜੇ ਦਾਗ਼ ਮੇਰੇ 'ਤੇ, ਤਾਂ ਇਸਦੀ ਇਕ ਵਜ੍ਹਾ ਵੀ ਹੈ,
ਮੈਂ ਅਪਣੇ ਆਪ ਨੂੰ ਇਕ ਛਿਣ ਵੀ ਚਾਦਰ ਹੋਣ ਨਾ ਦਿੱਤਾ। (ਪੰਨਾ-12)

ਚਾਦਰ ਨਾ ਹੋ ਕੇ ਆਪਣੇ ਆਪ ਨੂੰ ਆਸਾਨੀ ਨਾਲ ਦਾਗ਼ ਰਹਿਤ ਰੱਖਿਆ ਜਾ ਸਕਦਾ ਹੈ ਪਰ ਚਾਦਰ ਹੋ ਕੇ ਦਾਗ਼ ਰਹਿਤ ਰਹਿਣਾ ਵਿਚਾਰਧਾਰਕ ਤੌਰ 'ਤੇ ਔਖੀ ਤੇ ਵੱਡੀ ਗੱਲ ਹੈ। ਇਹ ਦੌਰ ਅਜਿਹਾ ਹੈ ਜਿਸ ਵਿਚ ਆਪਣਾ ਨੁਕਸਾਨ ਕਰਕੇ ਵੀ ਖ਼ੁਦ ਨੂੰ ਲੱਭਿਆ ਜਾਵੇ ਤਾਂ ਗ਼ਨੀਮਤ ਹੈ। ਪਰ ਇੱਥੇ ਵੀ ਉਸਦਾ ਦਵੰਦ ਵੇਖਿਆ ਜਾ ਸਕਦਾ ਹੈ ਜਿਸ ਕਾਰਨ ਉਹ ਆਪਣੇ ਵਿਚ ਕਿਸੇ ਅਜਿਹੀ ਅਦਿੱਖ ਵਸਤ ਨੂੰ ਲੱਭਣ ਲਈ ਜਿਹੜਾ ਨੁਕਸਾਨ ਕਰਦਾ ਹੈ ਤਾਂ ਉਸਦੀ ਪ੍ਰਾਪਤੀ ਉਪਰੰਤ ਖ਼ੁਦ ਨੂੰ ਲੱਭ ਕੇ ਫਿਰ ਗਵਾ ਦਿੰਦਾ ਹੈ। ਉਸਦੇ ਦਵੰਦ ਕਾਰਨ ਇਹ ਅਦਿੱਖ ਵਸਤੂ ਵੀ ਬੇਪਛਾਣ ਹੀ ਰਹਿੰਦੀ ਹੈ:

ਮੇਰੇ 'ਚ ਕੋਈ ਚੀਜ਼ ਸੀ, ਮੇਰੇ ਤੋਂ ਕੀਮਤੀ,
ਜਿਸਨੂੰ ਸੰਜੋਈ ਰੱਖਿਆ, ਖ਼ੁਦ ਨੂੰ ਗਵਾ ਲਿਆ। (ਪੰਨਾ-56)

ਗੁਰਤੇਜ ਨੇ ਮਨੁੱਖ ਦੀ ਗੁੰਮ ਗਵਾਚ ਚੁੱਕੀ ਚੇਤਨਾ ਨੂੰ ਜੁਗਨੂੰ ਅਤੇ ਮਛਲੀ ਦੇ ਪ੍ਰਤੀਕ ਰਾਹੀਂ ਸੁਝਾਇਆ ਹੈ ਕਿ ਅੱਜੋਕਾ ਮਨੁੱਖ ਖਪਤਵਾਦੀ ਸਭਿਆਚਾਰ ਤੇ ਸੁਹਜ ਭਾਵਨਾਵਾਂ ਦੇ ਖਿਆਲ ਦਾ ਵਧੇਰੇ ਅਨੁਸਾਰੀ ਹੋ ਗਿਆ ਹੈ। ਉਸ ਵਿਚ ਕਦਰਾਂ-ਕੀਮਤਾਂ ਤੇ ਕਾਰਜਾਂ ਦਾ ਨਾਂਹ-ਪੱਖੀ ਵਟਾਂਦਰਾ ਹੋਣ ਕਾਰਨ ਉਹ ਆਪਣੇ ਮੂਲ ਕਾਰਜ ਤੇ ਸੁਭਾਅ ਤੋਂ ਨਿਖੜ ਗਿਆ ਹੈ। ਸਭਿਆਚਾਰਕ ਚਿੰਨ੍ਹਾਂ ਦੇ ਉਲਟਾਅ ਰਾਹੀਂ ਇਸ ਵਟਾਂਦਰੇ ਨੂੰ ਸਮਝਾਉਂਦਾ ਹੋਇਆ ਗੁਰਤੇਜ ਲਿਖਦਾ ਹੈ:

ਮਿਲੇ ਜੁਗਨੂੰ ਅਜਿਹੇ ਵੀ ਜੋ ਪਾਣੀ ਹੇਠ ਸਨ ਜਗਦੇ,
ਬਹੁਤ ਸਨ ਮਛਲੀਆਂ ਜੋ ਤਰਦੀਆਂ ਸਨ ਸ਼ੀਸ਼ਿਆਂ ਅੰਦਰ।(ਪੰਨਾ-34)

ਜੁਗਨੂੰ ਦਾ ਪਾਣੀ ਹੇਠ ਜਗਣਾ ਅਤੇ ਮਛਲੀਆਂ ਦਾ ਪਾਣੀ ਤੋਂ ਬਾਹਰ ਘਰਾਂ ਵਿਚ ਆ ਕੇ ਸ਼ੀਸ਼ਿਆਂ ਵਿਚ ਤੈਰਨਾ ਮਾਰਕਸ ਦੇ ਕਹਿਣ ਵਾਂਗ ਹਾਕਮ ਜਮਾਤ ਵੱਲੋਂ ਫੈਲਾਈ ਭ੍ਰਾਂਤੀ-ਮੂਲਕ ਚੇਤਨਾ ਦਾ ਪ੍ਰਗਟਾਵਾ ਹੈ। ਇਸ ਭ੍ਰਾਂਤੀ-ਮੂਲਕ ਚੇਤਨਾ ਨੇ ਮਨੁੱਖ ਨੂੰ ਆਪਣੇ-ਆਪਣੇ ਕਾਰਜ ਥਾਵਾਂ ਤੋਂ ਭਟਕਾ ਕੇ ਆਪਣਾ ਅਨੁਸਾਰੀ ਬਣਾ ਲਿਆ ਹੈ।

ਇਸਦੇ ਨਾਲ ਹੀ ਗੁਰਤੇਜ ਨੇ ਕਮਿਊਨਿਸਟ ਪਾਰਟੀਆਂ ਦੇ ਲੋਕ ਮੁਖੀ ਸੰਘਰਸ਼ ਵਿਚ ਸਥਿਰ ਹੋ ਜਾਣ ਦਾ ਬਿਰਤਾਂਤ ਸਿਰਜਦੇ ਹੋਏ ਇਸਦਾ ਦੋਸ਼ੀ ਪਾਰਟੀ ਆਗੂਆਂ ਨੂੰ ਮੰਨਿਆ ਹੈ। ਜਿਹੜੇ ਤੇਜ਼ ਦਰਿਆਵਾਂ ਵਾਂਗ ਸ਼ੂਕਦੇ ਸਨ ਪਰੰਤੂ ਕੁਰਸੀਆਂ ਦੇ ਥਲ ਵਿਚ ਪਹੁੰਚਣ ਸਾਰ ਗੁੰਗੇ ਹੋ ਜਾਂਦੇ ਹਨ। ਰਾਜਨੀਤਕ ਭ੍ਰਿਸ਼ਟਤਾ ਦਾ ਅਜਿਹਾ ਯਥਾਰਥਕ ਬਿਆਨ ਕਰਕੇ ਉਹ ਅੱਜੋਕੀਆਂ ਅਖੌਤੀ ਲੋਕ-ਪੱਖੀ ਪਾਰਟੀਆਂ ਦੀ ਕਹਿਣੀ-ਕਰਨੀ ਦੇ ਪ੍ਰਵਚਨ ਨੂੰ ਸਿਰਜਦਾ ਹੈ। ਕਮਿਊਨਿਸਟ ਪਾਰਟੀਆਂ ਉਸਨੂੰ ਸੰਘਰਸ਼ ਦੀ ਲੰਮੀ ਉਡਾਣ ਵਾਲੀਆਂ ਜਾਪਦੀਆਂ ਹਨ ਪਰੰਤੂ ਉਹ ਨਿਰਾਸ ਹੋ ਕੇ ਢੇਰੀ ਢਾਹੀ ਬੈਠੀਆਂ ਹਨ। ਉਹਨਾਂ ਦੀ ਇਸ ਬੇਵਸ ਹੋਣੀ ਨੂੰ ਮਿੱਟੀ ਦੇ ਉਕਾਬ ਨਾਲ ਤੁਲਨਾਇਆ ਹੈ।

ਇਉਂ ਗੁਰਤੇਜ ਪੂਰੀ ਤਰਾਂ ਰਾਜਨੀਤਕ ਪ੍ਰਬੰਧ ਤੋਂ ਚੇਤਨ ਜਾਪਦਾ ਹੈ ਪਰੰਤੂ ਇਸ ਚੇਤਨਾ ਦੇ ਆਧਾਰ 'ਤੇ ਜਦੋਂ ਆਪਣੀ ਵਿਚਾਰਧਾਰਾ ਨੂੰ ਪਰਖਣ ਤੇ ਜਮਾਤੀ ਪੱਖ ਲੈਣ ਦਾ ਸਮਾਂ ਆਉਂਦਾ ਹੈ ਤਾਂ ਗੁਰਤੇਜ ਸਪੱਸ਼ਟਵਾਦੀ ਹੋਣ ਦੀ ਥਾਂ ਫਿਰ ਤੋਂ ਦਵੰਦ ਦਾ ਸ਼ਿਕਾਰ ਹੋ ਜਾਂਦਾ ਹੈ। ਉਹ ਆਪਣੀ ਵਿਚਾਰਧਾਰਾ ਦੇ ਜਿਉਂਦੇ-ਜਾਗਦੇ ਹੋਣ ਜਾਂ ਮਰ ਚੁੱਕੀ ਹੋਣ ਬਾਰੇ ਗੁੰਝਲ ਰੱਖ ਕੇ ਤੇ ਇਸ ਤਸਵੀਰ ਦਾ ਨਿਰਣਾ ਪਾਠਕਾਂ 'ਤੇ ਛੱਡ ਕੇ ਆਪ ਸੁਰਖ਼ਰੂ ਹੋ ਜਾਂਦਾ ਹੈ:

ਸੋਚ ਰਿਹਾਂ ਕਿ ਇਸ ਤਸਵੀਰ 'ਚ ਜੇ ਮੈਂ ਹਾਂ, ਤਾਂ ਕਿੱਥੇ ਹਾਂ,
ਮਰ ਚੁੱਕੇ ਪਾਣੀ ਵਿਚ ਇਕ ਜ਼ਿੰਦਾ ਮੁਰਗਾਬੀ ਤਰਦੀ ਹੈ। (ਪੰਨਾ-31)

ਗੁਰਤੇਜ ਉਂਝ ਤਾਂ ਥਲਾਂ ਦੇ ਅਜਿਹੇ ਸਫਰ ਵਿਚ ਤੁਰ ਰਿਹਾ ਹੈ ਜਿਸਦਾ ਰੇਤਾ ਤੇ ਵਾਟ ਉਸਦੇ

ਪੈਰਾਂ ਨੂੰ ਜਾਣਦੇ ਹਨ। ਥਲ ਦੀ ਤਲਖੀ ਤੇ ਕਠੋਰਤਾ ਮਜ਼ਦੂਰ ਜਮਾਤ ਦੇ ਤਲਖ ਜੀਵਨ ਦਾ ਪ੍ਰਤੀਰੂਪ ਹੈ ਜਿਸਦਾ ਪੈਰਾਂ ਨੂੰ ਜਾਣਦੇ ਹੋਣਾ ਜਮਾਤੀ ਚੇਤਨਾ ਦਾ ਯਥਾਰਥਕ ਪ੍ਰਗਟਾਅ ਹੈ। ਪਰ ਇਹ ਪ੍ਰਗਟਾਅ ਹੀ ਬਣਿਆ ਰਹਿੰਦਾ ਹੈ। ਇਹ ਜਮਾਤੀ ਚੇਤਨਾ ਉਸਨੂੰ ਆਵਾਜ਼ ਬਣ ਕੇ ਮੁੜ-ਮੁੜ ਬੁਲਾਉਂਦੀ ਰਹਿੰਦੀ ਹੈ:

ਕਿਤੋਂ ਆਵਾਜ਼ ਆਉਂਦੀ ਹੈ ਜਿਵੇਂ ਚਾਨਣ ਬੁਲਾਉਂਦਾ ਹੈ।
ਕੋਈ ਮੱਧਮ ਜਿਹਾ ਸੂਰਜ ਮੇਰੀ ਨੀਂਦਰ 'ਚ ਆਉਂਦਾ ਹੈ। (ਪੰਨਾ-22)

ਮੈਨੂੰ ਇਕ ਆਵਾਜ਼ ਨੇ ਮੁੜ-ਮੁੜ ਬੁਲਾਇਆ ਉਮਰ ਭਰ,
ਪਰ ਸਦਾ ਉਸਦਾ ਸੁਨੇਹਾ ਅਣਪਛਾਤਾ ਰਹਿ ਗਿਆ। (ਪੰਨਾ-58)

ਪਰ ਉਸਦੇ ਕਹਿਣ ਵਾਂਗ ਉਸਦਾ ਸੁਨੇਹਾ ਹਮੇਸ਼ਾ ਉਸ ਲਈ ਅਣਪਛਾਤਾ ਰਹਿ ਜਾਂਦਾ ਹੈ। ਆਵਾਜ਼ ਦਾ ਬੁਲਾਉਣਾ ਚੇਤਨ ਸੰਘਰਸ਼ ਦੇ ਰਾਹ ਵੱਲ ਬੁਲਾਉਣ ਦਾ ਪ੍ਰਤੀਕ ਹੈ ਪਰ ਉਸਨੂੰ ਨਾ ਪਹਿਚਾਨਣਾ ਉਸ ਸੰਘਰਸ਼ ਤੋਂ ਕਿਨਾਰਾ ਕਰਨਾ ਹੈ।

ਇਸਤੋਂ ਇਲਾਵਾ ਇਕ ਥਾਂ ਗੁਰਤੇਜ ਤਪਦੇ ਹੋਏ ਤੀਰਾਂ ਨੂੰ ਠਾਰਨ ਦੀ ਗੱਲ ਕਰਦਾ ਹੋਇਆ ਆਪਣੀ ਚੇਤਨਾ ਦੇ ਠਰਨ ਦੀ ਗੱਲ ਕਰਦਾ ਹੈ। ਉਸ ਅਨੁਸਾਰ ਤਪਦੇ ਤੀਰਾਂ ਵਾਲਿਆਂ ਦੀ ਬਹੁਤ ਘਾਟ ਹੈ। ਉਸ ਨੂੰ ਅਹਿਸਾਸ ਹੈ ਕਿ ਸਮਾਜਕ-ਰਾਜਨੀਤਕ ਪ੍ਰਬੰਧ ਨੂੰ ਬਦਲਣ ਵਿਚ ਉਹ ਲੋਕ ਹੀ ਅਹਿਮ ਭੂਮਿਕਾ ਨਿਭਾਉਣਗੇ ਜਿਹੜੇ ਸੰਘਰਸ਼ ਵਿਚ ਆਪ ਦੀਵਿਆਂ ਵਾਂਗ ਬਲ਼ਦੇ ਹਨ:

ਉਨ੍ਹਾਂ ਲੋਕਾਂ ਦੀਆਂ ਰਾਤਾਂ 'ਚੋਂ ਹੀ ਸੂਰਜ ਉਦੈ ਹੋਣਾ,
ਜਿਨ੍ਹਾਂ ਨੇ ਦੀਵਿਆਂ ਦੀ ਥਾਂ ਹੈ ਖ਼ੁਦ ਨੂੰ ਬਾਲ਼ਿਆ ਹੋਇਆ। (ਪੰਨਾ-35)

ਉਸਨੂੰ ਇਹ ਵੀ ਅਹਿਸਾਸ ਹੈ ਕਿ ਇਸ ਇਨਕਲਾਬੀ ਬਦਲਾਅ ਵਿਚਲਾ ਫਾਸਲਾ ਬਹੁਤ ਘੱਟ ਹੈ ਪਰ ਉਸਦਾ ਇਹ ਅਹਿਸਾਸ ਉਦੋਂ ਖੰਡਿਤ ਹੋ ਕੇ ਨਿਰਾਸ਼ਾਮਈ ਸੁਰ ਧਾਰਨ ਕਰ ਲੈਂਦਾ ਹੈ ਜਦੋਂ ਉਸ ਇਨਕਲਾਬ ਤਕ ਪਹੁੰਚਦੇ-ਪਹੁੰਚਦੇ ਅਨੇਕਾਂ ਸੂਰਜ ਡੁੱਬ ਜਾਂਦੇ ਹਨ:

ਪੁਜਦਿਆਂ ਉਸ ਤੀਕ ਮੇਰੇ ਡੁਬ ਗਏ ਸੂਰਜ ਅਨੇਕ,
ਉਂਝ ਤਾਂ ਸਾਡੇ ਵਿਚਾਲ਼ੇ ਫ਼ਾਸਲਾ ਬਹੁਤਾ ਨਹੀਂ। (ਪੰਨਾ-51)

ਗੁਰਤੇਜ ਦੀ ਇਸ ਚੇਤਨਾ ਵਿਚਲਾ ਦਵੰਦ ਉਸਨੂੰ ਗਤੀਸ਼ੀਲ ਬਣਾਉਣ ਦੀ ਥਾਂ ਸਥਿਰ ਬਣਾ ਦਿੰਦਾ ਹੈ ਤੇ ਸੰਘਰਸ਼ ਕਰਨ ਦੀ ਥਾਂ ਬਿਮਾਰ ਪਰਿਸਥਿਤੀਆਂ ਨੂੰ ਚੁੱਪ-ਚਾਪ ਭੋਗਣ ਦਾ ਧਾਰਨੀ ਬਣਾ ਦਿੰਦਾ ਹੈ। ਉਹ ਉਸ ਧਰਤ ਵਿਚ ਚੇਤਨਾ ਦੇ ਬੂਟੇ ਬੀਜਣ ਤੋਂ ਇਨਕਾਰੀ ਹੈ ਜਿਸ 'ਤੇ ਕਾਲ਼ੇ ਦਰੱਖਤਾਂ ਦੀ ਛਾਂ ਦਾ ਪਹਿਰਾ ਹੈ। ਉਹ ਚੇਤਨਾ ਦੀ ਅਜਿਹੀ ਲਿਸ਼ਕੋਰ, ਜਿਹੜੀ ਉਸਦੇ ਚਿਹਰੇ ਵਾਲਾ ਪਰਦਾ ਉਤਾਰ ਦੇਵੇ, ਦੇ ਮੱਥੇ ਲੱਗਣ ਤੋਂ ਵੀ ਡਰਦਾ ਹੋਇਆ ਬਿਨਾਂ ਕਿਸੇ ਠੋਕਰ ਤੋਂ ਅੱਗੇ ਵਧਣਾ ਚਾਹੁੰਦਾ ਹੈ। ਅਜਿਹਾ ਡਰ ਗੁਰਤੇਜ ਦੀ ਵਿਚਾਰਧਾਰਾ ਵਿਚਲੇ ਚਿੱਬੇਪਣ ਨੂੰ ਉਜਾਗਰ ਕਰਦਾ ਹੈ। ਕਿਉਂਕਿ ਇਕ ਪਾਸੇ ਉਹ ਕਦੇ ਨਾ ਹਾਰ ਮੰਨਣ ਵਾਲੇ ਸਿਪਾਹੀ ਦਾ ਬਿੰਬ ਸਿਰਜਦਾ ਹੈ, ਜਿਸਦੇ ਹੱਥ ਵਿਚੋਂ ਸੂਹਾ ਪਰਚਮ ਨਹੀਂ ਡਿੱਗਦਾ ਪਰੰਤੂ ਦੂਜੇ ਪਾਸੇ ਉਸ ਜਿੱਤ ਦਾ ਚਾਨਣ ਵੇਖਣ ਸਮੇਂ ਉਸਦੀਆਂ ਅੱਖਾਂ ਨਹੀਂ ਖੁਲ੍ਹਦੀਆਂ, ਜਿੱਤ ਦਾ ਚੜ੍ਹਦਾ ਝੰਡਾ ਅੱਧ ਵਿਚਕਾਰੋਂ ਲਹਿ ਜਾਂਦਾ ਹੈ। ਅਜਿਹਾ ਕਰਦੇ ਹੋਏ ਉਹ ਚੇਤਨ ਸੰਘਰਸ਼ ਤੋਂ ਵਿੱਥ ਸਥਾਪਤ ਕਰ ਲੈਂਦਾ ਹੈ। ਇਹ ਵਿੱਥ ਖੁੱਲੀ ਥਾਂ 'ਤੇ ਬੋਲਣ ਨੂੰ ਦਿਲ ਕਰਨਾ, ਪਾਜ਼ੇਬਾਂ ਨੂੰ ਖੋਲ੍ਹਣ ਨੂੰ ਦਿਲ ਕਰਨਾ, ਤੇਜ਼ ਹਵਾ ਵਿਚ ਸ਼ੀਸ਼ੇ ਵਾਲੇ ਘਰ ਦੇ ਬੂਹੇ ਖੋਲ੍ਹਣ ਨੂੰ ਦਿਲ ਕਰਨਾ ਆਦਿ ਚਿਹਨਾਂ ਰਾਹੀਂ ਰੂਪਮਾਨ ਹੁੰਦੀ ਹੈ। ਜਿਸ ਵਿਚ ਅਮਲੀ ਰੂਪ ਵਿਚ ਕੁਝ ਕਰਨ ਤੋਂ ਦੂਰ ਰਹਿ ਕੇ ਗੱਲਾਂ ਤੇ ਸੋਚ ਦੀ ਪੱਧਰ 'ਤੇ ਕੁਝ ਕਰਨ ਦੀ ਚੇਤਨਾ ਹੈ:

ਘਰਾਂ ਨੇ ਕੀਲਿਆ ਏਦਾਂ, ਮੁਸਾਫ਼ਰ ਹੋਣ ਨਾ ਦਿੱਤਾ।

ਰਹੇ ਨਿੱਕੇ ਜਿਹੇ ਜੇਤੂ, ਸਿਕੰਦਰ ਹੋਣ ਨਾ ਦਿੱਤਾ। (ਪੰਨਾ-12)

ਰੌਸ਼ਨੀ ਹੈ, ਰੌਸ਼ਨੀ ਵਿਚ ਖ਼ੁਦ ਨੂੰ ਪਹਿਚਾਣੇਗਾ ਕੌਣ,
ਰਹਿਣ ਦੇਹ, ਇਸ ਵਕਤ ਸ਼ੀਸ਼ੇ ਤੋਂ ਇਹ ਪਰਦਾ ਨਾ ਉਤਾਰ। (ਪੰਨਾ-43)

ਸੰਘਰਸ਼ ਕਰਨ ਵਾਲੇ ਜ਼ਰੂਰੀ ਨਹੀਂ ਕਿ ਜਿਤਦੇ ਹੀ ਹਨ, ਉਹ ਹਾਰ ਵੀ ਜਾਇਆ ਕਰਦੇ ਨ। ਪਰੰਤੂ ਉਹਨਾਂ ਦੇ ਅੰਦਰੋਂ ਚੇਤਨਾ ਤੇ ਹਿੰਮਤ ਦੀ ਅਗਨ ਨਹੀਂ ਹਾਰਦੀ। ਪਰ ਗੁਰਤੇਜ ਦੀ ਗ਼ਜ਼ਲ ਵਿਚ ਨਿਰਾਸ਼ਾ ਦਾ ਇਹ ਰੰਗ ਬਹੁਤ ਗੂੜ੍ਹਾ ਹੈ। ਨਿਰਾਸ਼ਾ ਉਦੋਂ ਉਪਜਦੀ ਹੈ ਜਦੋਂ ਅਸੀਂ ਪਰਿਸਥਿਤੀਆਂ ਦੇ ਖਿਲਾਫ ਬੋਲਣ ਦੀ ਥਾਂ ਆਪਣੀ ਹੋਣੀ ਨੂੰ ਅਟੱਲ ਮੰਨ ਲੈਂਦੇ ਹਾਂ। ਹਾਕਮ ਜਮਾਤਾਂ ਸਦਾ ਹੀ ਚੇਤਨਾ ਨੂੰ ਚਿਣਗ ਬਣਨ ਤੋਂ ਰੋਕਣ ਲਈ ਹੋਣੀ ਦੀ ਸਿਉਂਕ ਸਾਡੇ ਦਿਮਾਗਾਂ ਵਿਚ ਝਾੜਦੀਆਂ ਰਹਿੰਦੀਆਂ ਹਨ। ਜਦੋਂ ਸਾਨੂੰ ਹਾਕਮ ਜਮਾਤ ਦਾ ਵਰਤਾਰਾ ਚੁਭਣੋਂ ਹਟ ਜਾਂਦਾ ਹੈ ਤਾਂ ਅਸੀਂ ਇਸਦੇ ਆਦੀ ਹੋ ਜਾਂਦੇ ਹਾਂ। ਆਦਤ ਨੂੰ ਸਹਿਣਸ਼ੀਲਤਾ ਤੇ ਸਹਿਣਸ਼ੀਲਤਾ ਨੂੰ ਸਹਿਮਤੀ ਨਹੀਂ ਬਣਨ ਦੇਣਾ ਚਾਹੀਦਾ ਤੇ ਇਹ ਚੁਭਣ ਘਟਣੀ ਨਹੀਂ ਚਾਹੀਦੀ। ਗੁਰਤੇਜ ਇਸ ਚੁਭਣ ਨੂੰ ਆਦਤ ਬਣਾ ਕੇ ਸਹਿਣਸ਼ੀਲਤਾ ਬਣਾਉਂਦਾ ਨਜ਼ਰ ਆਉਂਦਾ ਹੈ:

ਨਹੀਂ ਹੁਣ ਕਿਸ਼ਤੀਆਂ ਡੁੱਬਣ ਦਾ ਕੋਈ ਖ਼ੌਫ ਮਨ ਅੰਦਰ,
ਵਸੇ ਹੀ ਓਸ ਥਾਂ ਹਾਂ, ਜਿਸ ਜਗ੍ਹਾ ਹੜ੍ਹ ਆਮ ਆਉਂਦਾ ਹੈ। (ਪੰਨਾ-44)

ਇਥੋਂ ਤਕ ਤਾਂ ਉਸਦਾ ਇਹ ਬੇਖ਼ੌਫ ਹੋਣਾ ਥੋੜ੍ਹਾ ਜਿਹਾ ਸੰਘਰਸ਼ ਦੀ ਚਿਣਗ ਜਗਦੇ ਹੋਣ ਦਾ ਭਰਮ ਪਾਉਂਦਾ ਹੈ ਪਰੰਤੂ ਅੱਗੇ ਜਾ ਕਿ ਜਦੋਂ ਉਹ ਆਪਣੇ ਸੰਘਰਸ਼ ਤੇ ਹਿੰਮਤ ਦਾ ਸਿਹਰਾ ਆਪਣੇ ਸਿਰ ਨਾ ਲੈ ਕੇ ਪਰਿਸਥਿਤੀਆਂ 'ਤੇ ਸੁੱਟਦਾ ਹੈ ਤਾਂ ਉਸਦਾ ਚਿੰਤਨ ਚੇਤਨਾ ਬਣਨ ਦੀ ਥਾਂ ਚਿੰਤਾ ਬਣ ਜਾਂਦਾ ਹੈ। ਉਦੋਂ ਉਸਦੀ ਸਹਿਣਸ਼ੀਲਤਾ ਵੀ ਸਹਿਮਤੀ ਬਣ ਜਾਂਦੀ ਹੈ ਜਦੋਂ ਉਹ ਆਖਦਾ ਹੈ:

'ਨ੍ਹੇਰੇ ਦੀ ਹਰ ਦਲੀਲ ਹੈ ਅੰਨ੍ਹੀ ਤੇ ਖ਼ੌਫਨਾਕ,
ਡਰ ਹੈ ਕਿ ਮੈਨੂੰ ਵੀ ਕਿਤੇ ਸਹਿਮਤ ਨਾ ਕਰ ਲਵੇ। (ਪੰਨਾ-45)

ਡੁੱਬਣਾ ਮੁਸ਼ਕਲ ਨਹੀਂ ਸੀ, ਪਰ ਇਹ ਮੁਸ਼ਕਲ ਹੋ ਗਿਆ,
ਡੁਬਦਿਆਂ ਹੜ੍ਹ ਦੀ ਖੁਸ਼ੀ ਦਾ ਗੀਤ ਵੀ ਗਾਉਣਾ ਪਿਆ। (ਪੰਨਾ-52)

ਵਕਤ ਨੇ ਮੈਨੂੰ ਹੁਣ ਤਕ ਏਥੋਂ ਦੀ ਹੀ ਲਾਂਘਾ ਦਿੱਤਾ ਹੈ,
ਮੇਰਾ ਸੂਲਾਂ 'ਤੇ ਤੁਰ ਲੈਣਾ, ਕੋਈ ਕਲਾ-ਕਮਾਲ ਨਹੀਂ। (ਪੰਨਾ-54)

ਇਸਤੋਂ ਪੂਰੀ ਤਰਾਂ ਸਪੱਸ਼ਟ ਹੋ ਜਾਂਦਾ ਹੈ ਕਿ ਉਸਦੀ ਚੇਤਨਾ ਦੀ ਚਿਣਗ ਵਿਚ ਅਜਿਹਾ ਕੋਈ ਕਮਾਲ ਨਹੀਂ ਕਿ ਆਪਣਾ ਰਸਤਾ ਆਪ ਬਣਾ ਸਕੇ। ਹਨੇਰੇ ਦੀ ਅੰਨ੍ਹੀ ਦਲੀਲ ਅੱਗੇ ਡਰ ਕੇ ਝੁਕਣਾ ਬੇਵਸੀ ਨਹੀਂ ਸਗੋਂ ਸਹਿਮਤੀ ਜਾਪਦਾ ਹੈ। ਡੁਬਦਿਆਂ ਹੋਇਆਂ ਹੜ੍ਹ ਦੀ ਖੁਸ਼ੀ ਦਾ ਗੀਤ ਗਾਉਣਾ ਅਜਿਹੀ ਨਿਰਾਸ਼ਾ ਦਾ ਪ੍ਰਤੀਕ ਹੈ ਜੋ ਸੰਘਰਸ਼ ਵਿਚ ਸਮਝੌਤਾ ਕਰਨ, ਸਹਿਮਤੀ ਕਰਨ ਤੇ ਹੋਣੀ 'ਚ ਯਕੀਨ ਰੱਖਣ ਦਾ ਵਾਹਕ ਬਣਦਾ ਹੈ। ਗੁਰਤੇਜ ਦੀ ਚੇਤਨਾ ਦੇ ਪਾਣੀਆਂ ਦਾ ਪਰਿਸਥਿਤੀਆਂ ਪ੍ਰਤੀ ਇਹ ਵਹਾਅ ਸਥਾਪਤੀ ਦੀਆਂ ਢਲਾਣਾਂ ਵੱਲ ਰਿੜ੍ਹਦਾ ਨਜ਼ਰ ਆਉਂਦਾ ਹੈ।

ਗੁਰਤੇਜ ਕੁਹਾਰਵਾਲਾ ਦੀ ਗ਼ਜ਼ਲ ਵਿਚ ਇਸ਼ਕ ਦਾ ਸੰਕਲਪ ਬਹੁਤ ਬਾਰੀਕੀ ਦੀ ਮੰਗ ਕਰਦਾ ਹੈ। ਇਸ਼ਕ ਦੀ ਪੇਸ਼ਕਾਰੀ ਗ਼ਜ਼ਲ ਦੀ ਰਵਾਇਤੀ ਵਿਧਾਗਤ ਵਿਸ਼ੇਸ਼ਤਾ ਹੈ। ਗੁਰਤੇਜ ਦੀ ਗ਼ਜ਼ਲ ਵਿਚ ਆਪਣੇ ਅਧੂਰੇ ਇਸ਼ਕ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਉਹ ਜਦ ਇਸ ਇਸ਼ਕ ਦਾ ਯਾਦ ਪੱਤਰ ਡਾਇਰੀ ਖੋਲ੍ਹਦਾ ਹੈ ਤਾਂ ਮੋਰ ਦੇ ਖੰਭਾਂ ਵਿਚੋਂ ਅੰਗਿਆਰ ਨਿਕਲਣਾ ਇਸ ਅਧੂਰੇ

ਇਸ਼ਕ ਦੀ ਕੋਈ ਕੌੜੀ ਯਾਦ ਹੈ। ਪਰ ਫਿਰ ਵੀ ਇਕ ਚਿਹਰਾ, ਇਕ ਨਦੀ, ਇਕ ਯਾਦ ਉਸਦੇ ਚੇਤਿਆਂ 'ਚ ਗ਼ੈਰਹਾਜ਼ਰ ਹੁੰਦੀ ਹੋਈ ਵੀ ਹਾਜ਼ਰ ਰਹਿੰਦੀ ਹੈ। ਪਰ ਸਮਾਜਕ ਮਰਿਆਦਾ ਤੇ ਉਸਦੀ ਬਦਨਾਮੀ ਹੋਣ ਦੇ ਡਰ ਤੋਂ ਉਹ ਉਸਤੋਂ ਦੂਰੀ ਵੀ ਬਣਾਈ ਰੱਖਦਾ ਹੈ ਪਰੰਤੂ ਯਾਦ, ਖਤ, ਤਸਵੀਰ ਦਰਦ ਰਾਹੀਂ ਉਸਦੇ ਚੇਤਿਆਂ ਦਾ ਹਿੱਸਾ ਵੀ ਬਣੇ ਰਹਿਣਾ ਚਾਹੁੰਦਾ ਹੈ:

ਬੜਾ ਲਿਖਿਆ ਮੈਂ, ਤੈਥੋਂ ਦੂਰੀਆਂ ਦੇ ਦਰਦ ਨੂੰ ਮੁੜ-ਮੁੜ,
ਕਿਤੇ ਜੋ ਨੇੜਤਾ ਸੀ, ਉਸਨੂੰ ਅੱਖਰ ਹੋਣ ਨਾ ਦਿੱਤਾ। (ਪੰਨਾ-12)

ਪਰਾਏ ਹੋ ਗਏ ਪਲ ਉਮਰ ਦਾ ਹਾਸਲ ਨਹੀਂ ਹੋਣੇ,
ਗਏ ਵੇਲੇ ਨੂੰ ਤਾਂ ਆਵਾਜ਼ ਦੇ ਕੇ ਮੋੜ ਸਕਦਾ ਹਾਂ। (ਪੰਨਾ-26)

ਪੈਰਾਂ ਨੂੰ ਨਾਲ ਲੈ ਗਿਆ ਰਾਹੀ ਸਮੇਟ ਕੇ,
ਪੈੜਾਂ ਅਜੇ ਵੀ ਉਸ ਦੀਆਂ ਮਿੱਟੀ ਦੇ ਨਾਲ਼ ਨੇ। (ਪੰਨਾ-42)

ਖ਼ੁਦਾਇਆ ਮੇਰਿਆਂ ਲਫ਼ਜ਼ਾਂ ਨੂੰ ਹਰ ਇਜ਼ਹਾਰ ਦੇ ਦੇਵੀਂ,
ਪਰ ਇਕ ਚਿਹਰੇ ਨੂੰ ਮੇਰੀ ਬਾਤ 'ਚੋਂ ਉਹਲੇ ਕਰੀ ਰੱਖੀਂ।
ਕਿਤੇ ਤਸਵੀਰ ਕੋਈ, ਯਾਦ, ਥੋੜ੍ਹਾ ਦਰਦ, ਸਰਸ਼ਾਰੀ,
ਜਿਵੇਂ ਹੋਇਆ ਤੂੰ ਮੈਨੂੰ ਆਪਣਾ ਹਿੱਸਾ ਕਰੀ ਰੱਖੀਂ। (ਪੰਨਾ-46)

ਪ੍ਰਾਪਤੀ ਅਤੇ ਅਪ੍ਰਾਪਤੀ ਦੇ ਇਸ ਦਵੰਦ ਵਿਚ ਗੁਰਤੇਜ ਦੀ ਮਾਨਸਿਕਤਾ ਉਸਦੀ ਵਿਚਾਰਧਾਰਾ 'ਤੇ ਹਾਵੀ ਹੋ ਜਾਂਦੀ ਹੈ। ਉਹ ਇਕ ਪਾਸੇ ਆਪਣੀ ਅਦਿੱਖ ਮਹਿਬੂਬ, ਜਿਹੜੀ ਕਿ ਉਸਦੀ ਕਲਪਨਾ ਤੋਂ ਦੂਰ ਕਿਸੇ ਸੰਸਾਰ ਵਿਚ ਵਸਦੀ ਹੈ, ਨੂੰ ਕੋਈ ਇਲਜ਼ਾਮ ਦੇ ਕੇ ਜਾਂ ਨਸ਼ਰ ਕਰਕੇ ਬਦਨਾਮ ਨਹੀਂ ਕਰਨਾ ਚਾਹੁੰਦਾ। ਇਸ ਪਿੱਛੇ ਉਹ ਆਪਣੀ ਤੇਹ ਸੁੱਚੀ ਹੋਣ ਦਾ ਕਾਰਨ ਦੱਸਦਾ ਹੈ:

ਮੈਂ ਡਰ ਜਾਨਾਂ, ਜੇ ਮਨ ਵਿਚ ਵੀ ਨਦੀ ਦਾ ਨਾਮ ਆਉਂਦਾ ਹੈ,
ਕਿ ਏਥੇ ਸੁੱਚੀਆਂ ਤੇਹਾਂ 'ਤੇ ਵੀ ਇਲਜ਼ਾਮ ਆਉਂਦਾ ਹੈ। (ਪੰਨਾ-44)

ਪਰੰਤੂ ਦੂਜੇ ਪਾਸੇ ਉਸਨੂੰ ਨਦੀ, ਹਰਿਆਵਲ, ਸ਼ਾਮ, ਪੀਂਘ ਦੀ ਲੈਅ ਤੇ ਮਸਤੀ ਦੇ ਰੂਪ ਵਿਚ ਮਾਨਣ ਤਕ ਵੀ ਜਾ ਪਹੁੰਚਦਾ ਹੈ। ਹਨੇਰੀ, ਬਾਰਿਸ਼, ਥਲਾਂ ਦੀ ਪਿਆਸ, ਬੱਦਲਾਂ ਦਾ ਬਿਹਬਲ ਹੋਣਾ, ਸੂਰਜ ਨੂੰ ਮੁੱਠੀ ਵਿਚ ਕੈਦ ਰੱਖਣਾ ਆਦਿ ਮੋਟਿਫਾਂ ਵਿਚੋਂ ਇਸ ਲੋਚਾ ਨੂੰ ਪਛਾਣਿਆ ਜਾ ਸਕਦਾ ਹੈ:

ਥਲਾਂ ਦੀ ਪਿਆਸ ਅਪਣੀ ਥਾਂ, ਕਿਤੇ ਬਿਹਬਲ ਸੀ ਬੱਦਲ ਵੀ,
ਹਨੇਰੀ ਬਾਰਿਸ਼ਾਂ ਵੱਲੋਂ ਸੁਨੇਹਾ ਦੇਣ ਆਈ ਸੀ।
ਕਈ ਦਿਨ ਮੈਂ ਵੀ ਅਪਣਾ-ਆਪ ਫਿਰ 'ਕੱਠਾ ਨਹੀਂ ਕੀਤਾ,
ਹਨੇਰੀ ਸੀ ਉਹ, ਪਰ ਦਿਲਕਸ਼ ਖਿਲਾਰਾ ਦੇਣ ਆਈ ਸੀ। (ਪੰਨਾ-47)

ਥਲਾਂ ਦੀ ਰੇਤ ਵੀ ਉਸ ਦਾ ਉਛਾਲਾ ਲੋਚਦੀ ਰਹਿੰਦੀ,
ਨਦੀ ਦਾ ਦੇਸ ਤਾਂ ਉਸਦੇ ਕਿਨਾਰੇ ਤੋਂ ਪਰ੍ਹਾਂ ਵੀ ਹੈ।
ਕਿਸੇ ਦੀ ਪੀਂਘ ਤੋਂ ਲਹਿ ਕੇ ਵੀ ਮੇਰੀ ਲੈਅ ਨਹੀਂ ਮੁੱਕੀ,
ਕਿਵੇਂ ਦੱਸਾਂ ਕਿ ਮਸਤੀ ਤਾਂ ਹੁਲਾਰੇ ਤੋਂ ਪਰ੍ਹਾਂ ਵੀ ਹੈ। (ਪੰਨਾ-63)

ਉਸਦਾ ਇਹ ਦਵੰਦ ਉਸਨੂੰ ਇੱਥੇ ਹੀ ਨਹੀਂ ਟਿਕਣ ਦਿੰਦਾ। ਉਹ ਰਾਤ ਨੂੰ ਪਤਨੀ ਦੀ ਸੇਜ

ਮਾਣਦਿਆਂ ਮਹਿਬੂਬ ਦੀ ਯਾਦ ਤੋਂ ਵੀ ਖਹਿੜਾ ਨਹੀਂ ਛੁਡਵਾ ਸਕਦਾ। ਉਸਦਾ ਇਹ ਦਵੰਦ ਆਪਣੀ ਨਦੀ ਰੂਪੀ ਅਦਿੱਖ ਮਹਿਬੂਬ ਅਤੇ ਸੁਰਾਹੀ ਰੂਪੀ ਪਤਨੀ ਵਿਚੋਂ ਇਕ ਦੀ ਚੋਣ ਕਰਨ ਲਈ ਵਾਰ-ਵਾਰ ਕਹਿੰਦਾ ਹੈ ਤਾਂ ਗੁਰਤੇਜ ਨਦੀ ਰੂਪੀ ਮਹਿਬੂਬ ਦੀ ਯਾਦ ਵਿਚ ਪਾਣੀ ਦੀ ਸੁਰਾਹੀ ਰੂਪੀ ਪਤਨੀ ਨੂੰ ਮਨਫ਼ੀ ਕਰਨ ਤਕ ਚਲਾ ਜਾਂਦਾ ਹੈ:

ਨਦੀ ਇਕ ਯਾਦ ਆਉਂਦੀ ਹੈ ਤਾਂ ਉਹ ਉਠਦਾ ਹੈ ਰਾਤਾਂ ਨੂੰ,
ਸਿਰ੍ਹਾਣੇ ਰੱਖੇ ਪਾਣੀ ਦੀ ਸੁਰਾਹੀ ਡੋਲ੍ਹ ਆਉਂਦਾ ਹੈ। (ਪੰਨਾ-42)

ਇਸ ਵਿਚਾਰ ਚਰਚਾ ਉਪਰੰਤ ਕਿਤਾਬ ਵਿਚ ਪੇਸ਼ ਪਾਣੀ ਦਾ ਹਾਸ਼ੀਆ ਵੀ ਮਾਪਣਾ ਬਣਦਾ ਹੈ ਜਿਹੜਾ ਵੱਖ-ਵੱਖ ਸੁਆਦਾਂ ਵਿਚ ਪੇਸ਼ ਹੋਇਆ ਹੈ। ਬਰਫ਼, ਝਰਨੇ, ਨਦੀ, ਝੀਲ, ਦਰਿਆ, ਸਮੁੰਦਰ ਦਾ ਖਾਰਾ ਪਾਣੀ, ਬਾਰਿਸ਼ ਦਾ ਪਾਣੀ, ਅੱਥਰੂਆਂ ਦਾ ਪਾਣੀ, ਹੜ੍ਹਾਂ ਦਾ ਪਾਣੀ, ਘੜੇ ਦਾ ਪਾਣੀ ਆਦਿ ਦੇ ਪ੍ਰਤੀਕਾਂ ਰਾਹੀਂ ਪਾਣੀ ਗਹਿਰੇ ਅਰਥਾਂ ਵਿਚ ਰੂਪਮਾਨ ਹੋਇਆ ਹੈ। ਕਿਧਰੇ ਦਰਿਆਵਾਂ ਦੇ ਚੜ੍ਹਨ ਵਜੋਂ ਮੌਜੂਦਾ ਪ੍ਰਬੰਧ ਦੀਆਂ ਨੀਤੀਆਂ ਵਜੋਂ, ਕਿਤੇ ਸਿਆਸੀ ਮਾਹੌਲ ਦੀ ਸਾਜ਼ਿਸ਼ੀ ਚੁੱਪ ਦਾ ਬਿਰਤਾਂਤ ਬਣਕੇ ਪੇਸ਼ ਹੋਇਆ ਹੈ, ਕਿਤੇ ਹੜ੍ਹਾਂ ਰਾਹੀਂ ਆਪਣੇ ਘੇਰੇ ਤੋਂ ਅਗਾਂਹ ਟੱਪ ਕੇ ਸਭ ਕੁਝ ਬਰਬਾਦ ਕਰਨ ਵਜੋਂ ਤੇ ਕਿਤੇ ਨਦੀ ਦੇ ਕਿਨਾਰਿਆਂ ਵਿਚ ਕੈਦ ਰਹਿ ਕੇ ਆਪਣੇ ਹਾਸ਼ੀਏ ਤੋਂ ਬਾਹਰ ਨਾ ਜਾ ਸਕਣ ਦੀ ਪੀੜ ਵਜੋਂ ਪੇਸ਼ ਹੋਇਆ ਹੈ, ਕਦੇ ਮਹਿਬੂਬ ਰੂਪੀ ਨਦੀ ਬਣ ਕੇ ਉਸਦੇ ਚੇਤਿਆਂ ਵਿਚ ਘੁਲ਼ਦਾ ਹੈ ਤੇ ਕਿਤੇ ਸਿਰ੍ਹਾਣੇ ਰੱਖੀ ਸੁਰਾਹੀ ਵਿਚ ਪਤਨੀ ਦੀ ਤੜਪ ਵਜੋਂ ਪੇਸ਼ ਹੋਇਆ ਹੈ। ਕਿਤੇ ਉਸਨੂੰ ਆਪਣੇ ਵਿਚ ਡੁਬੋਣ ਲਈ ਤੱਤਪਰ ਹੈ ਤੇ ਕਿਤੇ ਉਸਦੀ ਚੇਤਨਾ ਦਾ ਹਿੱਸਾ ਬਣਕੇ ਉਸ ਵਿਚੋਂ ਤੈਰ ਕੇ ਬਾਹਰ ਨਿਕਲਣ ਦੀ ਜਾਚ ਦੱਸਦਾ ਹੈ। ਹੜ੍ਹ ਦਾ ਪਾਣੀ ਸਭ ਕੁਝ ਭਿਉਂ ਦਿੰਦਾ ਹੈ, ਡੁਬੋ ਦਿੰਦਾ ਹੈ ਪਰੰਤੂ ਉਸਦੇ ਦਿਲ ਦੀ ਰੇਤ 'ਤੇ ਲਿਖਿਆ ਨਾਮ ਨਹੀਂ ਮਿਟਦਾ। ਜਿਸਤੋਂ ਸਪੱਸ਼ਟ ਹੁੰਦਾ ਹੈ ਕਿ ਗੁਰਤੇਜ ਨੇ ਆਪਣੇ ਦਿਲ ਨੂੰ ਬੰਦ ਰੱਖਿਆ ਹੋਇਆ ਹੈ:

ਹੜ੍ਹ ਜਦੋਂ ਆਇਆ ਤਾਂ ਪਾਣੀ ਨਾਲ ਸਭ ਕੁਝ ਵਹਿ ਗਿਆ।
ਫਿਰ ਵੀ ਦਿਲ ਦੀ ਰੇਤ 'ਤੇ, ਇਕ ਨਾਮ ਲਿਖਿਆ ਰਹਿ ਗਿਆ।

ਅੱਜੋਕੇ ਦੌਰ ਵਿਚ ਮਨੁੱਖ ਚਾਹ ਕੇ ਵੀ ਕਿਸੇ ਸੰਕਟ ਤੋਂ ਨਹੀਂ ਬਚ ਸਕਦਾ। ਉਹ ਆਪਣੇ ਆਪ ਨੂੰ ਚਾਹੇ ਕਿੰਨਾ ਵੀ ਬੁੱਧੀਮਾਨ ਸਮਝੇ ਪਰ ਪ੍ਰਬੰਧ ਦੀਆਂ ਨੀਤੀਆਂ ਵਿਚ ਉਹ ਸੁਰੱਖਿਅਤ ਨਹੀਂ ਹੈ। ਕਿਤੇ ਇਹ ਪਾਣੀ ਘਰ ਵਿਚ ਪਏ ਘੜੇ ਅੰਦਰ ਬੰਦ ਰਹਿ ਕੇ ਆਪਣੇ ਆਪ ਨੂੰ ਸੁਰੱਖਿਅਤ ਸਮਝਣ ਦੀ ਭ੍ਰਾਂਤੀ ਮੂਲਕ ਚੇਤਨਾ ਵਜੋਂ ਪੇਸ਼ ਹੁੰਦਾ ਹੈ। ਕਿਤੇ ਇਹ ਪਾਣੀ ਆਪਣਾ ਮੂਲ ਸੁਭਾਅ ਵਗਦੇ ਰਹਿਣ ਤੋਂ ਬਦਲ ਕੇ ਪਥਰਾਅ ਗਿਆ ਹੈ, ਕਿਤੇ ਸਮੁੰਦਰ ਦੇ ਖਾਰੇ-ਪਣ ਰਾਹੀਂ 'ਮੈਂ' ਤੇ 'ਹੰਕਾਰ' ਤੇ ਕਿਤੇ ਭਰਪੂਰ ਜ਼ਿੰਦਗੀ ਨੂੰ ਜਿਉਣ ਦੇ ਸਲੀਕੇ ਵਜੋਂ ਰੂਪਮਾਨ ਹੁੰਦਾ ਹੈ। ਕਿਤੇ ਇਹ ਪਾਣੀ ਜ਼ਿੰਦਗੀ ਦੀ ਰਵਾਨੀ ਵਜੋਂ ਪੇਸ਼ ਹੋਇਆ ਹੈ ਤੇ ਕਿਤੇ ਵਗਦੇ ਰਹਿਣ ਤੋਂ ਮਨਾਹੀ ਦੇ ਰੂਪ ਵਿਚ। ਇਸ ਤਰ੍ਹਾਂ ਪਾਣੀ ਦਾ ਇਹ ਹਾਸ਼ੀਆ ਇਕਸਾਰ ਨਹੀਂ ਹੈ। ਕਿਧਰੇ ਇਹ ਜਮਾਤੀ ਜੱਦੋ-ਜਹਿਦ ਤੇ ਵਿਚਾਰਧਾਰਕ ਚੇਤਨਾ ਦੀ ਯਥਾਰਥਕ ਪੇਸ਼ਕਾਰੀ ਕਾਰਨ ਮਿੱਠਾ ਤੇ ਸੁਆਦੀ ਜਾਪਦਾ ਹੈ, ਕਿਧਰੇ ਇਹ ਚੇਤਨਾ ਤੇ ਵਿਚਾਰਧਾਰਾ ਵਿਚ ਦਵੰਦ ਕਾਰਨ ਕੁਸੈਲਾ ਹੋ ਜਾਂਦਾ ਹੈ, ਕਿਧਰੇ ਇਸ ਵਿਚ ਬਗ਼ਾਵਤ ਦੇ ਤਿੱਖੇ ਤੱਤ ਹੋਣ ਕਾਰਨ ਤੱਤਾ ਜਾਪਦਾ ਹੈ ਤੇ ਕਿਧਰੇ ਸਥਾਪਤੀ ਦੇ ਪੱਖ ਵਿਚ ਹਾਮੀ ਭਰਨ ਕਾਰਨ ਠੰਡਾ-ਸੀਤ ਜਾਪਦਾ ਹੈ। ਸਮੁੱਚੇ ਰੂਪ ਵਿਚ ਗੁਰਤੇਜ ਕੁਹਾਰਵਾਲਾ ਆਪਣੀ ਵਿਚਾਰਧਾਰਾ ਦੇ ਸਪੱਸ਼ਟ ਪ੍ਰਗਟਾਅ ਕਾਰਨ ਇਸ ਹਾਸ਼ੀਏ ਤੋਂ ਬਾਹਰ ਜਾਣ ਦੀ ਥਾਂ ਆਪਣੀ ਚੇਤਨਾ ਦੇ ਇਸ ਪਾਣੀ ਦੇ ਤਹਿ-ਸ਼ੁਦਾ ਹਾਸ਼ੀਏ ਵਿਚਕਾਰ ਰਹਿੰਦਾ ਹੋਇਆ ਦਵੰਦਵਾਦੀ ਵਿਚਾਰਧਾਰਾ ਦਾ ਪ੍ਰਗਟਾਵਾ ਕਰਦਾ ਹੈ।000

(ਗੁਰੂ ਨਾਨਕ ਸਰਕਾਰੀ ਕਾਲਜ, ਗੁਰੂ ਤੇਗ ਬਹਾਦਰ ਗੜ੍ਹ, ਜ਼ਿਲ੍ਹਾ ਮੋਗਾ) ਫੋਨ: 84274-98822)

ਚੁਰਾਸੀ ਦੇ ਚੱਕਰ (ਯਾਦਾਂ) ਨ੍ਰਿਪਇੰਦਰ ਰਤਨ

'ਕਤਰਨ ਕਤਰਨ ਯਾਦਾਂ' ਦੀ ਲੜੀ ਵਿਚ 'ਚੁਰਾਸੀ ਦੇ ਚੱਕਰ' ਕਵੀ ਤੇ ਕਹਾਣੀਕਾਰ ਨ੍ਰਿਪਇੰਦਰ ਰਤਨ ਦੀ ਤੀਜੀ ਵਾਰਤਕ ਪੁਸਤਕ ਹੈ। ਇਸ ਲੜੀ ਵਿਚ ਛਪੀਆਂ ਪਹਿਲੀਆਂ ਦੋ ਪੁਸਤਕਾਂ ਦੇ ਨਾਂ ਸਨ-'ਮੇਰੀ ਪਹਿਲੀ ਕਮਾਈ' ਅਤੇ 'ਇਕ ਦਰਵੇਸ਼ ਮੰਤਰੀ'। ਰਤਨ ਨੇ ਆਪਣੀਆਂ ਯਾਦਾਂ ਨੂੰ ਡਾਇਰੀ ਵਾਲੇ ਅੰਦਾਜ਼ ਵਿਚ ਕਾਫੀ ਹੱਦ ਤਕ ਲਕੀਰੀ ਬਿਰਤਾਂਤ ਦੇ ਰੂਪ ਵਿਚ ਸਾਂਭਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਲਈ ਬਚਪਨ ਤੇ ਜਵਾਨੀ ਦੇ ਸਮੇਂ ਦੀਆਂ ਯਾਦਾਂ ਪਹਿਲਾਂ ਅੰਕਤ ਹੋਈਆਂ ਹਨ ਅਤੇ ਅਧੇੜ ਉਮਰ ਦੀਆਂ ਬਾਅਦ ਵਿਚ। ਇਉਂ ਪਹਿਲੀਆਂ ਪੁਸਤਕਾਂ ਵਿਚ ਉਸ ਨੇ ਜ਼ਿਆਦਾਤਰ ਬਚਪਨ ਤੇ ਜਵਾਨ ਹੋਣ ਦੀ ਉਮਰੇ ਨਿੱਜ ਨਾਲ ਬੀਤੀਆਂ ਜਾਂ ਆਲ਼ੇ ਦੁਆਲ਼ੇ ਹੋਈਆਂ- ਵਾਪਰੀਆਂ ਦੀ ਬਾਤ ਪਾਈ ਸੀ। ਉਹਨਾਂ ਦੀ ਖ਼ੂਬਸੂਰਤੀ ਰਹਿਣ-ਸਹਿਣ, ਆਚਾਰ-ਵਿਹਾਰ ਅਤੇ ਕਦਰਾਂ-ਕੀਮਤਾਂ ਦੇ ਹਵਾਲੇ ਨਾਲ ਬੀਤ ਗਏ ਵੇਲ਼ਿਆਂ ਨੂੰ ਸਾਹਵੇਂ ਲਿਆਉਣ ਅਤੇ ਸਾਧਾਰਨ ਜ਼ਿੰਦਗੀ ਵਿਚ ਨਾਟਕੀ ਅਸਚਰਚਤਾ, ਰੁਮਾਂਸ ਤੇ ਉਤਸੁਕਤਾ ਵਾਲੇ ਅੰਸ਼ਾਂ ਨੂੰ ਸਹਿਜ ਕਲਾਤਮਕਤਾ ਨਾਲ ਰੂਪਮਾਨ ਕਰਨ ਵਿਚ ਸੀ। ਉਹਨਾਂ ਯਾਦਾਂ ਵਿਚ ਵੀ ਇਕ ਉੱਚ ਅਧਿਕਾਰੀ ਵਜੋਂ ਰਤਨ ਨੇ ਆਪਣੇ ਅਨੁਭਵ ਬਿਆਨ ਕੀਤੇ ਸਨ, ਐਪਰ ਉਮਰ ਦੇ ਮਗਰਲੇ ਪੜਾਅ ਦੇ ਸਮਾਚਾਰਾਂ ਨਾਲ ਸੰਬੰਧਤ ਹੋਣ ਕਰਕੇ ਹੱਥਲੀ ਪੁਸਤਕ ਵਿਚ ਇਸ ਵੰਨਗੀ ਦੇ ਅਨੁਭਵਾਂ ਦੇ ਚਿਤਰਨ ਦੀ ਮਾਤਰਾ ਜ਼ਿਆਦਾ ਹੈ।

ਰੋਜ਼ਾਨਾ ਅਖਬਾਰ ਲਈ ਛੋਟੇ ਛੋਟੇ ਵਾਰਤਕ ਟੁਕੜਿਆਂ ਵਜੋਂ ਲਿਖੀਆਂ ਯਾਦਾਂ ਦੀਆਂ ਇਹਨਾਂ ਕਤਰਨਾਂ ਨੂੰ ਪੁਸਤਕ ਰੂਪ ਵਿਚ ਢਾਲਣ ਸਮੇਂ ਲੇਖਕ ਨੇ ਲਕੀਰੀ ਬਿਰਤਾਂਤ ਵਾਲੀ ਜੁਗਤ ਦਾ ਤਿਆਗ ਨਹੀਂ ਕੀਤਾ। ਲਿਖਣ ਦੀ ਤਾਰੀਖ ਦੇ ਕ੍ਰਮ ਅਨੁਸਾਰ ਹੀ ਇਹ ਪੁਸਤਕ ਦਾ ਆਕਾਰ ਧਾਰਨ ਕਰਦੀਆਂ ਗਈਆਂ। ਪਰ ਹੱਥਲੀ ਪੁਸਤਕ ਵਿਚ ਆਉਣ ਵਾਲੀ ਸਮੱਗਰੀ ਸਪਸ਼ਟ ਭਾਂਤ ਵਿਸ਼ੈਗਤ ਵੰਡ ਦੀ ਮੰਗ ਕਰਦੀ ਸੀ। ਲੇਖਕ ਨੇ ਇਸ ਬਾਰੇ ਸੋਚ ਵਿਚਾਰ ਕਰਨ ਦੇ ਬਾਅਦ ਤਰਤੀਬ ਪਹਿਲਾਂ ਵਾਲੀ ਹੀ ਰੱਖਣੀ ਯੋਗ ਸਮਝੀ। ਪਰ ਪੁਸਤਕ ਦਾ ਵਿਸ਼ੈਗਤ ਪਾਸਾਰ ਇਸਨੂੰ ਇਕ ਦਸਤਾਵੇਜ਼ ਦਾ ਰੂਪ ਦੇ ਦਿੰਦਾ ਹੈ ਜਿਸ ਵਿਚੋਂ ਪਿਛਲੇ ਦੋ ਤਿੰਨ ਦਹਾਕਿਆਂ ਦੌਰਾਨ ਪੰਜਾਬ ਦੀ ਸਰਕਾਰੀ ਮਸ਼ੀਨਰੀ, ਰਾਜ-ਸੱਤਾ ਅਤੇ ਸਿਆਸਤਦਾਨਾਂ ਦੇ ਚਰਿੱਤਰ ਦੀ ਪਛਾਣ ਹੋ ਸਕਦੀ ਹੈ। ਏਸੇ ਤੱਥ ਵਿਚ ਹੀ ਇਹ ਪੁਸਤਕ ਲੜੀ ਦੀਆਂ ਪਹਿਲੀਆਂ ਦੋ ਪੁਸਤਕਾਂ ਦੇ ਟਾਕਰ ਵਧੇਰੇ ਮਹੱਤਵ ਗ੍ਰਹਿਣ ਕਰ ਜਾਂਦੀ ਹੈ।

'ਚੁਰਾਸੀ ਦੇ ਚੱਕਰ' ਪੁਸਤਕ ਦੇ ਨਾਮਕਰਨ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਸ ਵਿਚ ਪੰਜਾਬ ਸੰਤਾਪ ਦੇ ਦਿਨਾਂ ਦੀ ਗੱਲ ਹੋਵੇਗੀ। ਪੁਸਤਕ ਵਿਚਲੇ ਕੁਲ 26 ਲੇਖਾਂ ਵਿਚੋਂ 'ਸੰਨ 84 ਦੇ ਉਹ ਦਿਨ' ਨਾਂ ਦੇ ਲੇਖ ਸਮੇਤ ਇਸ ਵਿਚ ਸਿੱਧੇ ਤੌਰ 'ਤੇ ਏਸ ਵਿਸ਼ੈ ਨੂੰ ਛੂੰਹਦੇ ਲੇਖਾਂ ਦੀ ਗਿਣਤੀ ਭਾਵੇਂ ਸਿਰਫ ਤਿੰਨ ਹੀ ਹੈ, ਪਰ ਇਸ ਸੰਤਾਪ ਦਾ ਸੇਕ ਕਈ ਹੋਰ ਥਾਈਂ ਵੀ ਮਹਿਸੂਸ ਕੀਤਾ ਜਾ ਸਕਦਾ ਹੈ। ਦਰਬਾਰ ਸਾਹਿਬ 'ਤੇ ਭਾਰਤੀ ਫੌਜ ਦੇ 'ਬਲਿਊ ਸਟਾਰ ਉਪਰੇਸ਼ਨ' ਸਮੇਂ ਲੇਖਕ ਅਮ੍ਰਿਤਸਰ ਵਿਚ ਤਾਇਨਾਤ ਸੀ। ਉਸ ਸਮੇਂ ਹੋਈ ਤਬਾਹੀ ਤੇ ਘਟਨਾਵਾਂ ਦੀ ਚਸ਼ਮਦੀਦ ਗਵਾਹੀ ਦੇਣ ਤੋਂ ਬਿਨਾਂ ਦਿੱਲੀ ਦੇ ਦੰਗਿਆਂ ਦੇ ਪਿਛੋਕੜ ਵਿਚ ਮਜ਼ਹਬ ਦੇ ਆਧਾਰ 'ਤੇ ਲੋਕਾਂ ਦੀ

ਮਾਨਸਿਕਤਾ ਵਿਚ ਆਈ ਤਬਦੀਲੀ ਦਾ ਜ਼ਿਕਰ ਧਰਮ-ਨਿਰਪੇਖਤਾ ਵਾਲੀ ਆਪਣੀ ਸਾਰਥਕ ਸੋਚ ਦੇ ਅੰਤਰਗਤ ਰਤਨ ਨੇ ਰੁਦਨ ਦੀ ਸੁਰ ਵਿਚ ਕੀਤਾ ਹੈ।

ਵੈਸੇ ਆਪਣੇ ਨਿੱਜ ਨਾਲ ਹੋਈ ਬੀਤੀ ਕਿਸੇ ਮਾੜੀ ਘਟਨਾ 'ਤੇ ਰਤਨ ਦੀ ਬਿਰਤੀ ਰੁਦਨ ਕਰਨ ਵਾਲੀ ਨਹੀਂ, ਸਗੋਂ ਉਸਨੂੰ ਹਾਸੇ ਮਜ਼ਾਕ ਵਿਚ ਉਡਾ ਦੇਣ ਵਾਲੀ ਹੈ। ਇਸਦਾ ਪ੍ਰਮਾਣ "ਚੌਕਸੀ ਬਿਉਰੋ ਦੇ ਚੌਕੇ ਛੱਕੇ' ਨਾਂ ਦੀ ਪੁਸਤਕ ਵਿਚ ਸ਼ਾਮਲ ਪਹਿਲੀ ਕਤਰਨ ਵਿਚੋਂ ਦੇਖਿਆ ਜਾ ਸਕਦਾ ਹੈ। ਸੱਤਾ ਦੇ ਗਲਿਆਰਿਆਂ ਤੋਂ ਦੂਰ ਬੈਠੇ ਸਾਧਾਰਨ ਲੋਕਾਂ ਨੂੰ ਅਨੁਮਾਨ ਨਹੀਂ ਹੋ ਸਕਦਾ ਕਿ ਉੱਚ ਰਾਜ ਅਧਿਕਾਰੀ ਤੇ ਸਿਆਸਤਦਾਨ ਆਪਣੇ ਸਾਂਝੇ ਜਮਾਤੀ ਹਿਤਾਂ ਲਈ ਇਕੱਠੇ ਹੁੰਦੇ ਹੋਏ ਵੀ ਇਕ ਦੂਸਰੇ ਨੂੰ ਠਿੱਬੀ ਲਾਉਣ ਲਈ ਕੀ ਕੀ ਖੇਡਾਂ ਖੇਡਦੇ ਹਨ। ਰਤਨ ਨੂੰ ਵੀ ਆਪਣੇ ਤੋਂ ਵੱਡੇ ਕਿਸੇ ਅਫਸਰ ਦੀ ਕਰੋਪੀ ਦਾ ਸ਼ਿਕਾਰ ਹੋਣ ਉਪਰੰਤ 'ਵਿਜੀਲੈਂਸ ਬਿਉਰੋ ਦੀ ਜਾਂਚ' ਵਿਚੋਂ ਲੰਘਣਾ ਪਿਆ ਸੀ। ਇਸ ਜਾਂਚ ਦਾ ਜਿਹੋ ਜਿਹਾ ਦਿਲਚਸਪ ਵੇਰਵਾ ਰਤਨ ਨੇ ਦਿੱਤਾ ਹੈ, ਉਸ ਤੋਂ ਪਤਾ ਚੱਲਦਾ ਹੈ ਕਿ ਖੋਟੀ ਨੀਤ ਵਾਲੀ ਨੌਕਰਸ਼ਾਹੀ ਕਿਵੇਂ ਲੋਕਾਂ ਨੂੰ ਚੁਰਾਸੀ ਦੇ ਗੇੜ ਵਿਚ ਪਾਉਂਦੀ ਹੈ। ਇਕ ਚੇਤੰਨ ਤੇ ਪ੍ਰਬੁੱਧ ਅਧਿਕਾਰੀ ਹੋਣ ਦੇ ਨਾਤੇ ਰਤਨ ਤਾਂ ਬਚ ਗਿਆ। ਉਸ ਦੀ ਸਾਫ ਬਿਆਨੀ ਤਾਂ ਸਗੋਂ ਉਲਟਾ ਸਮੁੱਚੇ ਅਧਿਕਾਰੀ ਵਰਗ ਲਈ ਖਤਰੇ ਵਾਲੀ ਚੁਣੌਤੀ ਬਣ ਗਈ। ਪਰ ਕੁਰਪਸ਼ਨ ਨੂੰ ਖਤਮ ਕਰਨ ਦੇ ਨਾਂ 'ਤੇ ਕੁਰਪਟ ਅਧਿਕਾਰੀ ਇਮਾਨਦਾਰ ਲੋਕਾਂ ਨੂੰ ਕਿਵੇਂ ਪਰੇਸ਼ਾਨ ਕਰਦੇ ਹਨ, ਇਹ ਤੇ ਇਸ ਵੰਨਗੀ ਦੇ ਕਈ ਹੋਰ ਲੇਖ ਪੜ੍ਹਕੇ ਇਸਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ।

ਸਿਆਸੀ ਪਾਰਟੀਆਂ ਦੀ ਜਿੱਤ ਹਾਰ ਦੇ ਆਧਾਰ 'ਤੇ ਸਰਕਾਰਾਂ ਵਿਚ ਤਬਦੀਲੀ ਹੋਣ ਕਰਕੇ ਸਿਆਸਤਦਾਨਾ ਦੇ ਚੜ੍ਹਤ ਵਿਚ ਹੋਣ ਜਾਂ ਗੁੱਠੇ ਲੱਗਣ ਦੀ ਹਕੀਕਤ ਤੋਂ ਤਾਂ ਸਭ ਜਾਣੂੰ ਹਨ, ਪਰ ਉੱਚ ਅਧਿਕਾਰੀਆਂ ਵਿਚ ਵੀ ਇਸ ਤਰ੍ਹਾਂ ਦੀ ਸਥਿਤੀ ਹੁੰਦੀ ਹੈ, ਇਸ ਦਾ ਪਤਾ 'ਆਰ.ਸੀ.ਏ. ਅਰਥਾਤ ਬੇਲੋੜੇ ਅਫਸਰਾਂ ਦੀ ਟੋਲੀ' ਨਾਂ ਦੇ ਲੇਖ ਤੋ ਂ ਲੱਗਦਾ ਹੈ, ਜਿਸ ਵਿਚ ਗੁੱਠੇ ਲੱਗੇ ਲਗਪਗ ਵਿਹਲੇ ਅਫਸਰਾਂ ਦਾ ਜ਼ਿਕਰ ਹੈਰਤਨ ਵੀ ਲੰਮੇਂ ਸਮੇਂ ਤਕ ਇਸ ਟੋਲੀ ਦਾ 'ਮੈਂਬਰ' ਰਿਹਾ, । ਸਰਕਾਰ ਦੇ ਬਦਲਨ ਨਾਲ ਇਸ ਟੋਲੀ ਦੇ ਮੈਂਬਰ ਬੀ ਖੁੱਡੇਲਾਈਨ ਤੋਂ ਬਾਹਰ ਆ ਕੇ 'ਮਾਲ' ਵਾਲੀਆਂ ਪਦਵੀਆਂ ਨੂੰ ਪਹੁੰਚ ਗਏ ਪਰ ਆਰ.ਸੀ.ਏ. ਦੇ ਮੈਂਬਰ ਬਣੇ ਰਹੇ। ਪਰ ਹੁਣ ਆਰ.ਸੀ.ਏ. ਵਿਚ 'ਆਰ' ਦਾ ਮਤਲਬ ਅੰਗਰੇਜ਼ੀ ਦੇ ਸ਼ਬਦ ਰੀਡੰਡੰਟ (ਨਖਿੱਧ) ਦੀ ਥਾਂ ਰੂਲਿੰਗ (ਹਕੂਮਤੀ) ਹੋ ਗਿਆ।

ਰਤਨ ਨੂੰ ਟਰਾਂਸਪੋਰਟ ਦਾ 'ਮਾਲਦਾਰ ਮਹਿਕਮਾ' ਮਿਲਿਆ, ਜਿਸਦੀ ਕਸ਼ਿਸ਼ ਦਾ ਜ਼ਿਕਰ ਰਤਨ ਨੇ ਅਧਿਕਾਰੀਆਂ ਦੀ ਇਕ ਮੀਟਿੰਗ ਦੇ ਹਵਾਲੇ ਨਾਲ ਕੀਤਾ ਹੈ। ਨਵੇਂ ਕਮਿਸ਼ਨਰ ਨੇ ਕਿਹਾ ਕਿ ਬਿਨਾਂ ਬਹੁਤੇ ਤਰੱਦਦ ਤੋਂ ਸਾਲ ਦੇ ਸੱਠ ਕੁ ਲੱਖ ਰੁਪਏ ਤਾਂ ਉਸ ਤਕ ਪਹੁੰਚਦੇ ਹੋ ਹੀ ਸਕਦੇ ਹਨ? ਜਵਾਬ ਸੀ, 'ਸਰ! ਮਹਿਕਮੇ ਦੀ ਬੇਇੱਜ਼ਤੀ ਨਾ ਕਰੋ। ਇੰਝ ਮਹਿਕਮੇ ਨੂੰ ਘਟੀਆ ਅਤੇ ਗ਼ਰੀਬ ਨਾ ਕਹੋ। ਇਹ ਸੱਠ ਲੱਖ ਹਰ ਸਾਲ ਨਹੀਂ, ਹਰ ਮਹੀਨੇ ਤੁਹਾਡੇ ਤਕ ਪੁੱਜ ਸਕਦੇ ਹਨ'। ਟਰਾਂਸਪੋਰਟ ਵਿਭਾਗ ਦੀਆਂ ਕਾਰਗੁਜ਼ਾਰੀਆਂ ਦਾ ਜ਼ਿਕਰ ਪੁਸਤਕ ਵਿਚਲੇ ਕਈ ਲੇਖਾਂ ਵਿਚ ਹੋਇਆ ਹੈ, ਜਿਸ ਤੋਂ ਸੂਹ ਲੱਗਦੀ ਹੈ ਕਿ ਵੱਖ ਵੱਖ ਪਾਰਟੀਆਂ ਦੇ ਵੱਡੇ ਨੇਤਾ ਰਲ਼ ਕੇ ਪ੍ਰਾਈਵੇਟ ਟਰਾਂਸਪੋਰਟਰਾਂ ਦੇ ਹਿਤ ਪਾਲ਼ਦੇ ਹਨ। ਰਤਨ ਇਹ ਕੁਝ ਕਰ ਨਹੀਂ ਸਕਿਆ ਅਤੇ ਆਪਣੇ ਇਹਨਾਂ'ਲੱਛਣਾਂ' ਸਦਕਾ ਉਸਨੂੰ ਛੇਤੀ ਹੀ ਇਸ ਵਿਭਾਗ ਤੋਂ ਛੁੱਟੀ ਮਿਲ ਗਈ।

ਸਿਆਸੀ ਨੇਤਾ ਅੱਗੇ ਵੱਡੇ ਤੋਂ ਅੱਗੇ ਅਧਿਕਾਰੀ ਨੂੰ ਵੀ ਨਿਵਣਾ ਪੈਂਦਾ ਹੈ।ਪਰ ਇਹ ਸੰਬੰਧਤ ਅਧਿਕਾਰੀ 'ਤੇ ਨਿਰਭਰ ਕਰਦਾ ਹੈ ਕਿ ਉਸਨੇ ਨਿਯਮਾਂ ਦੇ ਮੁਤਾਬਕ ਸੇਵਾ ਕਰਨੀ ਹੈ ਜਾਂ ਧੌਂਸ ਅੱਗੇ ਸਿਰ ਝੁਕਾ ਕੇ ਆਪਣੀ ਪਦਵੀ ਸੁਰੱਖਿਅਤ ਰੱਖਣੀ ਹੈ। ਵਰਤਮਾਨ ਵਿਵਸਥਾ ਵਿਚ ਬਹੁਤੇ

ਅਫਸਰ ਅਕਸਰ ਦੂਜੀ ਸੌਖੀ ਚੋਣ ਕਰਦੇ ਹਨ। ਰਤਨ ਆਪਣੇ ਵਿਹਾਰ ਦੇ ਨਾਲ ਖੁਦ ਦੇ ਸੰਬੰਧ ਵਿਚ ਪਹਿਲੀ ਭਾਂਤ ਦੀ ਚੋਣ ਕਰਨ ਵਾਲੇ ਅਧਿਕਾਰੀ ਦਾ ਬਿੰਬ ਸਿਰਜਦਾ ਹੈ। ਇਸ ਤਰ੍ਹਾਂ ਦਾ ਬਿੰਬ ਸਿਰਜਣ ਵਿਚ ਉਸ ਉੱਤੇ ਸਵੈ ਪ੍ਰਸ਼ੰਸਾ ਜਾਂ ਹਉਂ ਦਾ ਆਰੋਪ ਲਾਉਣਾ ਤਾਂ ਸੰਭਵ ਨਹੀਂ, ਪਰ ਇਹ ਵੀ ਯਕੀਨ ਕਰਨਾ ਮੁਸ਼ਕਲ ਹੈ ਕਿ ਸਮੁੱਚੇ ਤੌਰ 'ਤੇ ਲਿਬੜੀ ਹੋਈ ਪ੍ਰਬੰਧ-ਵਿਵਸਥਾ ਵਿਚ ਕੋਈ ਕਿਵੇਂ ਤੇ ਕਿੰਨਾ ਕੁ ਸਾਫ ਰਹਿ ਸਕਦਾ ਹੈ। 'ਕੋਈ ਹਰਿਉ ਬੂਟ ਰਹਿਉ ਰੀ'।

ਲੁਧਿਆਣੇ ਜ਼ਿਲ੍ਹੇ ਵਿਚ ਡਿਪਟੀ ਕਮਿਸ਼ਨਰ ਹੋਣ ਤੋਂ ਲੈ ਕੇ ਡਵੀਜਨ ਕਮਿਸ਼ਨਰ ਅਤੇ ਵੱਖ ਵੱਖ ਮਕਿਮਿਆਂ ਦੇ ਪ੍ਰਮੁੱਖ ਸਕੱਤਰ ਵਜੋਂ ਸਰਵਿਸ ਕਰਦਿਆਂ ਰਤਨ ਨੇ ਅਨੇਕਾਂ ਯਾਦਾਂ ਸਾਂਝੀਆਂ ਕੀਤੀਆਂ ਹਨ, ਜਿਨਾਂ ਵਿਚ ਕਿਤੇ ਕਿਤੇ ਕੁਝ ਚੰਗਾ ਵਾਪਰਦਾ ਵੀ ਸੁਣੀਂਦਾ ਹੈ, ਪਰ ਜੋ ਅਮੂਮਨ ਹੇਠਾਂ ਤੋਂ ਲੈ ਕੇ ਉਪਰ ਤਕ ਰਾਜ-ਵਿਵਸਥਾ ਦੇ ਵਿਗਾੜ ਦੀਆਂ ਅਲਾਮਤਾਂ ਨੂੰ ਹੀ ਦਰਸਾਉਂਦੀਆਂ ਹਨ। ਸਿਖਰਲੀ ਪੱਧਰ ਦੇ ਵਿਗਾੜ ਨੂੰ ਜਾਨਣ ਲਈ ਇਹ ਦੱਸਣਾ ਕਾਫੀ ਹੋਵੇਗਾ ਕਿ 'ਮੁਖ ਮੰਤਰੀ ਨਿਵਾਸ' ਦੀ ਇਕ ਵਿਸ਼ੇਸ਼ ਸੰਸਥਾ ਵੀ ਮੌਜੂਦ ਹੈ ਜਿਸਦਾ ਸਰਕਾਰੀ ਕਾਗ਼ਜ਼ਾਂ ਵਿਚ ਭਾਵੇਂ ਕਿਧਰੇ ਜ਼ਿਕਰ ਨਹੀਂ ਪਰ ਜਿਸਦੀ ਸਰਵੋਤਮਤਾ ਨੂੰ ਨਾ ਸਵੀਕਾਰਨਾ ਬਹੁਤ ਮਹਿੰਗਾ ਪੈ ਸਕਦਾ ਹੈ। ਨਿੱਕੇ ਅਕਾਰ ਦੀਆਂ ਲਿਖਤਾਂ ਵਾਲੀ ਇਸ ਛੋਟੀ ਜਿਹੀ ਪੁਸਤਕ ਵਿਚ ਬਹੁਤ ਕੁਝ ਹੈ ਜਿਸਨੂੰ ਪੜ੍ਹਕੇ ਪਾਠਕ ਜਿਵੇਂ ਚਾਹੁਣ,ਹੈਰਾਨ ਪਰੇਸ਼ਾਨ ਜਾਂ ਅਨੰਦਤ ਹੋ ਸਕਦੇ ਹਨ। **-ਰਘਬੀਰ ਸਿੰਘ**

ਦਰਦ ਦੇ ਰੰਗ (ਸ਼ਾਇਰੀ) ਗੁਰਨਾਮ ਢਿੱਲੋਂ

ਇੰਗਲੈਂਡ ਵੱਸਦਾ ਸ਼ਾਇਰ ਗੁਰਨਾਮ ਢਿੱਲੋਂ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ ਹੈ। ਸੱਤਰਵਿਆਂ ਵਿਚ ਹੀ ਉਸਨੇ 'ਅੱਗ ਦੇ ਬੀਜ' ਤੇ 'ਹੱਥ ਤੇ ਹਥਿਆਰ' ਵਰਗੇ ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ ਸਨ, ਜਿਨ੍ਹਾਂ ਵਿਚੋਂ ਉਸਦੀ ਜੁਝਾਰੂ ਚੇਤਨਾ ਦੇ ਦਿਦਾਰ ਹੁੰਦੇ ਸਨ। ਅੱਜ ਜਦੋਂ ਭਾਰਤ ਵਰਸ਼ ਦੇ ਧਰਮ-ਨਿਰਪੱਖ ਢਾਂਚੇ ਨੂੰ ਸੱਤਾਧਾਰੀ ਹਿੰਦੂ ਕੱਟੜਪੰਥੀਆਂ ਅਤੇ ਕਾਰਪੋਰੇਟ ਜਗਤ ਦੀਆਂ ਸਿੱਧੀਆਂ ਤੇ ਗੁੱਝੀਆਂ ਸੱਟਾਂ ਵੱਜ ਰਹੀਆਂ ਹਨ ਤਾਂ ਪੰਜਾਬੀ ਲੇਖਕਾਂ ਸਾਹਵੇਂ ਇਸ ਕਰੂਰ ਵਰਤਾਰੇ ਖ਼ਿਲਾਫ਼ ਲਿਖਣਾ ਵੰਗਾਰ ਬਣ ਗਈ ਹੈ। ਗੁਰਨਾਮ ਢਿੱਲੋਂ ਨੇ 'ਦਰਦ ਦੇ ਰੰਗ'(ਪੰਨੇ 85, ਮੁੱਲ 195, ਯੂਨੀਸਟਾਰ ਬੁੱਕਸ, ਮੁਹਾਲੀ) ਕਾਵਿ-ਸੰਗ੍ਰਹਿ ਦੀ ਸਿਰਜਣਾ ਰਾਹੀਂ ਇਸ ਵੰਗਾਰ ਨੂੰ ਕਬੂਲਿਆ ਹੈ। ਇਸ ਸੰਗ੍ਰਹਿ ਵਿਚ ਉਸਨੇ ਅੱਜ ਦੇ ਵਕਤ ਨੂੰ ਪੈ ਰਹੀ ਰਾਜਸੀ ਮਾਰ ਖਿਲਾਫ਼ ਤਿੱਖੇ ਸਵਾਲ ਖੜ੍ਹੇ ਕੀਤੇ ਹਨ।

ਸਭ ਤੋਂ ਪਹਿਲਾ ਸਵਾਲ ਤਾਂ ਸਮਾਜ ਵਿਚ ਔਰਤ ਦੀ ਸੁਰੱਖਿਆ ਦਾ ਹੈ। ਗੁਰਨਾਮ ਢਿੱਲੋਂ ਨੇ ਔਰਤ ਦੇ ਦਰਦ ਨੂੰ ਪਛਾਣ ਕੇ ਔਰਤ ਬਾਰੇ ਜਿਹੜੀਆਂ ਕਵਿਤਾਵਾਂ ਦੀ ਸਿਰਜਣਾ ਕੀਤੀ ਹੈ ਉਹਨਾਂ ਵਿਚ ਉਹ ਔਰਤ ਨੂੰ ਮਨੁੱਖੀ ਜੀਵਨ ਅਤੇ ਸਿਰਜਣਾਤਮਕ ਕੋਮਲ ਕਲਾਵਾਂ ਦਾ ਮੁੱਖੜਾ ਸ਼ਿੰਗਾਰਦੀ ਸ਼ਕਤੀ ਵਜੋਂ ਵੇਖਦਾ ਹੈ ਅਤੇ ਔਰਤ ਨੂੰ ਗਾਲ਼ ਦਿੰਦੇ ਵਰਤਾਰੇ ਨੂੰ ਕੋੜ੍ਹ ਤਕ ਕਹਿ ਦਿੰਦਾ ਹੈ:

ਜੋ ਮਾਂ,ਭੈਣ,ਧੀ,ਪਤਨੀ ਦੀ ਗਾਲ਼ ਕੱਢਦਾ ਹੈ
ਉਹ ਨਹੀਂ ਜਾਣਦਾ ਕਿ ਇਹ ਗਾਲ਼ ਨਹੀਂ,
ਨਿਰੀ ਮੂਰਖਤਾ,ਨਿਰੀ ਜ਼ਹਾਲਤ,ਨਿਰੀ ਦਰਿੰਦਗੀ,
ਨਿਰੀ ਨਿਰਾਸ਼ਾ,ਨਿਰੀ ਹਾਰ ਹੈ

ਗੁਰਨਾਮ ਢਿੱਲੋਂ ਨੇ ਔਰਤ ਤੇ ਰੱਬ ਦੀ ਤੁਲਨਾਤਮਕ ਕਾਵਿ-ਸੰਚਾਰੀ ਜੁਗਤ ਰਾਹੀਂ ਇਸ ਭੇਤ ਨੂੰ ਨਸ਼ਰ ਕੀਤਾ ਹੈ ਕਿ ਧਾਰਮਿਕ ਲੁੱਟ-ਖਸੁੱਟ ਅਥਵਾ ਸੰਪਰਦਾਇਕ ਦੰਗੇ-ਫਸਾਦ ਨਹੀਂ ਸੀ ਹੋਣੇ ਜੇਕਰ ਰੱਬ ਵਰਗੀ ਸੰਕਲਪ ਹਸਤੀ ਇਸ ਸੰਸਾਰ ਵਿਚ ਨਾ ਹੁੰਦੀ। ਔਰਤ ਨੂੰ ਵਿਕਾਸਕਾਰੀ ਸ਼ਕਤੀ ਤੇ ਰੱਬ ਨੂੰ ਵਿਨਾਸ਼ਕਾਰੀ ਸ਼ਕਤੀ ਮੰਨ ਕੇ ਗੁਰਨਾਮ ਢਿੱਲੋਂ ਲਿਖਦਾ ਹੈ :

ਕੋਈ ਕਵੀ ਤੇ ਚਿੱਤਰਕਾਰ / ਨਾ ਹੁੰਦਾ
ਇਹ ਜੀਵਨ ਦਾ ਮੁੱਖੜਾ / ਸ਼ਿੰਗਾਰ ਨਾ ਹੁੰਦਾ
ਜੇ ਔਰਤ ਨਾ ਹੁੰਦੀ / ਇਹ ਸੰਸਾਰ ਨਾ ਹੁੰਦਾ
ਜੇ ਹੁੰਦਾ ਖੁਦਾ ਨਾ ਤਾਂ ਫਿਰ ਕੀ ਨਾ ਹੁੰਦਾ

ਔਰਤ ਦੇ ਪੱਖ 'ਚ ਆਵਾਜ਼ ਬੁਲੰਦ ਕਰਦਾ ਗੁਰਨਾਮ ਢਿੱਲੋਂ ਰੱਬ ਵਰਗੀ ਸਕਤੀ ਨੂੰ ਮਹਿਜ਼ ਉਲ੍ਹਾਮਾ ਨਹੀਂ ਦਿੰਦਾ ਸਗੋਂ ਦੋਸ਼ੀ ਠਹਿਰਾਉਂਦਾ ਹੈ ਕਿ ਮਨੁੱਖਤਾ ਦੇ ਲਹੂ-ਪੀਣੇ ਬੇਰਹਿਮ ਵਰਤਾਰੇ ਨਾਲ ਉਸਦਾ ਅਜ਼ਲ ਤੋਂ ਗੁਪਤ ਸਮਝੌਤਾ ਰਿਹਾ ਹੈ:

ਓਧਰ ਦਰਿੰਦੇ ਹੁਕਮ ਚਲਾਉਂਦੇ ਰਹੇ
ਲਹੂ ਪੀਂਦੇ ਰਹੇ / ਹੱਡ ਚੂੰਡਦੇ ਰਹੇ.
ਗੁਲਛੱਰੇ ਉਡਾਉਂਦੇ ਰਹੇ
ਸਰਵ-ਸ੍ਰਿਸ਼ਟੀ ਦਾ ਸਿਰਜਣਹਾਰ! ਪਾਲਣਹਾਰ!!
ਭਗਵਾਨ / ਵਾਹਿਗੁਰੂ / ਅੱਲਾ
ਖਾਮੋਸ਼ / ਇਹ ਮਾਜਰਾ ਵੇਖਦਾ ਰਿਹਾ
ਵੇਖ ਕੇ ਅਣਡਿੱਠ ਕਰਦਾ ਰਿਹਾ
ਉਹਦਾ ਵੀ ਇਸ ਬੇਰਹਿਮ ਵਰਤਾਰੇ ਨਾਲ
ਅਜ਼ਲ ਤੋਂ ਗੁਪਤ ਸਮਝੌਤਾ ਹੈ।

ਇੱਕੀਵੀਂ ਸਦੀ ਦੇ ਭਾਰਤ ਦਾ ਰਾਜਸੀ ਵਰਤਾਰਾ ਅਜਿਹੇ ਗੁਪਤ ਸਮਝੌਤਿਆਂ ਨਾਲ ਭਰਪੂਰ ਹੈ। ਅਜਿਹੇ ਰਾਜਸੀ ਦੌਰ ਵਿਚ ਸੱਤਾਧਾਰੀ ਧਿਰ "ਅੱਛੇ ਦਿਨ" ਦਾ ਨਾਆਰਾ ਦੇ ਕੇ ਭਾਰਤੀ ਲੋਕਤੰਤਰ ਦਾ ਬੇਰਹਿਮੀ ਨਾਲ ਕਤਲ ਕਰ ਰਹੀ ਹੈ। ਜਾਤ-ਪਾਤ ਦੀ ਖੇਡ ਰਚਾ ਕੇ ਭਾਰਤੀ ਸਮਾਜ ਦੀ ਅਨੇਕਤਾ ਕਰਕੇ ਬਣੀ ਏਕਤਾ ਨੂੰ ਖੇਰੂੰ-ਖੇਰੂੰ ਕਰ ਰਹੀ ਹੈ। ਚਾਰੇ ਪਾਸੇਂ ਹਿੰਦੂਤਵ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੀ ਹੈ। ਘੱਟ-ਗਿਣਤੀ ਤੇ ਦਲਿਤ ਵਰਗ ਉੱਤੇ ਅੱਤਿਆਚਾਰ ਕਰ ਕੇ ਉਹਨਾਂ ਨੂੰ ਡਰਾ ਤੇ ਧਮਕਾ ਰਹੀ ਹੈ। ਦੇਸ਼ ਭਗਤੀ ਬਨਾਮ ਦੇਸ਼ ਧ੍ਰੋਹ ਦੇ ਨਾਅਰੇ ਗੂੰਜਾਅ ਰਹੀ ਹੈ। ਇਹ ਸਾਰਾ ਕੁਝ ਹਿੰਦੂ ਰਾਸ਼ਟਰਵਾਦ ਦੀ ਬੁਰਛਾਗਰਦ ਸਿਆਸਤ ਦੀ ਖਤਰਨਾਕ ਖੇਡ ਹੈ। ਜਿਸਦਾ ਜ਼ਿਕਰ 'ਉਡੀਕ' ਨਾਂ ਦੀ ਕਵਿਤਾ ਵਿਚ ਹੈ:

ਹਿਟਲਰ, ਹਲਾਕੂ, ਚੰਗੇਜ਼ / ਅਸਾਡੇ ਸਾਹਵੇਂ ਹੀਣੇ ਹੋ ਜਾਣਗੇ
ਇਤਿਹਾਸ ਦੇ ਪੰਨੇ ਕੇਵਲ ਅਸਾਡੇ ਹੀ ਗੁਣ ਗਾਣਗੇ
ਅਸਾਡੀ ਨਸਲ,ਸ਼ੁੱਧ,ਸ੍ਰੇਸ਼ਟ,ਅਸਲੀ ਨਸਲ
ਅਸਾਡੇ ਪੂਰਵਜ ਸਰਵ-ਕਲਾ ਸੰਪੂਰਨ
ਅਸਾਡਾ ਧਰਮ ਮਹਾਨ, ਹੋ ਕੇ ਰਹੇ ਗਾ ਭਗਵਾਂਕਰਣ
ਬਣ ਕੇ ਰਹੇ ਗਾ "ਹਿੰਦੂਸਤਾਨ"
ਇਹ ਕੈਸੀ ਖਤਰਨਾਕ ਖੇਡ ਖੇਡੀ ਜਾ ਰਹੀ ਹੈ ਦੋਸਤੋ!

ਪੈਦਾ ਹੋ ਰਹੇ ਅਜਿਹੇ "ਹਿੰਦੂਸਤਾਨ" ਵਿਚ ਹਰ ਭਾਰਤੀ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਇਕਟੁੱਕ ਫੈਸਲਾ ਕਰੇ ਕਿ ਉਸਨੇ 'ਭਗਵਾਂਕਰਣ' ਦਾ ਸਾਥ ਦੇਣਾ ਹੈ ਜਾਂ ਫਿਰ ਭਾਰਤੀ ਲੋਕਤੰਤਰ ਦੀ ਢਾਲ ਬਣ ਕੇ ਇਸਨੂੰ ਸਬਕ ਸਿਖਾਉਣਾ ਹੈ। ਦੇਸ਼ ਭਗਤੀ ਬਨਾਮ ਦੇਸ਼ ਧ੍ਰੋਹ ਦੀ ਅਸਲ ਪਛਾਣ ਕਰਨਾ ਅੱਜ ਹਰ ਨਾਗਰਿਕ ਦਾ ਫਰਜ਼ ਬਣਦਾ ਹੈ। ਕਿਉਂਕਿ ਸੱਤਾਧਾਰੀ ਰਾਜਸੀ ਧਿਰ ਧਰਮ ਨਿਰਪੱਖ ਉਦਾਰਵਾਦੀ ਲੋਕਤੰਤਰਕ ਭਾਰਤੀ ਰਾਜ ਨੂੰ 'ਭਗਵਾਂਕਰਣ' ਦਾ ਵੇਸ ਪਹਿਨਾਉਣਾ ਚਾਹੁੰਦੀ ਹੈ। ਅਜਿਹਾ ਸਮਾਂ ਕਲਮ ਦੇ ਕਿਰਤੀਆਂ ਦੀ ਪਰਖ ਦਾ ਸਮਾਂ ਹੈ। ਗੁਰਨਾਮ ਢਿੱਲੋਂ ਨੇ 'ਰਿਸ਼ਤਾ' ਨਾਂ

ਦੀ ਕਵਿਤਾ ਵਿਚ ਕਵੀ ਤੇ ਕਲਪਨਾ ਦੇ ਰਿਸ਼ਤੇ ਦੀ ਬਾਤ ਪਾ ਕੇ ਦੱਸਿਆ ਹੈ ਕਿ ਧਰਤੀ ਦੇ ਲੋਕਾਂ ਨਾਲ ਜੁੜਿਆ ਕਵੀ ਉਹਨਾਂ ਦੇ ਦਰਦ ਤੋਂ ਬੇਫਿਕਰ ਹੋ ਕੇ ਨਾ ਤਾਂ ਜੀਅ ਸਕਦਾ ਹੈ ਤੇ ਨਾ ਹੀ ਕਲਪਨਾਸ਼ੀਲ ਕਵੀ ਵਾਂਗ ਲਿਖ ਸਕਦਾ ਹੈ। ਰਾਜਸੀ ਆਰਾਜਕਤਾ ਵਾਲੇ ਦੌਰ ਵਿਚ ਇਕ ਕ੍ਰਾਂਤੀਕਾਰੀ ਕਵੀ ਦੀ ਭੂਮਿਕਾ ਨਿਭਾਉਂਦਿਆਂ ਜਿੱਥੇ ਲੋਕਾਂ ਦੇ ਦਿਲਾਂ ਦੀ ਦਰਦ ਭਰੀ ਧੜਕਣ ਨੂੰ ਜ਼ੁਬਾਨ ਦਿੱਤੀ ਹੈ ਉੱਥੇ ਕ੍ਰਾਂਤੀਕਾਰੀ ਕਵੀ ਬਣਨ ਦਾ ਮਾਡਲ ਵੀ ਪ੍ਰਸਤੁਤ ਕੀਤਾ ਹੈ:

ਅਸੀਂ ਹਕੂਮਤਾਂ ਦੇ / ਸ਼ਬਦ ਜਾਲ ਵਿਚ ਨਹੀਂ ਫੱਸਦੇ
ਤੇ ਭੇਡਾਂ ਵਾਂਗ / ਕਦੀ ਵੀ ਉਹਨਾਂ ਦੇ ਮਗਰ ਨਹੀਂ ਭੱਜਦੇ
ਅਸੀਂ ਵਿਦਰੋਹ ਕਰਦੇ ਹਾਂ / ਨਵੇਂ ਰਸਤੇ ਬਣਾਉਂਦੇ ਹਾਂ
ਨਵੇਂ ਇਤਿਹਾਸ ਸਿਰਜਣ ਵਿਚ / ਅਸੀਂ ਵਿਸ਼ਵਾਸ ਰੱਖਦੇ ਹਾਂ
ਅਤੇ ਵਿਸ਼ਵਾਸ ਖ਼ਾਤਰ / ਜਾਨ ਉੱਤੇ ਖੇਡ ਜਾਂਦੇ ਹਾਂ
ਕਲਾ ਸਾਡੇ ਲਈ / ਸ਼ਬਦਾਂ ਦੀ ਨਿਰੀ ਖੇਡ ਨਹੀਂ ਹੁੰਦੀ।

ਗੁਰਨਾਮ ਢਿੱਲੋਂ ਨੇ ਆਪਣੀ ਕਲਾ ਰਾਹੀਂ ਵਿਸ਼ਵੀਕਰਣ ਦੇ ਉਸ ਇਕ ਦੂਤ ਨੂੰ ਵੀ ਪਕੜਿਆ ਹੈ ਜੋ ਮਮਤਾ ਭਰੇ ਪਰਿਵਾਰਕ ਤੇ ਮਾਨਵੀ ਰਿਸ਼ਤਿਆਂ ਨੂੰ ਨਿਗਲ ਰਿਹਾ ਹੈ। ਖੁੱਲ੍ਹੀ ਮੰਡੀ ਦੇ ਰੂਪ ਵਿਚ 'ਮੀਕਾ'(ਅਮਰੀਕਾ) ਤੀਜੀ ਤੇ ਚੌਥੀ ਦੁਨੀਆਂ ਦੇ ਮੁਲਕਾਂ ਦੇ ਘਰ ਬਾਰ ਨੂੰ ਹੀ ਨਹੀਂ ਸਾਂਭ ਰਿਹਾ ਬਲਕਿ ਜੰਗਾਂ-ਯੁੱਧਾਂ ਵਾਲੇ ਆਤੰਕੀ ਮਾਹੌਲ ਵਿਚ ਧੱਕ ਕੇ ਉਹਨਾਂ ਦੀ ਕੁਦਰਤੀ ਖੂਬਸੂਰਤੀ ਨੂੰ ਵੀ ਤਬਾਹ ਕਰ ਰਿਹਾ ਹੈ। ਵਿਸ਼ਵੀਕਰਨ ਦੇ ਦੌਰ ਵਿਚ ਵਿਸ਼ਵ ਮੰਡੀ ਚਲਾ ਰਹੇ ਪੱਛਮੀ ਦੇਸ਼ਾਂ ਤੇ ਅਮਰੀਕੀ ਸਾਮਰਾਜ ਵੱਲੋਂ ਵਿਸ਼ਵ ਉੱਤੇ ਸਾਮਰਾਜੀ ਆਰਥਿਕ ਸੱਤਾ ਹਾਸਲ ਕਰਨ ਦੇ ਜੋ ਯਤਨ ਕੀਤੇ ਜਾ ਰਹੇ ਹਨ,ਉਹਨਾਂ ਖ਼ਿਲਾਫ਼ ਹੋਕਾ ਦੇਣਾ ਅੱਜ ਸਮੇਂ ਦੀ ਲੋੜ ਹੈ। ਤੇ ਗੁਰਨਾਮ ਢਿੱਲੋਂ ਦੀ ਕਵਿਤਾ ਇਸ ਲੋੜ ਨੂੰ ਪੂਰਿਆਂ ਕਰਦੀ ਹੈ। 'ਹੋਕਾ' ਨਾਂ ਦੀ ਕਵਿਤਾ ਦੀਆਂ ਸਤਰਾਂ ਹਨ:

ਅੱਜ ਪਛਮੀ ਦੇਸ਼ਾਂ ਦੇ ਨੇਤਾ,
"ਮਿਰਕਣ" ਦੀ ਅਗਵਾਈ ਹੇਠਾਂ
ਨੀਤੀ ਦੀਆਂ ਕੁਚਾਲਾਂ ਰਾਹੀਂ
ਤੀਜੀ ਤੇ ਚੌਥੀ ਦੁਨੀਆਂ ਦੇ ਦੇਸ਼ਾਂ ਤਾਈਂ
ਯੁੱਧਾਂ ਦੇ ਵਿਚ ਧੱਕਾ ਦੇ ਕੇ ਧੱਕਾ, ਲਹੂ ਨਚੋੜ ਰਹੇ ਲੋਕਾਂ ਦਾ
ਇਸ ਜ਼ਾਲਮ ਵਰਤਾਰੇ ਬਾਰੇ, ਮੈਂ ਕੇਵਲ ਪਰਚੇ ਨਾ ਵੰਡਾਂ
ਦਿਲ ਕਰਦਾ ਹੈ/ ਤੋੜ ਕੇ ਕੁੱਲ ਦੁਨਿਆਵੀ ਸੰਗਲ
ਗਲੀਆਂ,ਸੜਕਾਂ,ਚੌਕਾਂ ਅਤੇ ਬਜ਼ਾਰਾਂ ਦੇ ਵਿਚ
ਨਿਸ਼ੰਗ ਖਲੋ ਕੇ/ ਉੱਚੀ ਉੱਚੀ ਹੋਕਾ ਦੇਵਾਂ।

'ਕਲਮ ਦੀ ਦੁਨੀਆਂ' ਨਾਂ ਦੀ ਕਵਿਤਾ ਵਿਚ ਗੁਰਨਾਮ ਢਿੱਲੋਂ ਨੇ ਸਾਹਿਤਕਾਰਾਂ ਨੂੰ ਇਹ ਹੋਕਾ ਦਿੱਤਾ ਹੈ ਕਿ ਲੇਖਕ ਆਪਣੀ ਕਲਮ ਨੂੰ ਸਦਾ ਆਪਣੀ ਮਨਮਰਜ਼ੀ ਮੁਤਾਬਕ ਵਰਤਣ। 'ਕਾਨਫਰੰਸ', 'ਕਾਵਿ-ਸੰਮੇਲਨ','ਮੈਂ..ਮੈਂ..ਮੈਂ...' 'ਬਾਂਝ' ਅਤੇ 'ਰਿਸ਼ਤਾ' ਨਾਂ ਦੀਆਂ ਕਵਿਤਾਵਾਂ ਵਿਚ ਵੀ ਕਵੀ ਲਈ ਕੋਰੀ ਕਲਪਨਾ ਤੋਂ ਬਚਕੇ ਸਾਰਥਕ ਗੱਲ ਕਰਨ ਦੇ ਹੋਕੇ ਹਨ। ਇਉਂ 'ਕਿਵੇਂ ਦੱਸਾਂ' 'ਤੋੜ-ਵਿਛੋੜਾ', 'ਇਲਾਜ','ਸੰਗਲੀ', 'ਰਾਹਬਰ' 'ਮੂਲ', ਮੌਸਮ' ਆਦਿ ਕਵਿਤਾਵਾਂ ਵਿਚ ਵੱਖ ਵੱਖ ਵਰਗਾਂ ਨੂੰ ਜਾਗ੍ਰਤ ਹੋਣ ਲਈ ਹੋਕੇ ਹਨ। 'ਅਸਰ', 'ਧੂੰਆਂ','ਹੱਦ','ਤਾਸ਼','ਕਲਾ', 'ਹਸਤੀ', 'ਦੀਪ', 'ਸਿਪਾਹੀ', 'ਦੁਸ਼ਮਣ', 'ਹਸ਼ਰ', 'ਉਡੀਕ' ਆਦਿ ਕਵਿਤਾਵਾਂ ਵਿਚ ਕੱਟੜਪੰਥੀ ਜ਼ਾਲਮ ਰਾਜਸੀ ਵਿਵਸਥਾ ਵਿਰੁੱਧ ਵਿਦਰੋਹੀ ਹੋਕਾ ਹੈ।

ਇਸ ਪੁਸਤਕ ਵਿਚ ਸ਼ਾਮਲ ਬਾਰਾਂ ਗ਼ਜ਼ਲਾਂ ਦੇ ਸ਼ਿਅਰ ਵੀ ਜਿੱਥੇ ਰਾਜਸੀ ਮਰਜ਼ ਦੀਆਂ

ਵਿਭਿੰਨ ਪਰਤਾਂ ਨੂੰ ਖੋਲ੍ਹਦੇ ਹਨ ਉੱਥੇ ਪਾਠਕ ਦੇ ਮਨ ਵਿਚ ਜ਼ਾਲਮ ਵਰਤਾਰੇ ਵਿਰੁੱਧ ਰੋਹ ਤੇ ਵਿਦਰੋਹ ਦੀ ਚਿਣਗ ਵੀ ਮਘਾਈ ਰੱਖਦੇ ਹਨ:

ਮੰਜ਼ਲ ਉਹਦੇ ਪੈਰਾਂ ਨੂੰ ਹੱਥ ਆਪ ਲਗਾ ਦੇਵੇ
ਜਿਸ ਨੂੰ ਖ਼ੌਫ ਰਤਾ ਨਹੀਂ ਰਾਹ ਦੇ ਟੋਏ ,ਖੱਡ ਦਾ ਹੈ।

ਗ਼ਜ਼ਲਾਂ ਦੇ ਸ਼ਿਅਰਾਂ ਵਿਚ ਵੀ ਵਿਭਿੰਨ ਤਤਕਾਲੀਨ ਰਾਜਸੀ ਤੇ ਸਮਾਜਕ ਹਲਚਲਾਂ ਨੂੰ ਪੇਸ਼ ਕੀਤਾ ਗਿਆ ਹੈ।

ਸਮੁੱਚ ਰੂਪ ਵਿਚ ਹੱਥਲੇ ਸੰਗ੍ਰਹਿ ਦੀਆਂ ਰਚਨਾਵਾਂ ਰਾਹੀਂ ਸਮਾਜਕ ਚਿੰਤਾ ਤੇ ਚੇਤਨਾ ਤਕ ਪਹੁੰਚਿਆ ਜਾ ਸਕਦਾ ਹੈ , ਸੱਚੇ ਤੇ ਸੁੱਚੇ ਮਾਨਵੀ ਅਹਿਸਾਸਾਂ ਨੂੰ ਧਾਰਨ ਕੀਤਾ ਜਾ ਸਕਦਾ ਹੈ ਅਤੇ ਵਿਚਾਰਧਾਰਕ ਤੌਰ ਉੱਤੇ ਹੋਰ ਪਰਿਪੱਕ ਹੋ ਕੇ ਭ੍ਰਿਸ਼ਟ ਰਾਜਸੀ ਵਰਤਾਰੇ ਨੂੰ ਬਦਲਿਆ ਜਾ ਸਕਦਾ ਹੈ। ਇਸ ਤੋਂ ਬਿਨਾਂ 'ਦਰਦ ਦੇ ਰੰਗ' ਵਿਚੋਂ ਹੋਰ ਵੀ ਬਹੁਤ ਕੁਝ ਲੱਭ ਸਕਦਾ ਹੈ। **-ਚੰਦਰ ਮੋਹਨ**

ਕੋਡ ਬਲੂ (ਕਹਾਣੀ ਸੰਗ੍ਰਹਿ) ਪਰਵੇਜ਼ ਸੰਧੂ

ਪਰਵੇਜ਼ ਸੰਧੂ ਪਰਵਾਸੀ ਪੰਜਾਬੀ ਸਾਹਿਤ ਦੇ ਖੇਤਰ ਵਿਚ ਸਥਾਪਤ ਨਾਂ ਹੈ। ਅਮਰੀਕੀ ਰਹਿਤਲ ਵਿਚ ਰੰਗੀ, ਜ਼ਿਹਨੀ ਤੌਰ 'ਤੇ ਭਾਰਤੀ ਸੰਸਕਾਰਾਂ ਵਿਚ ਸਮੋਈ, ਉਪਰੋਂ ਵੇਖਣ ਨੂੰ ਚੰਚਲ ਪਰਵੇਜ਼ ਅੰਦਰੂਨੀ ਤੌਰ 'ਤੇ ਜ਼ਿੰਦਗੀ ਦੇ ਦਰਦ ਝੱਲਦਿਆਂ ਸਾਹਿਤ-ਸਿਰਜਣਾ ਨੂੰ ਥੈਰੇਪੀ ਮੰਨਦੀ ਹੈ। ਉਸਦਾ ਨਵਾਂ ਕਹਾਣੀ ਸੰਗ੍ਰਹਿ 'ਕੋਡ ਬਲੂ' (ਸਵੀਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ 116, ਮੁੱਲ 200 ਰੁਪਏ) ਇਸ ਥੈਰੇਪੀ ਦੀ ਪ੍ਰਤੱਖ ਉਦਾਹਰਨ ਹੈ। ਇਸ ਸੰਗ੍ਰਹਿ ਨੇ ਉਸਦੇ ਦੋ ਸਭ ਤੋਂ ਵੱਧ ਨੇੜਲਿਆਂ - ਧੀ ਸਵੀਨਾ ਅਤੇ ਆਪਣੀ ਮਾਂ- ਦੀਆਂ ਮੌਤਾਂ ਦੇ ਪਿਛੋਕੜ ਵਿਚ ਆਕਾਰ ਗ੍ਰਹਿਣ ਕੀਤਾ ਹੈ। ਪਰਵੇਜ਼ ਦਾ ਕਹਿਣਾ ਹੈ, "ਦੁਨੀਆਂ ਵਿਚ ਆਂਦਰਾਂ ਦੀ ਸਾਂਝ ਸਿਰਫ ਦੋ ਹੀ ਰਿਸ਼ਤਿਆਂ ਦੀ ਹੁੰਦੀ, ਇਕ ਮਾਂ ਤੇ ਇਕ ਧੀ....ਅੱਜ ਮੈਂ ਦੋਨਾਂ ਰਿਸ਼ਤਿਆਂ ਤੋਂ ਵਾਂਝੀ ਹਾਂ। ਪਰ ਮੈਨੂੰ ਮਹਿਸੂਸ ਹੁੰਦੈ ਜਿਵੇਂ ਇਹਨਾਂ ਦੋਹਾਂ ਰਿਸ਼ਤਿਆਂ ਦੀ ਹਿੰਮਤ ਮੇਰੇ ਅੰਦਰ ਆ ਗਈ ਹੋਵੇ। ਸ਼ਾਇਦ ਇਸੇ ਲਈ ਅੱਜ ਦੁੱਖ ਦਰਦ ਝੱਲ ਕੇ ਵੀ ਹੱਸਣ ਦੀ ਹਿੰਮਤ ਰੱਖਦੀ ਹਾਂ।"

ਸਾਹਿਤ ਜ਼ਿੰਦਗੀ ਹੈ, ਜ਼ਿੰਦਗੀ ਦਾ ਉਦੇਸ਼ ਹੈ। ਸਾਡੇ ਪਿੰਡੇ 'ਤੇ ਸਹੇ ਦਰਦ ਜਦੋਂ ਸ਼ਬਦਾਂ ਦਾ ਜਾਮਾ ਧਾਰ ਕੇ ਸਾਡੇ ਅੰਦਰੋਂ ਨਿਕਲਦੇ ਹਨ ਤਾਂ ਸਿਰਜਣਾ ਹੁੰਦੀ ਹੈ। ਪਰਵੇਜ਼ ਦਾ ਹੱਥਲਾ ਕਹਾਣੀ ਸੰਗ੍ਰਹਿ ਉਸਦੀਆਂ ਯਾਦਾਂ ਦੀਆਂ ਵੱਖ ਵੱਖ ਪਰਤਾਂ ਦੀ ਫਰੋਲਾ ਫਰਾਲੀ ਕਰਦਾ, ਜੋਬਨ ਰੁੱਤੇ ਵਿਛੜੀ ਧੀ ਸਵੀਨਾ ਦੇ ਜਾਣ ਉਪਰੰਤ ਝੱਲੀ ਮਾਨਸਿਕ ਪੀੜਾ ਦੀ ਗਾਥਾ ਹੈ। ਸੰਗ੍ਰਹਿ ਦੇ ਨਾਮਕਰਨ ਵਾਲੀ ਕਹਾਣੀ 'ਬਲੂ ਕੋਡ' ਤਾਂ ਹੈ ਹੀ ਹਸਪਤਾਲ ਵਿਚ ਬਿਤਾਏ ਉਹਨਾਂ ਸੂਲੀ ਟੰਗੇ ਪਲਾਂ ਦਾ ਬਿਰਤਾਂਤ ਜਦੋਂ ਮੁਟਿਆਰ ਸਵੀਨਾ ਜ਼ਿੰਦਗੀ ਦੀ ਲੜਾਈ ਵਿਚ ਹਾਰ ਕੇ ਅੰਤਮ ਸਾਹ ਲੈਂਦੀ ਹੈ। ਹਸਪਤਾਲ ਵਿਚ 'ਕੋਡ ਬਲੂ' ਜ਼ਿੰਦਗੀ ਦੇ ਅੰਤ ਦਾ ਸੰਕੇਤ ਹੈ ਪਰ ਇਹ ਸੰਕੇਤ ਉਮਰ ਸਿਰ ਹੀ ਆਉਣਾ ਚਾਹੀਦਾ ਹੈ। ਬੇਵਕਤੀ ਹੋਈ 'ਕੋਡ ਬਲੂ' ਦੀ ਅਨਾਉਂਸਮੈਂਟ ਮਾਪਿਆਂ 'ਤੇ ਕੀ ਕਹਿਰ ਵਰਤਾਉਂਦੀ ਹੈ. ਉਸਦਾ ਚਿਤਰਨ ਪੁਸਤਕ ਦੇ ਅਖੀਰ ਵਿਚ ਦਿੱਤੀ ਗਈ ਇਸ ਕਹਾਣੀ ਵਿਚ ਹੋਇਆ ਹੈ।

ਐਪਰ ਜ਼ਿੰਦਗੀ ਦੇ ਸੱਚ ਨੂੰ ਕਬੂਲਦਿਆਂ, ਸਹਿੰਦਿਆਂ ਪਰਵੇਜ਼ ਨੇ ਸਹਿਜ ਨਾਲ ਇਸ ਪੁਸਤਕ ਵਿਚ ਸ਼ਾਮਲ ਇਕ ਦਰਜਨ ਕਹਾਣੀਆਂ ਦੀ ਗੋਂਦ ਸੁਚੱਜੇ ਢੰਗ ਨਾਲ ਗੁੰਦੀ ਹੈ। ਕੁਝ ਥਾਈਂ ਦੁੱਖ ਦਾ ਰੰਗ ਭਾਵੇਂ ਗੂੜ੍ਹਾ ਹੈ ਪਰ ਪੁਸਤਕ ਵਿਚਲੀਆਂ 12 ਕਹਾਣੀਆਂ ਜੀਵਨ ਦੇ ਵੱਖ ਵੱਖ ਰੰਗਾਂ ਤੇ ਪਰਤਾਂ ਨੂੰ ਚਿਤਰਦੀਆਂ ਹਨ। 'ਕੋਡ ਬਲੂ' ਵਾਂਗ ਹੀ ਨੇੜਲੇ ਅਨੁਭਵ 'ਚੋਂ ਉਭਰੀ ਦੁੱਖ ਤੇ ਝੋਰੇ ਦੇ ਰੰਗ ਵਾਲੀ ਕਹਾਣੀ ਹੈ 'ਮਾਂ', ਜੋ ਪੁਸਤਕ ਦੇ ਸ਼ੁਰੂ ਵਿਚ ਦਿੱਤੀ ਗਈ ਹੈ। ਇਹ ਕਨੇਡਾ

ਦੀ ਧਰਤੀ ‘ਤੇ ਪਰਵਾਸ ਹੰਢਾਉਂਦਿਆਂ, ਸੁਖ ਸਹੂਲਤਾਂ ਮਾਣਦੀ ਰਹੀ, ਜ਼ਿੰਦਗੀ ਦੇ ਅੱਠ ਦਹਾਕੇ ਲੰਘਾ ਚੁੱਕੀ ਉਸ ਬਿਰਧ ਔਰਤ ਦੀ ਦਾਸਤਾਨ ਹੈ, ਜਿਸ ਲਈ ਚੇਤਿਆਂ ਵਿਚ ਵਸਦੀ ਜਨਮ ਭੂਮੀ ਦੀ ਫੇਰੀ ਦੀ ਕਲਪਨਾ ਮੱਕੇ ਮਦੀਨੇ ਦੀ ਯਾਤਰਾ ਦੀ ਤਰ੍ਹਾਂ ਹੈ। ‘ਪਰਿੰਦੇ’ ਨਾਂ ਦੀ ਕਹਾਣੀ ਵਿਚ ਵੀ ਬਜ਼ੁਰਗਾਂ ਦੀ ਉਦਾਸੀ, ਬੇਚਾਰਗੀ ਤੇ ਬੇਵਸੀ ਨੂੰ ਮਨੋਵਿਗਿਆਨਕ ਨਜ਼ਰੀਏ ਤੋਂ ਪੇਸ਼ ਕੀਤਾ ਗਿਆ ਹੈ। ਔਲਾਦ ਕੋਲ ਟਾਈਮ ਘੱਟ ਹੋਣ ਕਰਕੇ ਜਾਂ ਉਹਨਾਂ ਨੂੰ ਨਾ ਸੁਣਨ ਕਰਕੇ ਅਨੇਕਾਂ ਭਾਵਨਾਵਾਂ ਨੂੰ ਮਨ ਵਿਚ ਹੀ ਦੱਬੀ ਬਜ਼ੁਰਗ ਖਾਮੋਸ਼ ਹੋ ਜਾਂਦੇ ਹਨ ਅਤੇ ਇੰਝ ਚੁੱਪ ਚਾਪ ਮੌਤ ਨੂੰ ਉਡੀਕਦੇ ਹਨ। ਉਹਨਾਂ ਦੀ ਬੇਰਸ ਜ਼ਿੰਦਗੀ ਵਿਚ ਹੋਰ ਵੀ ਵੱਡੇ ਕਹਿਰ ਦੇ ਪਲ ਉਹ ਹੁੰਦੇ ਹਨ ਜਦੋਂ ਮੌਤ ਬੇਵਕਤ ਛਾਪਾ ਮਾਰ ਕੇ ਉਹਨਾਂ ਦੇ ਜਵਾਨ ਬੱਚੇ ਨੂੰ ਖੋਹ ਲਿਜਾਂਦੀ ਹੈ।

ਇਸਤਰੀ ਮਰਦ ਦੇ ਰਿਸ਼ਤੇ ਅਤੇ ਸਮਲਿੰਗਕਤਾ ਦੇ ਸੰਵੇਦਨਸ਼ੀਲ ਵਿਸ਼ੇ ਨੂੰ ਛੋਂਹਦੀ ਕਹਾਣੀ ਹੈ ‘ਸੌਂਕਣ’, ਜਿਸ ਵਿਚ ਨੀਨਾ ਤੇ ਦਲੀਪ ਦੇ ਆਪਸ ਵਿਚ ਪਤੀ-ਪਤਨੀ ਵਾਲੇ ਸੰਬੰਧ ਨਾ ਬਣ ਦਾ ਕਾਰਨ ਦਲੀਪ ਦੀ ਮਤਰੇਈ ਮਾਂ ਹੈ, ਜਿਸਦਾ ਅਨੁਚਿਤ, ਅਨੈਤਿਕ ਵਿਹਾਰ ਦਲੀਪ ਨੂੰ ਇਡੀਪਸ ਕੰਪਲੈਕਸ ਦਾ ਸ਼ਿਕਾਰ ਬਣਾ ਦਿੰਦਾ ਹੈ। ਮਤਰੇਈ ਮਾਂ ਦਲੀਪ ਦੀ ਨਿੱਕੀ ਉਮਰੇ ਉਸਨੂੰ ਉਹ ਕੁਝ ਕਰਨ ਲਈ ਆਖਦੀ ਰਹੀ ਹੈ ਜਿਸਦਾ ਉਹ ਮਤਲਬ ਵੀ ਨਹੀਂ ਸੀ ਸਮਝ ਸਕਦਾ। ਇਸ ਸਭ ਕੁਝ ਦਾ ਸਿੱਟਾ ਇਹ ਹੋਇਆ ਹੈ ਕਿ ਜ਼ਿੰਦਗੀ ਵਿਚ ਆਉਣ ਵਾਲੀ ਹਰ ਔਰਤ ਉਸਨੂੰ ਮਾਂ ਹੀ ਲੱਗਦੀ ਹੈ ਅਤੇ ਹੁਣ ਉਸਦਾ ਕਹਿਣਾ ਹੈ ਕਿ ‘ਉਸਦੇ ਸਰੀਰ ਦੀ ਅੱਗ ਦੂਜਾ ਮਰਦ ਹੀ ਬੁਝਾ ਸਕਦਾ ਹੈ, ਔਰਤ ਨਹੀਂ’।

ਭਿੰਨ ਭਿੰਨ ਸਥਿਤੀਆਂ ਵਿਚ ਔਰਤ ਪਰਵੇਜ਼ ਦੀਆਂ ਕਹਾਣੀਆਂ ਦੇ ਕੇਂਦਰ ਵਿਚ ਰਹਿੰਦੀ ਹੈ। ਇਹ ਔਰਤ ਅਮਰੀਕਾ ਦੀ ਧਰਤੀ ਉੱਤੇ ਜੀਣ ਵਾਲੀ ਵੀ ਹੈ ਅਤੇ ਪਿੱਛੇ ਆਪਣੀ ਮੂਲ ਧਰਤੀ ਪੰਜਾਬ ਦੀ ਵੀ। ਇਹਨਾਂ ਦੀ ਸਮਾਜਕ-ਆਰਥਿਕ ਸਥਿਤੀ ਦੇ ਵਾਸਤਵਿਕ ਵੇਰਵਿਆਂ ਵਿਚੋਂ ਪਰਵੇਜ਼ ਭੂਪਵਾਦੀ ਪਰਿਵੇਸ਼ ਵਿਚ ਪਲ਼ੀ ਔਰਤ ਦੀ ਮਾਨਸਿਕਤਾ ਅਤੇ ਉਸਦੇ ਨਵੇਂ ਰੂਪ ਵਿਚ ਉਭਰਨ ਦੀ ਸੰਭਾਵਨਾ ਦਾ ਚਿਤਰ ਉਭਾਰਦੀ ਹੈ। ‘ਮਰਦ ਦੀ ਜੁੱਤੀ’ ਕਹਾਣੀ ਵਿਚ ਦੋ ਔਰਤਾਂ ਮਨਜੀਤ ਅਤੇ ਛਿੰਦੀ ਦੀ ਜ਼ਿੰਦਗੀ ਵਿਚੋਂ ਇਹ ਕੁਝ ਤੁਲਨਾਤਮਕ ਨਜ਼ਰੀਏ ਤੋਂ ਪੇਸ਼ ਹੋਇਆ ਹੈ। ਦੋਵੇਂ ਔਰਤਾਂ ਪਰਵਾਸੀ ਜੀਵਨ ਜੀਅ ਰਹੀਆਂ ਹਨ। ਮਨਜੀਤ ਧੌਂਸ ਨਾ ਸਹਿੰਦੀ ਹੋਈ ਸਹੁਰਿਆਂ ਤੋਂ ਵੱਖ ਹੋ ਜਾਂਦੀ ਹੈ, ਜਦਕਿ ਛਿੰਦੀ ਉਹਨਾਂ ਕੁੜੀਆਂ ਦੀ ਪ੍ਰਤੀਨਿਧਤਾ ਕਰਦੀ ਹੈ ਜੋ ‘ਵਿਗੜੇ ਮੁੰਡਿਆਂ ਦੇ ਲੜ ਲੱਗਕੇ ਬਾਹਰ ਆਈਆਂ ਸੰਤਾਪ ਭੋਗਦੀਆਂ ਹਨ। ਇਸ ਤਰ੍ਹਾਂ ਬਾਹਰ ਆਈ ਛਿੰਦੀ ਆਪਣੇ ਸ਼ਰਾਬੀ ਪਤੀ ਤੋਂ ਛੁਟਕਾਰਾ ਪਾਉਣ ਉਪਰੰਤ ਇਸ ਸੋਚ ਨਾਲ ਵਡੇਰੀ ਉਮਰ ਦੇ ਬੰਦੇ ਨਾਲ ਵਿਆਹ ਕਰਵਾਉਂਦੀ ਹੈ ਕਿ ਇਉਂ ਉਹ ਸੁਰੱਖਿਅਤ ਰਹੇਗੀ। ਉਸਦਾ ਕਹਿਣਾ ਹੈ, “ਮਿਰਦ ਬਿਨਾਂ ਤੀਵੀਂ ਕਾਹਦੀ ਭਲਾ...ਡਓਢੀ ਵਿਚ ਮਰਦ ਦੀ ਜੁੱਤੀ ਖੁਲ੍ਹੀ ਪਈ ਹੋਵੇ ਤਾਂ ਚੋਰ ਉਚੱਕਾ ਵੀ ਡਰ ਕੇ ਲੰਘਦਾ”। ਭੂਪਵਾਦੀ ਸੋਚ ਨਾਲ ਪਰਨਾਈ ਹੋਈ ਹੀ ਔਰਤ ਹੈ ‘ਬਲੀ’ ਕਹਾਣੀ ਦੀ ਨਾਇਕਾ ਜੀਜੀ, ਜਿਸਨੇ ਆਪਣੇ ਛੋਟੇ ਭੈਣ ਭਰਾਵਾਂ ਦੇ ਚੰਗੇਰੇ ਭਵਿੱਖ ਲਈ ਸਖਤ ਮਿਹਨਤ ਵੀ ਕੀਤੀ ਹੈ ਅਤੇ ਕੁਰਬਾਨੀ ਵੀ ਦਿੱਤੀ ਹੈ। ਇਸੇ ਕਰਕੇ ਉਮਰ ਲੰਘ ਜਾਣ ‘ਤੇ ਚਹੁੰ ਬੱਚਿਆਂ ਦੇ ਬਾਪ ਨਾਲ ਵਿਆਹ ਕਰਵਾ ਕੇ ਉਹ ਕਨੇਡਾ ਪਹੁੰਚਦੀ ਹੈ। ਜਦੋਂ ਉਸਦਾ ਭਰਾ ਗੋਰੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ ਤਾਂ ਉਹ ਆਪਣੀ ਰਵਾਇਤੀ ਸੋਚ ਨਾਲ ਆਖਦੀ ਹੈ ਕਿ ‘ਗੋਰੀ ਨੇ ਉਸਦੇ ਪੈਸੇ ਖਾ ਕੇ ਉਸਦੇ ਛਿੱਤਰ ਮਾਰ ਕੇ ਤੁਰ ਜਾਣਾ ਹੈ’। ਐਪਰ ‘ਸ਼ੂਗਰ ਮਾਅਮਾ’ ਨਾਂ ਦੀ ਕਹਾਣੀ ਵਿਚ ਗੋਰੀ ਐਨੀ ਦੇ ਅਮੀਰ ਬੁੱਢੇ ਨਾਲ ਵਿਆਹ ਕਰਾਉਣ ਦੇ ਬਿਰਤਾਂਤ ਦਾ ਸੰਬੰਧ ਲਾਲਚ ਜਾਂ ਮੌਕਾਪ੍ਰਸਤੀ ਦੀ ਬਿਰਤੀ ਨਾਲ ਨਹੀਂ, ਸਗੋਂ ਸਮਾਜ ਵਿਚ ਸਤਿਕਾਰ ਵਾਲੀ ਥਾਂ ਹਾਸਲ ਕਰਨ ਨਾਲ ਹੈ। ਇਸ ਕਹਾਣੀ ਦੇ ਨਾਂ ‘ਸ਼ੂਗਰ ਮਾਅਮ’ ਦਾ ਪ੍ਰਤੀਕਾਤਮਕ ਅਰਥ ਹੈ ਧੰਦੇ ਵਾਲੀ।

ਧੰਦੇ ਵਾਲੀ ਦੀ ਕੁੱਖੋਂ ਜੰਮੀ ਐਨੀ ਨੇ ਕ੍ਰਿਸਮਸ ਮੌਕੇ ਸੈਂਟਾ ਕਲਾਜ਼ ਤੋਂ ਗਿਫਟ ਦੇ ਰੂਪ ਵਿਚ ‘ਰਿਸਪੈਕਟਫੁਲ ਜੌਬ’ ਚਾਹੀ ਸੀ ਜੋ ਉਸਦੀ ਮਾਂ ਦੇ ਇਕ ਅਮੀਰ ਗਾਹਕ ਮਿਸਟਰ ਫਿਸ਼ਰ ਦਾ ਸਾਥ ਮਿਲ ਜਾਣ ਦੇ ਰੂਪ ਵਿਚ ਪੂਰੀ ਹੋਈ ਸੀ।

ਪਿਆਰ ਵਿਹੂਣੀ ਜ਼ਿੰਦਗੀ ਜਿਉਂਦੇ ਜੋੜਿਆਂ, ਜੋ ਮੁਹੱਬਤ ਕਿਸੇ ਹੋਰ ਨੂੰ ਕਰਦੇ ਹਨ ਅਤੇ ਵਿਆਹ ਕਿਤੇ ਹੋਰ, ਦਾ ਬਿਰਤਾਂਤ ‘ਟੁਕੜੇ’ ਕਹਾਣੀ ਵਿਚ ਪੇਸ਼ ਹੋਇਆ ਹੈ । ਏਸੇ ਤਰ੍ਹਾਂ ਦਾ ਹੀ ਪ੍ਰਸੰਗ ਹੈ ‘ਲੰਚ ਬਾਕਸ’ ਨਾਂ ਦੀ ਕਹਾਣੀ ਦਾ, ਜਿਸ ਵਿਚ ਵਿਆਹ ਕਰਵਾ ਕੇ ਕੈਨੇਡਾ ਪਹੁੰਚੇ ਅਜੀਤ ਦੇ ਪੱਲੇ ਮਾਪਿਆਂ ਦੀ ਵਿਗੜੀ ਧੀ ਪੈ ਗਈ ਸੀ ਅਤੇ ਅਖੀਰ ਗੱਲ ਤਲਾਕ ਤਕ ਪਹੁੰਚ ਗਈ ਸੀ।ਆਪਸੀ ਝਗੜੇ ਅਤੇ ਤਲਾਕ ਦੇ ਬੱਚਿਆਂ ਉੱਤੇ ਪੈਂਦੇ ਅਸਰ ਦਾ ਬਹੁਤ ਪ੍ਰਭਾਵੀ ਦ੍ਰਿਸ਼ ਪੇਸ਼ ਕਰਦੀ ਹੈ ਇਹ ਕਹਾਣੀ ਜਦੋਂ ਅਜੀਤ ਦੀ ਬੱਚੀ ਕਿਸੇ ਹੋਰ ਤਲਾਕਸ਼ੁਦਾ ਮਾਪਿਆਂ ਦੀ ਬੱਚੀ ਦੇ ਹਵਾਲੇ ਨਾਲ ਡੈਡ ਅਤੇ ਮੌਮ ਦੇ ਘਰੋਂ ਰੈੱਡ ਅਤੇ ਪਿੰਕ ਵੱਖ ਵੱਖ ਰੰਗਾਂ ਦੇ ਲੰਚ ਬਾਕਸ ਆਉਣ ਦਾ ਜ਼ਿਕਰ ਕਰਦੀ ਹੈ।

‘ਸ਼ੀਸ਼ਿਆਂ ਵਾਲਾ ਸੰਦੂਕ’, ‘ਕਪਾਹ ਦੀਆਂ ਢੇਰੀਆਂ’ ਅਤੇ ‘ਸੱਧਰਾਂ ਦੇ ਸਿੱਕੇ’ ਕਹਾਣੀਆਂ ਦਾ ਬਿਰਤਾਂਤ ਪੰਜਾਬ ਦੀ ਧਰਤੀ ਨਾਲ ਜੁੜਿਆ ਹੋਇਆ ਜਿਨ੍ਹਾਂ ਵਿਚਲੇ ਪਾਤਰ ਲੇਖਿਕਾ ਦੀ ਸਿਮਰਤੀ ਵਿਚ ਪੱਕੀ ਪੀਡੀ ਥਾਂ ਬਣਾ ਚੁੱਕੇ ਹਨ। ‘ਕਪਾਹ ਦੀਆਂ ਢੇਰੀਆਂ’ ਗ਼ਰੀਬ ਪੇਂਡੂ ਕਿਰਤੀ ਪਰਿਵਾਰ ਦੀ ਬੱਚੀ ਦੇ ਜ਼ਿੰਮੇਵਾਰੀ ਦੀ ਪੰਡ ਚੁੱਕੀ ਔਰਤ ਵਿਚ ਤਬਦੀਲ ਹੋਣ ਦੀ ਹਕੀਕਤ ਮਾਨਵੀ ਹਮਦਰਦੀ ਦੀ ਭਾਵਨਾ ਨਾਲ ਪੇਸ਼ ਹੋਈ ਹੈ ਜਿਸ ਵਿਚੋਂ ਅਨਿਆਈਂ ਆਰਥਿਕ ਤੇ ਜਮਾਤੀ ਬਣਤਰ ਦੀ ਵੀ ਕੁਝ ਟੋਹ ਲੱਗਦੀ ਹੈ। ਸ਼ੀਸ਼ਿਆਂ ਵਾਲਾ ਸੰਦੂਕ ਦੀ ਬੇਬੇ ਬੰਤ ਕੌਰ ਦੇ ਦੀ ਹੋਣੀ ਇਹ ਹੈ ਕਿ ‘ਭਾਬੀ ਤੋਂ ਚਾਚੀ, ਚਾਚੀ ਤੋਂ ਤਾਈ ਤੇ ਤਾਈ ਤੋਂ ਬੇਬੇ ਤਕ ਦਾ ਸਫਰ ਉਸਨੇ ਕਦੋਂ ਤੈਅ ਕਰ ਲਿਆ, ਪਤਾ ਹੀ ਨਹੀਨ ਲੱਗਾ।’ ‘ਸੱਧਰਾਂ ਦੇ ਸਿੱਕੇ’ ਕਹਾਣੀ ਦੇ ਪਾਤਰ ਭੂਆ ਫੁੱਫੜ ਉਨ੍ਹਾਂ ਪੰਜਾਬੀ ਬਜ਼ੁਰਗਾਂ ਦੀ ਪ੍ਰਤੀਨਿਧਤਾ ਕਰਦੇ ਹਨ ਜੋ ਆਪਣੀ ਔਲਾਦ ਨੂੰ ਖੋਣਾ ਨਹੀਂ ਚਾਹੁੰਦੇ ਪਰ ਅਗਲੀ ਪੀੜ੍ਹੀ ਦੀ ਆਜ਼ਾਦ ਖਿਆਲੀ ਨਾਲ ਮੇਲ ਨਾ ਬਿਠਾ ਸਕਣ ਕਾਰਨ ਉਦਾਸ ਹੁੰਦੇ ਹਨ।

ਸਮੁੱਚੇ ਕਹਾਣੀ ਸੰਗ੍ਰਹਿ ਦੇ ਪਾਠ ਉਪਰੰਤ ਪਰਵੇਜ਼ ਅਤੇ ਉਸ ਦੀ ਕਲਮ ਨੂੰ ਦਾਦ ਦੇਣੀ ਬਣਦੀ ਹੈ ਜਿਸਨੇ ਦੁੱਖ ਦਰਦ ਵਿਚੋਂ ਲੰਘ ਕੇ ਆਪਣੀਆਂ ਕਹਾਣੀਆਂ ਵਿਚ ਕੈਥਾਰਸਿਸ ਦੀ ਸਥਿਤੀ ਸਿਰਜੀ ਹੈ। ਉਸਦੇ ਪਾਤਰ ਜ਼ਿੰਦਗੀ ਜਿਉਂਦੇ ਹਨ, ਜੋ ਦੁੱਖਾਂ ਵਿਚ ਦੀ ਤਾਂ ਲੰਘਦੇ ਹਨ ਪਰ ਨਿਰਾਸ਼ਾਵਾਦੀ ਬਿਲਕੁਲ ਨਹੀਂ। ਕਹਾਣੀਆਂ ਜ਼ਿੰਦਗੀ ਨੂੰ ਸਹਿਜ ਨਾਲ ਜਿਉਣ ਅਤੇ ਰਿਸ਼ਤਿਆਂ ਨੂੰ ਤੋੜਨ ਦੀ ਥਾਂ ਜੋੜਨ ਦਾ ਮਾਡਲ ਸਿਰਜਦੀਆਂ ਹਨ। ਪਰਵੇਜ਼ ਦੇ ਇਸ ਕਹਾਣੀ ਨੂੰ ਪੜ੍ਹ ਕੇ ਪਾਠਕ ਅਵੱਸ਼ ਆਪਣੇ ਆਪ ਨੂੰ ਜ਼ਿੰਦਗੀ ਦੇ ਸੱਚ ਦੇ ਨੇੜੇ ਤੇ ਹਲਕਾ ਫੁਲਕਾ ਮਹਿਸੂਸ ਕਰੇਗਾ।

-ਪੁਸ਼ਵਿੰਦਰ ਕੌਰ

ਕਿਤਾਬ ਆਸਮਾਨ ਦੀ (ਗ਼ਜ਼ਲ-ਸੰਗ੍ਰਹਿ) ਸੁਰਿੰਦਰ ਸੋਹਲ

ਪੰਜਾਬੀ ਗ਼ਜ਼ਲ ਵਿਦੇਸ਼ਾਂ ਵਿਚ ਤੁਰ ਗਏ ਪੰਜਾਬੀਆਂ ਦੇ ਨਾਲ ਬਾਕੀ ਵਿਧਾਵਾਂ ਵਾਂਗ ਵਿਕਾਸ ਜਾਂ ਪਰਵਾਸ ਕਰਦੀ ਹੈ। ਇਹਨਾਂ ਹੀ ਵਿਦੇਸ਼ੀ ਪੰਜਾਬੀਆਂ ਵਿਚੋਂ ਸੁਰਿੰਦਰ ਸੋਹਲ ਅਹਿਮ ਗ਼ਜ਼ਲਕਾਰ ਹੈ। ਸੰਨ 2002 ਵਿਚ ਸੋਹਲ ਦੀ ਪਹਿਲੀ ਪੁਸਤਕ ‘ਖੰਡਰ, ਖ਼ਾਮੋਸ਼ੀ ਤੇ ਰਾਤ’ ਛਪੀ ਸੀ। ਲੰਮੇ ਵਕਫੇ ਤੋਂ ਬਾਅਦ ਉਸਦੀ ਗ਼ਜ਼ਲਾਂ ਦੀ ਦੂਸਰੀ ਪੁਸਤਕ ਪ੍ਰਕਾਸ਼ਤ ਹੋਈ ਹੈ ਜਿਸ ਦਾ ਨਾਉਂ ਹੈ ‘ਕਿਤਾਬ ਆਸਮਾਨ ਦੀ’ (ਪੰਜਾਬੀ ਸਾਹਿਤ ਪ੍ਰਕਾਸ਼ਨ, ਬਾਲੀਆਂ- ਸੰਗਰੂਰ,ਪੰਨੇ 88, ਮੁੱਲ 100 ਰੁਪਏ)।ਸੁਰਿੰਦਰ ਸੋਹਲ ਦੀ ਪਹਿਲੀ ਕਿਤਾਬ ਦੀ ਭੂਮਿਕਾ ਵਿਚ ਸ਼ਾਇਰ

ਪ੍ਰਮਿੰਦਰਜੀਤ ਨੇ ਲਿਖਿਆ ਸੀ ਕਿ ਸੋਹਲ ਬੰਦੇ ਦੀ ਵਿਡੰਬਨਾ ਨੂੰ ਪੇਸ਼ ਕਰਦਾ ਹੈ। ਬੰਦੇ ਦੇ ਪ੍ਰਾਪਤ ਅਤੇ ਇੱਛਤ ਯਥਾਰਥ ਵਿਚ ਪਏ ਖੱਪੇ ਤੋਂ ਉਪਜੇ ਮਨੁੱਖੀ ਤਨਾਅ ਦੀ ਪੇਸ਼ਕਾਰੀ ਸੋਹਲ ਦੀਆਂ ਗ਼ਜ਼ਲਾਂ ਵਿਚ ਬਾਖ਼ੂਬੀ ਮਿਲਦੀ ਹੈ। 'ਕਿਤਾਬ ਆਸਮਾਨ ਦੀ' ਪੁਸਤਕ ਵਿਚ ਇਹ ਪ੍ਰਵਿਰਤੀ ਆਪਣੀ ਲਗਾਤਾਰਤਾ ਵਿਚ ਮੌਜੂਦ ਹੈ। ਵਿਸ਼ਵੀਕਰਨ ਦੇ ਅੱਜੋਕੇ ਦੌਰ ਵਿਚ ਪੂੰਜੀਵਾਦੀ ਸਿਸਟਮ ਦਾ ਚਿੰਨ੍ਹ ਬਣ ਚੁੱਕੇ ਅਮਰੀਕਾ ਵਰਗੇ ਦੇਸ਼ ਵਿਚ ਰਹਿ ਰਿਹਾ ਸ਼ਾਇਰ ਗਲੋਬਲੀ ਸਰੋਕਾਰਾਂ ਨਾਲ ਜੁੜ ਕੇ ਗੱਲ ਕਰਦਾ ਹੈ।

ਪੂੰਜੀਵਾਦ ਨੇ ਜਿੱਥੇ ਮਨੁੱਖੀ ਹੋਂਦ ਨੂੰ ਖ਼ਤਰੇ ਦੀ ਸਥਿਤੀ ਵਿਚ ਪਹੁੰਚਾ ਦਿੱਤਾ ਹੈ, ਉੱਥੇ ਕੁਦਰਤੀ ਸਰੋਤਾਂ ਦੀ ਅੰਨ੍ਹੀ ਲੁੱਟ ਨੇ ਕੁਦਰਤੀ ਵਾਤਾਵਰਨ ਵੀ ਮਨੁੱਖੀ ਜ਼ਿੰਦਗੀ ਦੇ ਪ੍ਰਤਿਕੂਲ ਤਿਆਰ ਕਰ ਦਿੱਤਾ ਹੈ। ਪੂੰਜੀਵਾਦ ਨੇ ਸਭ ਤੋਂ ਵੱਡੀ ਸੱਟ ਮਨੁੱਖ ਦੇ ਸੋਚਣ ਅਤੇ ਵਿਚਾਰਨ ਦੀ ਪ੍ਰਵਿਰਤੀ ਜਾਂ ਸ਼ਕਤੀ 'ਤੇ ਮਾਰੀ ਹੈ। ਨਵੀਂ ਤਕਨਾਲੋਜੀ ਨਾਲ ਨਵੇਂ ਗਿਆਨ-ਪ੍ਰਬੰਧ ਦੀ ਉਸਾਰੀ ਤਾਂ ਹੋਈ ਹੈ ਪਰ ਇਸ ਦੇ ਅੰਤਰਗਤ ਮਨੁੱਖੀ ਹੋਂਦ ਹੋਰ ਵੀ ਨਿਘਾਰ ਵੱਲ ਤੁਰ ਪਈ ਹੈ। ਇਹ ਗਿਆਨ ਮਨੁੱਖ ਦੀ ਬਿਹਤਰੀ ਲਈ ਨਹੀਂ ਬਲਕਿ ਸਾਮਰਾਜੀ ਮੁਲਕਾਂ ਵੱਲੋਂ ਆਪਣੇ ਨਿੱਜੀ ਮੁਨਾਫ਼ੇ ਲਈ ਸਿਰਜਿਆ ਜਾ ਰਿਹਾ ਹੈ, ਜਿਸਨੂੰ ਸੋਹਲ ਨੇ ਬਹੁਤ ਖ਼ੂਬਸੂਰਤੀ ਨਾਲ ਫੜਿਆ ਹੈ:

ਨਵੀਂ ਰੌਸ਼ਨੀ ਨੇ ਮੇਰੀ ਤਾਂ ਨਿਗ੍ਹਾ ਹੀ ਬੰਨ੍ਹ ਲਈ ਹੈ
ਕਦੇ ਬਰਫ਼ ਉਗਦੀ ਦਿਸਦੀ, ਕਦੇ ਰੁੱਖ ਪਿਘਲਦੇ ਦਿਸਦੇ

ਇਸ ਤਰ੍ਹਾਂ ਨਵੇਂ ਗਿਆਨ-ਪ੍ਰਬੰਧ ਨੇ ਬੰਦੇ ਨੂੰ ਮਾਨਸਿਕ ਤੌਰ 'ਤੇ ਨਿਹੱਥਾ ਕਰ ਦਿੱਤਾ ਹੈ। ਇਸ ਸਥਿਤੀ ਵਿਚ ਆਮ ਅਤੇ ਸਾਧਨਹੀਣ ਬੰਦਾ ਬੌਂਦਲ਼ਿਆ ਪਿਆ ਹੈ। ਵਰਤਾਰੇ ਉਸਦੀ ਸਮਝ ਤੋਂ ਬਾਹਰ ਹੋ ਗਏ ਨੇ। ਆਪਣੇ ਸਭਿਆਚਾਰ ਦੇ ਗਿਆਨ-ਪ੍ਰਬੰਧ ਤੋਂ ਵੀ ਨਾ-ਉਮੀਦੀ ਦੀ ਸਥਿਤੀ ਵਿਚ ਸਾਧਾਰਨ ਬੰਦਾ ਪੂਰੀ ਤਰ੍ਹਾਂ 'ਕਨਫ਼ਿਊਜ਼ਡ' ਹੈ। ਉਸਨੂੰ ਇਹਨਾਂ ਵਰਤਾਰਿਆਂ ਦੇ ਕਾਰਨਾਂ ਅਤੇ ਕਰਤਿਆਂ ਦਾ ਪਤਾ ਨਹੀਂ ਲੱਗ ਰਿਹਾ। ਸਾਧਾਰਨ ਬੰਦੇ ਦੇ ਬੌਂਦਲੇਪਣ ਵੱਲ ਇਸ਼ਾਰਾ ਸੋਹਲ ਨੇ ਅਨੇਕਾਂ ਸ਼ਿਅਰਾਂ ਵਿਚ ਕੀਤਾ ਹੈ:

ਮਿਰੇ ਸੁਪਨਿਆਂ ਦੇ ਪੰਛੀ, ਮਰੀ ਜਾ ਰਹੇ ਨੇ ਨਿਸਦਿਨ,
ਦਿਸੇ ਨਾ ਨਿਸ਼ਾਨਚੀ ਵੀ, ਨਾ ਹੀ ਤੀਰ ਚਲਦੇ ਦਿਸਦੇ

ਬੰਦਾ ਪਰਿੰਦੇ ਵਾਂਗਰਾਂ ਏਦਾਂ ਫਸਾ ਲਿਐ,
ਤਾਰਾਂ ਨਜ਼ਰ ਨਾ ਆਉਂਦੀਆਂ ਅਦਭੁਤ ਹੀ ਜਾਲ ਹੈ

ਪੂੰਜੀਵਾਦੀ ਪ੍ਰਬੰਧ ਜਿੱਥੇ ਸਾਧਾਰਨ ਬੰਦੇ ਨੂੰ ਸਮਝ ਦੀ ਪੱਧਰ 'ਤੇ ਨਿਹੱਥਾ ਕਰ ਰਿਹਾ ਹੈ, ਉੱਥੇ ਨਾਲ ਹੀ ਸਾਧਾਰਨ ਬੰਦੇ ਦੇ ਕੁਦਰਤੀ ਜੀਣ-ਥੀਣ ਨੂੰ ਉਹ 'ਸਭਿਅਕ' ਵੀ ਬਣਾ ਰਿਹਾ ਹੈ। ਇਸ ਸਭਿਅਕ ਬਣਾਉਣ ਪਿੱਛੇ ਪੂੰਜੀਵਾਦੀ ਪ੍ਰਬੰਧ ਦਾ ਨਿੱਜੀ ਹਿੱਤ ਹੈ। 'ਸਭਿਅਕ' ਹੋਣ ਦਾ ਹੀ ਸਿੱਟਾ ਹੈ ਕਿ ਹੁਣ ਹਰ ਬੰਦਾ ਨਿੱਜੀ ਮੁਨਾਫ਼ੇ ਲਈ ਸੋਚ ਰਿਹਾ ਹੈ:

ਨੁਕਸਾਨ ਜਾਂ ਨਫ਼ੇ ਦੇ ਕੈਦੀ ਹੋਏ ਹਾਂ ਏਦਾਂ
ਇਕ ਦੂਸਰੇ ਨੂੰ ਮਿਲੀਏ, ਅੱਜ-ਕੱਲ੍ਹ ਬਜ਼ਾਰ ਬਣ ਕੇ
ਉੱਡਣ ਦਾ ਸ਼ੌਕ ਏਨਾ ਲੋਕਾਂ ਨੂੰ ਪੈ ਗਿਆ ਹੈ
ਅਸਮਾਨ ਛੂਹ ਰਹੇ ਨੇ ਗਰਦੋ-ਗੁਬਾਰ ਬਣ ਕੇ

ਪਹਿਲਾਂ ਤਾਂ ਗਰਮੀ ਦੀ ਰੁੱਤ ਵਿਚ ਬਿਰਖ ਬਰੂਟੇ ਕੱਟਣ ਲੋਕ
ਫੇਰ ਮੁਨਾਫ਼ਾ ਖੱਟਣ ਖ਼ਾਤਿਰ ਤੰਬੂ-ਛਾਤੇ ਵੇਚਣ ਲੋਕ

ਕੁਦਰਤੀ ਸਾਧਨਾਂ ਨੂੰ ਖ਼ਤਮ ਕਰਨਾ ਜਾਂ ਫਿਰ ਇਹਨਾਂ ਵਸੀਲਿਆਂ ਨੂੰ ਨਿੱਜੀ ਮੁਨਾਫ਼ੇ ਅਨੁਸਾਰ ਵਰਤੋਂ ਵਿਚ ਲਿਆਉਣਾ ਪੂੰਜੀਵਾਦੀ-ਪ੍ਰਬੰਧ ਦੀ ਅਹਿਮ ਜੁਗਤ ਹੈ, ਜਿਸ ਨੂੰ ਵਿਭਿੰਨ ਦੇਸ਼ਾਂ ਵਿਚ ਅਮਲੀ ਰੂਪ ਵਿਚ ਲਿਆਂਦਾ ਗਿਆ ਹੈ। ਅਫ਼ਗਾਨਿਸਤਾਨ, ਇਰਾਕ, ਲਿਬੀਆ, ਭਾਰਤ ਜਾਂ ਹੋਰ ਬਹੁਤ ਸਾਰੇ ਮੁਲਕ ਜਿੱਥੇ ਕੱਚਾ ਮਾਲ ਹੈ, ਉੱਥੇ ਇਹ ਵਰਤਾਰੇ ਦੇਖੇ ਜਾ ਸਕਦੇ ਹਨ। ਇਹਨਾਂ ਹੀ ਮੁਲਕਾਂ ਵਿਚ ਇਕ ਖ਼ਾਸ ਵਿਉਂਤ ਅਨੁਸਾਰ ਨਸਲਵਾਦ ਨੂੰ ਉਭਾਰਿਆ ਗਿਆ ਹੈ। ਇਸਲਾਮਿਕ ਮੁਲਕਾਂ ਤੋਂ ਇਲਾਵਾ ਇਹ ਉਭਾਰ ਹੁਣ ਭਾਰਤ ਵਿਚ ਵੀ ਵੇਖਿਆ ਜਾ ਸਕਦਾ ਹੈ। ਇਹ ਨਸਲਵਾਦ ਦਾ ਘਿਨੌਣਾ ਬਿੰਬ ਅਤੇ ਇਸ ਵਿਚ ਸਾਧਾਰਨ ਮਨੁੱਖ ਦੀ ਗ਼ਰਕਦੀ ਜਾਂ ਉਭਰਦੀ ਹੋਂਦ ਜਾਂ ਜੀਣ ਦੇ ਸਿਦਕ ਨੂੰ ਇਹਨਾਂ ਗ਼ਜ਼ਲਾਂ ਵਿਚ ਦੇਖਿਆ ਜਾ ਸਕਦਾ ਹੈ:

ਤੇਰਾ ਤਰੀਕਾ ਲੜਨ ਦਾ ਵੀ ਬੇਮਿਸਾਲ ਹੈ
ਤਲਵਾਰ ਹੈ ਜਨੂੰਨ ਦੀ 'ਬੱਚਿਆਂ' ਦੀ ਢਾਲ ਹੈ

ਮਲਬਾ ਅੱਖਰ, ਲਗਾਂ ਨੇ ਲਾਸ਼ਾਂ, ਲਿੱਪੀ ਬੰਬਾਰੀ,
ਗੁੰਮ-ਸੁੰਮ ਬੱਚਾ ਘਰ ਵੱਲ ਤਕਦਾ ਵਾਕ ਬਣਾਉਂਦਾ ਹੈ

ਇਸ ਕਿਤਾਬ ਵਿਚ ਗ਼ਰਕਦੀ ਪੂੰਜੀਵਾਦੀ ਅਰਥ-ਵਿਵਸਥਾ ਵਿਚ ਫਸੀ ਸਾਧਾਰਨ ਮਨੁੱਖ ਦੀ ਹੋਂਦ ਦੇ ਵਿਭਿੰਨ ਪੱਖ ਸਾਹਮਣੇ ਆਉਂਦੇ ਹਨ। ਇਹ ਸਾਰੇ ਵਰਤਾਰੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰਾਂ 'ਤੇ ਘੱਟ ਜਾਂ ਵੱਧ ਰੂਪ ਵਿਚ ਲੰਮੇ ਸਮੇਂ ਤੋਂ ਦੇਖਣ ਨੂੰ ਮਿਲਦੇ ਹਨ। ਇਹਨਾਂ ਦੇ ਨਾਲ ਹੀ ਰਾਸ਼ਟਰੀ ਜਾਂ ਖੇਤਰੀ ਪੱਧਰ ਦੇ ਅਮਾਨਵੀ ਵਰਤਾਰੇ ਵੀ ਇਸ ਕਿਤਾਬ ਵਿਚ ਪੇਸ਼ ਹੁੰਦੇ ਹਨ, ਜਿਵੇਂ ਕਿਸਾਨੀ ਸੰਕਟ, ਬੇਰੋਜ਼ਗਾਰੀ, ਮਜ਼ਦੂਰ ਦੀ ਮਾੜੀ ਸਥਿਤੀ ਆਦਿ:

ਗਏ ਘਰ ਦੇ ਘੜਿਆਂ ਲਈ ਲੈਣ ਪਾਣੀ,
ਉਹ ਬੱਦਲ, ਸਮੁੰਦਰਾਂ 'ਚ ਮਰ ਖਪ ਗਏ ਨੇ

ਤਵਾ ਗ਼ਰੀਬ ਦਾ ਤਪਿਆ ਨਾ ਹੋ ਗਏ ਦੋ ਦਿਨ
ਸ਼ੇਅਰ ਬਜ਼ਾਰ 'ਚ ਉਂਝ ਤਾਂ ਬੜਾ ਉਛਾਲ ਰਿਹਾ

ਥੋਨੂੰ ਹੈ ਅੱਗ ਜੀਵਨ, ਮੈਨੂੰ ਹੈ ਧੁੱਪ ਦੋਜ਼ਖ਼,
ਇੱਟਾਂ ਦੇ ਨਾਲ ਗੱਲਾਂ, ਕਰਦਾ ਸੀ ਕੱਲ੍ਹ ਪਥੇਰਾ

ਮਿਲੇ ਨੇ ਤਿਸ਼ਨਗੀ, ਪੱਥਰ, ਬਰੋਲੇ ਇਸ ਥਾਂ ਆ ਕੇ ਵੀ,
ਚਿਰਾਂ ਤੋਂ ਰੀਝ ਸੀ ਦੇਖਾਂ, ਸਮੁੰਦਰ ਪਾਰ ਜਾ ਕੇ ਵੀ

ਇੰਝ ਸੁਰਿੰਦਰ ਸੋਹਲ ਦੀ ਸ਼ਾਇਰੀ ਗ਼ਰਕਦੀ ਪੂੰਜੀਵਾਦੀ ਅਰਥ ਵਿਵਸਥਾ ਵਿਚ ਫਸੀ ਸਾਧਾਰਨ ਮਨੁੱਖ ਦੀ ਹੋਂਦ ਦੀ ਤਰਾਸਦੀ ਨੂੰ ਬਿਆਨ ਕਰਦੀ ਹੈ। ਉਸਦੀ ਕਾਵਿ-ਭਾਸ਼ਾ ਅਤੇ ਬਹਿਰ-ਪ੍ਰਬੰਧ ਉਸਦੇ ਦ੍ਰਿਸ਼ਟੀਕੋਣ ਅਨੁਸਾਰ ਸਿੱਧੇ-ਸਪੱਸ਼ਟ ਅਤੇ ਟੇਢੇ-ਲੁਕਵੇਂ ਦੋਵੇਂ ਰੂਪਾਂ ਵਿਚ ਪ੍ਰਗਟ ਹੁੰਦੇ ਹਨ। ਸੁਰਿੰਦਰ ਸੋਹਲ ਪਾਰ-ਰਾਸ਼ਟਰੀ ਅਤੇ ਪਾਰ-ਸਭਿਆਚਾਰਕ ਵਰਤਾਰਿਆਂ ਨੂੰ ਆਪਣੀ ਗ਼ਜ਼ਲ ਰਾਹੀਂ ਪੇਸ਼ ਕਰਦਾ ਹੈ। ਵਿਦੇਸ਼ੀ ਗ਼ਜ਼ਲ ਦਾ ਇਹ ਪਹਿਲੂ ਪੰਜਾਬੀ ਗ਼ਜ਼ਲ ਦੇ ਪਿੜ ਅਤੇ ਮਾਅਨੇ ਨੂੰ ਹੋਰ ਮੋਕਲਾ ਕਰ ਰਿਹਾ ਹੈ, ਜੋ ਕਿ ਗ਼ਜ਼ਲ ਦੇ ਵਿਕਾਸ ਲਈ ਲਾਹੇਵੰਦ ਹੈ।

-ਵਾਹਿਦ

ਪੱਤਰ

'ਸਿਰਜਣਾ' ਦਾ ਨਵੇਂ ਅੰਕ (ਅਪਰੈਲ-ਜੂਨ, 184) ਵਿਚ ਦਰਸ਼ਨ ਸਿੰਘ ਦੀ ਕਹਾਣੀ 'ਰੱਬ ਨਾਲ ਗੱਲਾਂ' ਪੜ੍ਹ ਕੇ ਤਸੱਲੀ ਹੋ ਗਈ। ਦਰਸ਼ਨ ਸਿੰਘ ਦੀਆਂ ਕਹਾਣੀਆਂ 'ਸਿਰਜਣਾ' ਵਿਚ ਪਹਿਲਾਂ ਵੀ ਪੜ੍ਹੀਆਂ ਹਨ ਅਤੇ ਉਨ੍ਹਾਂ ਵੱਲੋਂ ਲਿਖੇ ਕੁਝ ਨਾਵਲ ਵੀ ਪੜ੍ਹੇ ਹੋਏ ਹਨ, ਪਰ ਇਸ ਕਹਾਣੀ ਦੇ ਪਲਾਟ ਨੇ ਤਾਂ ਧੰਨ ਧੰਨ ਕਰਵਾ ਦਿੱਤੀ। ਇਹ ਕਹਾਣੀ ਪੜ੍ਹਦਿਆਂ ਮਨ ਉਤੇ ਦੋਹਰੇ ਵਾਰ ਚੱਲ ਰਹੇ ਹਨ। ਇਕ ਤਾਂ ਦਰਸ਼ਨ ਸਿੰਘ ਦੇ ਤੁਰ ਜਾਣ ਦਾ ਝੋਰਾ ਸੀ, ਦੂਜਾ ਜਿਸ ਢੰਗ ਨਾਲ ਉਸ ਨੇ ਆਪਣੀ ਇਸ ਕਹਾਣੀ ਵਿਚ ਅਖ਼ੀਰਲੀ ਉਮਰੇ ਰੱਬ ਨਾਲ ਗੱਲਾਂ ਕੀਤੀਆਂ ਹਨ; ਉਹ ਵੀ ਬੜੀ ਦਲੀਲ ਨਾਲ। ਇਸ ਹਿਸਾਬ ਨਾਲ ਇਹ ਪੰਜਾਬੀ ਦੀ ਸ਼ਾਹਕਾਰ ਕਹਾਣੀ ਹੈ। ਸਿਰੇ ਦਾ ਸਬਰ ਅਤੇ ਜ਼ਬਤ। ਇਸ ਅੰਕ ਵਿਚ ਰਚਨਾਵਾਂ ਤਾਂ ਹੋਰ ਵੀ ਸਾਰੀਆਂ ਵਧੀਆਂ ਨਿਭੀਆਂ ਹਨ, ਇਥੇ ਮੈਂ ਬਲਜੀਤ ਬਾਸੀ ਦੇ ਲੇਖ 'ਪੀਰੇ ਮੁਗ਼ਾਂ' ਬਾਰੇ ਉਚੇਚੀ ਗੱਲ ਕਰਨੀ ਹੈ। ਇਹ ਲੇਖ 'ਸ਼ਬਦ ਝਰੋਖਾ' ਨਹੀਂ, ਸਗੋਂ ਸਾਹਿਤ ਦਾ ਅਸਲ ਝਰੋਖਾ ਹੋ ਨਿਬੜਿਆ ਹੈ। ਸ਼ਬਦਾਂ ਦੀਆਂ ਜੜ੍ਹਾਂ ਬਾਰੇ ਬਹੁਤ ਸੋਹਣੀ ਤਰ੍ਹਾਂ ਗੱਲ ਕੀਤੀ ਹੋਈ ਹੈ। ਇਸ ਨਾਲ ਜਾਣਕਾਰੀ ਵਿਚ ਤਾਂ ਇਜ਼ਾਫਾ ਹੋਣਾ ਹੀ ਸੀ, ਖ਼ੁਦ ਸ਼ਬਦਾਂ ਦੀ ਚੀਰ-ਫਾੜ ਕਰਨ ਦੀ ਆਦਤ ਜਿਹੀ ਹੋ ਗਈ। ਮੈਨੂੰ ਜਾਪਦਾ ਇਹ ਹੈ ਕਿ ਨਵੇਂ ਵਿਦਿਆਰਥੀਆਂ ਨੂੰ ਟਰੇਨਿੰਗ ਵਜੋਂ ਅਜਿਹੇ ਲੇਖ ਪੜ੍ਹਾਉਣੇ ਅਤੇ ਇਨ੍ਹਾਂ ਦੀ ਚੀਰ-ਫਾੜ ਕਰਨੀ ਸਿਖਾਉਣੀ ਲਾਹੇਵੰਦ ਰਹੇਗੀ। ਇਸੇ ਪੱਖ ਤੋਂ ਸੁਰਜੀਤ ਹਾਂਸ ਵਾਲਾ ਲੇਖ ਵੀ ਕੰਮ ਦਾ ਲੱਗਿਆ। ਉਹ ਵੀ ਸ਼ਬਦਾਂ ਦੀ ਖ਼ੂਬ ਮਰਦੰਗ ਵਜਾਉਂਦੇ ਹਨ, ਪਰ ਕਿਤੇ ਕਿਤੇ ਵਧੀਕੀ ਵੀ ਕਰ ਜਾਂਦੇ ਹਨ। ਸਫਾ 87 ਉੱਤੇ ਉਨ੍ਹਾਂ ਅੰਗਰੇਜ਼ੀ ਸ਼ਬਦ ਵੈਟਰਨ (veteran) ਲਈ ਅਨੁਸਿੱਧ ਸ਼ਬਦ ਲਿਖਿਆ ਹੈ ਜਿਹੜਾ ਬੜਾ ਰੜਕਦਾ ਹੈ। ਸੰਭਵ ਹੈ ਕਿ ਇਸ ਸ਼ਬਦ ਦਾ ਵੀ ਕੋਈ ਪਿਛੋਕੜ ਹੋਵੇ ਅਤੇ ਮੈਨੂੰ ਇਸ ਬਾਰੇ ਇਲਮ ਨਾ ਹੋਵੇ, ਪਰ ਆਮ ਵਰਤੇ ਜਾਂਦੇ ਸ਼ਬਦਾਂ ਨੂੰ ਛੱਡ ਕੇ ਅਜਿਹੇ ਸ਼ਬਦ ਲਿਖਣ ਤੋਂ ਗੁਰੇਜ਼ ਹੀ ਰੱਖਣਾ ਚਾਹੀਦਾ ਹੈ। **-ਮਨਦੀਪ ਸਿੰਘ, ਸੁਧਾਰ. ਲੁਧਿਆਣਾ**

ਸਿਰਜਣਾ-184 ਵਿਚ ਇਸ ਵਾਰ ਦੇ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਲੇਖਕ ਸਵਰਾਜਬੀਰ ਬਾਰੇ ਜਸਵੀਰ ਸਮਰ ਦਾ ਲੇਖ ਧਿਆਨ ਖਿੱਚਦਾ ਹੈ। ਪਹਿਲੀ ਗੱਲ ਤਾਂ ਸਵਰਾਜਬੀਰ ਬਾਰੇ ਬਹੁਤਾ ਲਿਖਿਆ ਮਿਲਦਾ ਨਹੀਂ, ਤੇ ਜਿਹੜਾ ਕੁਝ ਇਧਰੋਂ-ਉਧਰੋਂ ਪੜ੍ਹਿਆ ਹੈ, ਉਹ ਬੇਹੱਦ ਪੰਡਤਾਊ ਕਿਸਮ ਦਾ ਹੈ। ਪੇਸ਼ੇਵਰ ਆਲੋਚਕ ਸ਼ਬਦਾਂ, ਵਾਕਾਂ ਅਤੇ ਵਿਚਾਰਾਂ ਦਾ ਅਜਿਹਾ ਆਡੰਬਰ ਰਚਦੇ ਹਨ ਕਿ ਅਸਲ ਮਸਲਾ ਪਿਛਾਂਹ ਛੁੱਟ ਜਾਂਦਾ ਹੈ। ਇਸ ਲੇਖ ਵਿਚ ਲੇਖਕ ਨੇ ਸਵਰਾਜਬੀਰ ਦੀ ਕਲਾ ਕੌਸ਼ਲਤਾ ਦੇ ਪੱਖ ਤਾਂ ਉਭਾਰੇ ਹੀ ਹਨ, ਨਾਲ ਹੀ ਸਥਾਪਤੀ ਅਤੇ ਸਥਾਪਤੀ-ਵਿਰੋਧ ਨਾਲ ਜੁੜੇ ਨੁਕਤਿਆਂ ਦੀ ਨਿਸ਼ਾਨਦੇਹੀ ਕੀਤੀ ਹੈ। ਮੰਨਿਆ ਕਿ ਸਾਹਿਤ ਵਿਚ ਇਸ ਤਰ੍ਹਾਂ ਦੀਆਂ ਸਿੱਧੀਆਂ ਲਕੀਰਾਂ ਖਿੱਚਣੀਆਂ ਔਖੀਆਂ ਹੁੰਦੀਆਂ ਹਨ, ਫਿਰ ਵੀ ਇਹ ਨੁਕਤਾ ਨਿੱਠ ਕੇ ਵਿਚਾਰਨ ਯੋਗ ਤਾਂ ਹੈ ਹੀ। ਲਗਦੇ ਹੱਥ ਇਹ ਵੀ ਕਹਿਣਾ ਹੈ ਕਿ ਅਜਿਹੇ ਇਨਾਮਾਂ-ਸਨਮਾਨਾਂ ਮੌਕੇ ਛਪਦੇ ਲੇਖ ਆਮ ਕਰ ਕੇ ਸਿਹਰੇ ਹੀ ਬਣ ਜਾਂਦੇ ਹਨ, ਜਾਂ ਕਹਿ ਲਵੋ ਕਿ ਲੇਖਕ ਦੀਆਂ ਤਾਰੀਫ਼ਾਂ ਦੇ ਪੁਲ ਹੀ ਬੰਨ੍ਹੇ ਹੁੰਦੇ ਹਨ। 'ਸਿਰਜਣਾ' ਨੇ ਇਸ ਪੱਖ ਤੋਂ ਲੀਹ ਤੋੜੀ ਹੈ ਅਤੇ ਇਨਾਮ ਹਾਸਲ ਕਰਨ ਵਾਲੇ ਲੇਖਕ ਤੇ ਉਸ ਦੀਆਂ ਲਿਖਤਾਂ ਦਾ ਨੋਟਿਸ ਲੈਣ ਦੇ ਨਾਲ ਨਾਲ ਇਕ ਖਾਸ ਵਿਚਾਰ ਵੀ ਪਾਠਕਾਂ ਅੱਗੇ ਰੱਖਿਆ ਹੈ। ਇਕ ਮੁੱਦਾ ਸ਼ਾਇਰਾ ਪਾਲ ਕੌਰ ਦੀ ਸਵੈ-ਜੀਵਨੀ ਬਾਰੇ ਛਪੇ ਗੁਰਦੀਪ ਕੋਰ ਦੇ ਲੇਖ ਬਾਰੇ ਹੈ। ਸੱਚੀ ਗੱਲ ਤਾਂ ਇਹ ਹੈ ਕਿ ਪਾਲ ਕੌਰ ਦੀਆਂ ਕੁਝ ਕਵਿਤਾਵਾਂ ਚੰਗੀਆਂ

ਹੈਨ, ਪੜ੍ਹਨਯੋਗ ਵੀ ਹੋਣਗੀਆਂ, ਪਰ ਮੈਨੂੰ ਇਨ੍ਹਾਂ ਕਵਿਤਾਵਾਂ ਨੇ ਕਦੀ ਬਹੁਤਾ ਪ੍ਰਭਾਵਤ ਨਹੀਂ ਕੀਤਾ। ਹੁਣ ਉਸ ਦੀ ਸਵੈ-ਜੀਵਨੀ ਬਾਰੇ ਪੜ੍ਹ ਕੇ ਉਤਸੁਕਤਾ ਜਾਗੀ ਹੈ। ਇਸ ਕਿਤਾਬ ਵਿਚ ਜਾਪਦਾ ਹੈ, ਕੁਝ ਵੱਖਰਾ ਬਿਆਨ ਕੀਤਾ ਹੋਇਆ ਹੋਵੇਗਾ। ਇਸ ਤਰ੍ਹਾਂ ਦੇ ਵਿਚਾਰ ਬਲਬੀਰ ਮਾਧੋਪੁਰੀ ਬਾਰੇ ਵੀ ਜ਼ਿਹਨ ਵਿਚ ਉਭਰੇ ਸਨ। ਉਹਦੀ ਕਵਿਤਾ ਵੀ ਬਹੁਤੀ ਪ੍ਰਭਾਵਤ ਨਹੀਂ ਕਰਦੀ, ਪਰ ਉਸ ਨੇ ਆਪਣੀ ਸਵੈ-ਜੀਵਨੀ 'ਛਾਂਗਿਆ ਰੁੱਖ' ਵਿਚ ਕਮਾਲ ਕੀਤੀ ਹੋਈ ਹੈ। ਸੰਪਾਦਕੀ 'ਧਰਮ ਅਤੇ ਰਾਸ਼ਟਰਵਾਦ' ਵਿਚ ਅੱਜ ਦੇ ਬਣ ਰਹੇ ਮਾਹੌਲ ਬਾਰੇ ਜੋ ਵਿਚਾਰ ਸਾਂਝੇ ਕੀਤੇ ਗਏ ਹਨ, ਉਹ ਵਕਤ ਦੀ ਲੋੜ ਮੁਤਾਬਕ ਹਨ। ਵਕਤ ਖੁੰਝਣ ਤੋਂ ਪਹਿਲਾਂ ਪਹਿਲਾਂ ਪੰਜਾਬੀ ਕਲਮਕਾਰਾਂ ਨੂੰ ਹੁੰਗਾਰਾ ਭਰਨਾ ਚਾਹੀਦਾ ਹੈ। **-ਅਮਰਜੀਤ ਕੌਰ, ਮੁਹਾਲੀ**

'ਸਿਰਜਣਾ-184' ਵਿਚ ਛਪੀਆਂ ਤਿੰਨੇ ਹੀ ਕਹਾਣੀਆਂ ਵਧੀਆਂ ਲੱਗੀਆਂ। ਦਰਸ਼ਨ ਸਿੰਘ ਦੀ ਕਹਾਣੀ 'ਰੱਬ ਨਾਲ ਗੱਲਾਂ' ਤਾਂ ਸਭ ਉਲਾਂਭੇ ਲਾਹੁਣ ਵਾਲੀ ਹੈ। ਇਸ ਫਾਨੀ ਸੰਸਾਰ ਤੋਂ ਪਿੱਛੇ ਜਿਹੇ ਵਿਛੜੇ ਲੇਖਕ ਦੀ ਇਹ ਕਹਾਣੀ ਪਾਠਕਾਂ ਤਕ ਅੱਪੜਦੀ ਕਰਨ ਲਈ 'ਸਿਰਜਣਾ' ਵਧਾਈ ਦਾ ਹੱਕਦਾਰ ਹੈ। ਲਾਲ ਸਿੰਘ ਦੀ ਕਹਾਣੀ 'ਅੱਗੇ ਸਾਖੀ ਹੋਰ ਚੱਲੀ' ਵੀ ਕੋਈ ਘੱਟ ਨਹੀਂ। ਪੀੜ੍ਹੀ ਪਾੜੇ ਦੀ ਬਾਤ ਸੋਹਣੀ ਤਰ੍ਹਾਂ ਸੁਣਾਈ ਹੈ। ਕਹਾਣੀ ਵਿਚਲੇ ਉਤਰਾਅ-ਚੜ੍ਹਾਅ ਅਸਰ ਪਾਉਂਦੇ ਹਨ। ਕਹਾਣੀ ਦੀ ਗੋਂਦ ਬੜੀ ਪੀਡੀ ਹੈ ਅਤੇ ਰਸਦਾਰ ਵੀ। ਅਜਿਹਾ ਕਾਮਯਾਬ ਸੁਮੇਲ ਗਲਪ ਰਚਨਾਵਾਂ ਵਿਚ ਵਿਰਲਾ-ਟਾਵਾਂ ਮਿਲਦਾ ਹੈ। ਬਲਬੀਰ ਪਰਵਾਨਾ ਨੇ 'ਸ਼ਾਪਿੰਗ' ਵਿਚ ਨਵੇਂ ਜ਼ਮਾਨੇ ਦੀ ਚਰਚਾ ਛੇੜੀ ਹੈ। ਚੇਤੇ ਵਿਚ ਗੋਲ ਚੱਕਰ ਅੰਦਰ ਬੇਤਹਾਸ਼ਾ ਆਦਮੀ ਦਿਸਣ ਲੱਗ ਪੈਂਦਾ ਹੈ। ਮੱਧ ਵਰਗ ਲਈ ਅੱਜ ਦਾ ਜ਼ਮਾਨਾ ਨੱਠ-ਭੱਜ ਤੋਂ ਵੱਧ ਸ਼ਾਇਦ ਕੁਝ ਵੀ ਨਹੀਂ ਰਹਿ ਗਿਆ। ਏਦਾਂ ਦੇ ਵਕਤਾਂ ਉੱਤੇ ਸ਼ਾਇਰ ਗੁਰਪ੍ਰੀਤ ਦੀਆਂ 'ਕੁਝ ਸੱਜਰੀਆਂ ਕਵਿਤਾਵਾਂ' ਸੱਚਮੁੱਚ ਸੱਜਰੇਪਨ ਦਾ ਅਹਿਸਾਸ ਕਰਵਾਉਂਦੀਆਂ ਹਨ। **-ਸ਼ਹਿਨਾਜ਼, ਬਠਿੰਡਾ**

ਪਰਚੇ (ਅਪਰੈਲ-ਜੂਨ, 2017) ਵਿਚ ਪੇਸ਼ ਵੰਨਗੀ ਧਿਆਨ ਖਿੱਚਦੀ ਹੈ। ਸਭ ਤੋਂ ਵੱਧ ਹੈਰਾਨ ਕਰਨ ਵਾਲੀ ਰਚਨਾ ਚੰਦਨ ਨੇਗੀ ਦੀ ਸੀ ਜੋ ਉਨ੍ਹਾਂ ਆਪਣੇ ਭਾਪਾ ਜੀ ਬਾਬਤ ਲਿਖੀ ਹੈ। ਵਾਹਵਾ ਜਾਣਕਾਰੀ ਭਰਪੂਰ ਰਚਨਾ ਹੈ। ਵਿਰਸੇ ਦੀ ਇਹ ਝਾਤ ਚੰਗੀ ਲੱਗੀ। ਫਿਰ ਸੁਰਜੀਤ ਹਾਂਸ, ਬਲਜੀਤ ਬਾਸੀ, ਜਸਵੀਰ ਸਮਰ, ਗੁਰਦੀਪ ਕੋਰ ਦੇ ਲੇਖ, ਗਲਪਕਾਰ ਅਵਤਾਰ ਸਿੰਘ ਬਿਲਿੰਗ ਵਾਲੀ ਮੁਲਾਕਾਤ ਅਤੇ ਕਹਾਣੀਆਂ, ਸਮਝੋ ਖਰਚੇ ਪੈਸਿਆਂ ਦਾ ਮੁੱਲ ਮੁੜ ਜਾਂਦਾ ਹੈ ਅਤੇ ਸਾਹਿਤ ਨਾਲ ਗੂੜ੍ਹੀ ਸਾਂਝ ਵੀ ਪੈਂਦੀ ਹੈ। 'ਰੱਬ ਨਾਲ ਗੱਲਾਂ' ਕਹਾਣੀ ਨਾਲ ਲਿਖਿਆ ਨੋਟ ਪੜ੍ਹ ਕੇ ਪਹਿਲਾਂ ਦੁੱਖ ਹੋਇਆ, ਪਰ ਕਹਾਣੀ ਪੜ੍ਹੀ ਤਾਂ ਪਤਾ ਨਹੀਂ ਕੀ ਭਾਣਾ ਵਾਪਰਿਆ, ਦੁੱਖ ਕਾਫ਼ੂਰ ਹੋ ਗਿਆ। ਇਹ ਇਸ ਕਹਾਣੀ ਦੀ ਹੀ ਤਾਕਤ ਹੋਵੇਗੀ। **-ਪਰਮਪਾਲ ਔਲਖ, ਚੰਡੀਗੜ੍ਹ**

ਚੰਡੀਗੜ੍ਹ ਤੋਂ ਛਪਣ ਆਲੇ ਤਿਮਾਹੀ ਪੰਜਾਬੀ ਰਿਸਾਲੇ ਦੇ ਸੱਜਰੇ ਪਰਾਗੇ (ਜਨਵਰੀ-ਮਾਰਚ 2017) 183 ਵਿਚ ਮੋਦੀ ਹਕੂਮਤ ਦੀਆਂ ਪਾਲਸੀਆਂ ਦੀ ਮੁਖ਼ਾਲਫਤ ਦੇ ਨਾਲ ਇੰਡੀਅਨ ਮੀਡੀਆ ਦੇ ਗ਼ਲਤ ਰਵਈਏ 'ਤੇ ਖੁਲ੍ਹ ਕੇ ਗੱਲ ਕੀਤੀ ਗਈ ਏ। 'ਸੰਦੀਪ ਦੀਆਂ ਸੱਜਰੀਆਂ ਕਵਿਤਾਵਾਂ' ਦੇ ਨਾਂ ਨਾਲ ਅੱਗੇ ਪੰਨੇ 'ਤੇ ਉਹਦੀਆਂ ਨਜ਼ਮਾਂ ਛਾਪੀਆਂ ਗਈਆਂ ਜੋ ਬਹੁਤ ਹੀ ਵੱਖਰਾ ਅੰਦਾਜ਼ ਰੱਖਦੀਆਂ ਨੇ। ਉਨ੍ਹਾਂ ਦੀ ਇਕ ਨਜ਼ਮ 'ਹੰਝੂ' ਕੁਝ ਇੰਝ ਏ: *ਉਹ ਮੈਨੂੰ/ ਹੰਝੂ ਬਣਕੇ ਮਿਲਿਆ / ਬੜਾ ਰੋਕਿਆ ਮੈਂ/ ਪਰ ਨਜ਼ਰਾਂ 'ਚ ਡਿੱਗ ਹੀ ਪਿਆ*। ਅਗਲੇ ਪੰਨਿਆਂ 'ਤੇ ਅਸੀਂ ਹਰਪ੍ਰੀਤ ਦੀ ਕਹਾਣੀ 'ਇਕ ਹੋਰ ਸੁੱਚਾ ਸਿੰਘ', ਬਲਜਿੰਦਰ ਨਸਰਾਲੀ 'ਜੇ ਉਹ ਹੁੰਦੀ', ਸਿਮਰਨ ਧਾਲੀਵਾਲ ਦੀ 'ਘਰ' ਤੇ ਤੌਕੀਰ ਚੁਗਤਾਈ ਦੀ 'ਬੇਵਸੀ' ਪੜ੍ਹ ਸਕਦੇ ਹਾਂ। ਏਸ

ਪਰਾਗੇ ਵਿਚ ਦਰਸ਼ਨ ਸਿੰਘ ਦੀਆਂ ਯਾਦਾਂ 'ਮੇਰੀ ਭਾਬੀ' ਸਿਰਨਾਵੇਂ ਹੇਠ ਮਿਲਦੀ ਏ। ਤੇ ਬਾਅਦ 'ਚ ਹਰਜਿੰਦਰ ਸੂਰੇਵਾਲੀਆ ਦਾ ਰੇਖਾ ਚਿਤਰ 'ਮਸਖਰਾ ਵਿਦਵਾਨ ਪ੍ਰੋਫੈਸਰ ਬ੍ਰਹਮ ਜਗਦੀਸ਼ ਸਿੰਘ' ਵੀ ਪੜ੍ਹਿਆ ਜਾ ਸਕਦਾ ਏ। ਸੰਤੋਖ ਸਿੰਘ ਸੰਤੋਖ ਪਿਛਲੇ ਦਿਨੀਂ ਸਾਥੋਂ ਜੁਦਾ ਹੋ ਗਏ। ਉਹ ਜ਼ਿੰਦਗੀ ਵਿਚ ਲੰਮਾ ਸਮਾਂ ਬਿਮਾਰੀ ਨਾਲ ਤਾਂ ਲੜਦੇ ਰਹੇ ਪਰ ਨਾਲ ਹੀ ਅੰਧ ਵਿਸ਼ਵਾਸ ਨੂੰ ਵੀ ਉਨ੍ਹਾਂ ਕੋਲੋਂ ਹਮੇਸ਼ਾ ਖਤਰਾ ਰਿਹਾ। ਸੰਤੋਖ ਸਿੰਘ ਸੰਤੋਖ ਯੂ.ਕੇ. 'ਚ ਰਹਿਣ ਆਲ਼ਾ ਪੰਜਾਬੀ ਸਾਹਿਤ ਦਾ ਇਕ ਬਹੁਤ ਵੱਡਾ ਨਾਂ ਸੀ। ਉਹ ਨਾ ਸਿਰਫ ਇਕ ਚੰਗਾ ਲਿਖਾਰੀ, ਮਾਰਕਸਵਾਦੀ ਸਿਆਣਾ ਸਗੋਂ ਇਕ ਬਹੁਤ ਵੱਡਾ ਇਨਸਾਨ ਵੀ ਸੀ। ਸੰਤੋਖ ਸਿੰਘ ਸੰਤੋਖ ਨਾਲ ਮੇਰੀਆਂ ਵੀ ਬਹੁਤ ਲੰਮੀਆਂ ਮੁਲਾਕਾਤਾਂ ਰਹੀਆਂ ਤੇ ਮੈਂ ਕਈ ਵਾਰ ਉਹਦੇ ਘਰ ਰੈਡਿੰਗ ਵਿਚ ਕਿੰਨੇ ਕਿੰਨੇ ਦਿਨ ਉਹਦੇ ਨਾਲ਼ ਰਹਿਣ ਲਈ ਚਲਾ ਜਾਂਦਾ ਸਾਂ ਯਾ ਉਹ ਜਦੋਂ ਵੀ ਕਿਸੇ ਸਾਹਿਤਕ ਸਮਾਗਮ ਵਿਚ ਲੰਦਨ ਆਉਂਦਾ ਤਾਂ ਜਾਂਦੀ ਵਾਰ ਮੈਨੂੰ ਆਪਣੇ ਨਾਲ ਲੈ ਜਾਂਦਾ। ਮੁਲਾਕਾਤਾਂ ਵਿਚ ਮੈਨੂੰ ਉਹਦੇ ਕੰਮ ਕਾਰ, ਜਵਾਨੀ, ਸੋਚ ਤੇ ਰੁਝੇਵੇਂ ਬਾਰੇ ਵੀ ਬਹੁਤ ਕੁਝ ਪਤਾ ਚੱਲਿਆ ਤੇ ਮੈਂ ਉਹਦੇ ਦੋਸਤਾਂ ਦਾ ਵੀ ਦੋਸਤ ਬਣਿਆ। ਪਰ ਉਸ ਤੀਕ ਪਹੁੰਚਣ ਦਾ ਵਸੀਲਾ ਮੇਰੇ ਲਈ ਮੁਸ਼ਤਾਕ ਸਿੰਘ ਸੀ ਜੀਹਦੇ ਨਾਲ ਸੰਤੋਖ ਸਿੰਘ ਦੀ ਦੋਸਤੀ ਦੀਆਂ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਨੇ। 'ਸਿਰਜਣਾ' ਵਿਚ 'ਸੰਤੋਖ ਸਿੰਘ ਸੰਤੋਖ ਨਾਲ ਮੁਲਾਕਾਤ' ਦੇ ਸਿਰਨਾਵੇਂ ਹੇਠ ਸਤਨਾਮ ਸਿੰਘ ਢਾਹ ਹੋਰਾਂ ਨਾਲ ਕੀਤਾ ਉਹਨਾਂ ਦੀ ਮੌਤ ਤੋਂ ਕੁਛ ਚਿਰ ਪਹਿਲਾਂ ਦਾ ਇੰਟਰਵਿਊ ਸ਼ਾਮਲ ਏ ਜਿਸਨੂੰ ਪੜ੍ਹ ਕੇ ਉਹਨਾਂ ਬਾਰੇ ਬਹੁਤ ਕੁਛ ਪਤਾ ਚੱਲ ਸਕਦਾ ਏ। ਏਸ ਤੋਂ ਅੱਗੇ ਚਮਨ ਲਾਲ ਹੋਰਾਂ ਦਾ ਲੇਖ 'ਮਾਰਕਸਵਾਦੀ ਚਿੰਤਕ ਅਧਿਆਪਕ ਅਤੇ ਪੰਜਾਬੀ ਕਵੀ ਪ੍ਰੋਫੈਸਰ ਰਣਧੀਰ ਸਿੰਘ' ਸ਼ਾਮਲ ਹੈ। ਸੁਰਜੀਤ ਹਾਂਸ ਨੇ 'ਪੀਣ ਵਾਲਾ ਪਾਣੀ' ਦੇ ਅਨੁਵਾਨ ਹੇਠ ਅੰਗਰੇਜ਼ੀ ਕਿਤਾਬ 'ਡਰਿੰਕਿੰਗ ਵਾਟਰ' ਦੇ ਹਵਾਲੇ ਨਾਲ ਗੱਲ ਕੀਤੀ ਏ। ਇਹ ਮਜ਼ਮੂਨ ਬਹੁਤ ਮਾਅਲੂਮਾਤੀ ਏ ਜੀਹਦੇ ਵਿਚ ਪਾਣੀ ਦੀ ਵਰਤੋਂ, ਇਹਦੀ ਵਿਕਰੀ ਤੇ ਆਉਣ ਵਾਲੇ ਦਿਨਾਂ ਵਿਚ ਇਹਨੂੰ ਹਾਸਲ ਕਰਨ ਦੀਆਂ ਔਕੜਾਂ ਦੇ ਨਾਲ ਇਨਸਾਨੀ ਸਿਹਤ 'ਤੇ ਇਹਦੇ ਅਸਰ ਬਾਰੇ ਵੀ ਗੱਲ ਕੀਤੀ ਗਈ ਏ। ਏਸ ਤੋਂ ਛੁੱਟ ਸੱਜਰੇ 'ਸਿਰਜਣਾ' ਵਿਚ ਕਿਤਾਬਾਂ ਦੇ ਤਬਸਰੇ ਤੇ ਹੋਰ ਵੀ ਬਹੁਤ ਕੁਛ ਸਾਮਲ ਏ। ਏਨਾ ਸੋਹਣਾ ਤੇ ਵੱਖਰੇ ਰੰਗ ਦਾ ਪੰਜਾਬੀ ਰਿਸਾਲਾ ਹਰ ਤਿੰਨ ਮਹੀਨਿਆਂ ਬਾਅਦ ਛਾਪਕੇ ਸਾਡੇ ਹੱਥਾਂ 'ਚ ਲਿਆਣ ਲਈ ਅਸੀਂ 'ਸਿਰਜਣਾ' ਦੇ ਐਡੀਟਰ ਤੇ ਮਾਰਕਸਵਾਦੀ ਸੋਚ ਨੂੰ ਸਾਹਮਣੇ ਰਖਦੇ ਹੋਏ ਸਾਹਿਤ ਦੀ ਖਿਦਮਤ ਕਰਨ ਵਾਲੇ ਵਿਦਵਾਨ ਰਘਬੀਰ ਸਿੰਘ ਹੋਰਾਂ ਦੇ ਸ਼ੁਕਰਗੁਜ਼ਾਰ ਹਾਂ। **-ਤੌਕੀਰ ਚੁਗ਼ਤਾਈ, ਕਰਾਚੀ, ਪਾਕਿਸਤਾਨ**

ਸੁਰਜੀਤ ਹਾਂਸ ਦੇ ਲੇਖ ਦਾ ਸਿਰਲੇਖ ਪੜ੍ਹ ਕੇ ਹੀ ਅਨੰਦ ਆ ਗਿਆ- ਅੰਗਰੇਜ਼ੀ 'ਚ ਪੰਜਾਬੀ ਨਾਵਲ। ਸਿਰਲੇਖ ਪੜ੍ਹ ਕੇ ਸਭ ਤੋਂ ਪਹਿਲਾਂ ਇਹੀ ਲੇਖ ਪੜ੍ਹਿਆ। ਬਹੁਤ ਸਾਰੀਆਂ ਨਵੀਆਂ ਗੱਲਾਂ ਲੱਭੀਆਂ। ਵਲੈਤ ਵੱਸਦੇ ਸੰਜੀਵ ਸਹੋਤਾ ਦਾ ਗੈਰ-ਪਰਵਾਸੀਆਂ ਬਾਰੇ ਲਿਖਿਆ ਇਹ ਨਾਵਲ 'The Year of the Runaway' ਤਾਂ ਜੋ ਹੋਵੇਗਾ, ਸੋ ਹੋਵੇਗਾ; ਇਸ ਲੇਖ ਨੇ ਹੀ ਰੂਹ ਰਜਾ ਦਿੱਤੀ। ਏਨੀਆਂ ਹੀ ਸੰਘਣੀਆਂ ਰਚਨਾਵਾਂ ਛਪਣੀਆਂ ਚਾਹੀਦੀਆਂ ਹਨ।

-ਕਿਰਪਾਲ ਸਿੰਘ ਮੱਗੂ, ਅੰਬਾਲਾ ਛਾਉਣੀ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: ਰਘਬੀਰ ਸਿੰਘ ਪ੍ਰਕਾਸ਼ਨ ਮਿਤੀ: 1 ਜੁਲਾਈ, 2017

ਜਪਾਨ ਵੱਸਦੇ ਸ਼ਾਇਰ ਪਰਮਿੰਦਰ ਸੋਢੀ ਦਾ ਨਵਾਂ ਕਾਵਿ ਸੰਗ੍ਰਹਿ

ਅਚਾਨਕ ਆਈ ਪੱਤਝੜ



'ਅਚਾਨਕ ਆਈ ਪੱਤਝੜ' ਵਿਚ ਪਰਮਿੰਦਰ ਸੋਢੀ ਦਾ ਆਪਣਾ, ਜਾਣਿਆ-ਪਛਾਣਿਆ ਅਕਸ ਝਾਤੀਆਂ ਮਾਰਦਾ ਦਿਸਦਾ ਹੈ। ਇਹ ਕਵਿਤਾ ਸਮੁੰਦਰ ਕੰਢੇ ਪੋਲੇ ਪੈਰੀਂ ਸੈਰ ਕਰਨ ਅਤੇ ਲਹਿਰਾਂ ਨਾਲ ਸੰਵਾਦ ਰਚਾਉਣ ਦਾ ਅਹਿਸਾਸ ਕਰਵਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਇਨ੍ਹਾਂ ਵਿਚਲਾ ਸਹਿਜ, ਸਿਆਹੀ ਵਿਚ ਘੁਲ਼ ਕੇ ਮਾਨੋ ਦੂਣ-ਸਵਾਇਆ ਹੋ ਗਿਆ ਹੈ।

ਪੰਨੇ 96 ਸੁੰਦਰ ਦਿੱਖ ਮੁੱਲ 125 ਰੁਪਏ

ਚੇਤਨਾ ਪ੍ਰਕਾਸ਼ਨ, ਲੁਧਿਆਣਾ

SIRJANA Literary Punjabi Quarterly Chandigarh
No. 185 ISSN 2455-1058 July - September 2017
Registered with the Registrar of Newspapers for India vide R.N. 10215/65

ਨਿਰਾਲੇ ਤੇ ਨਿਵੇਕਲੇ ਪੰਜਾਬੀ ਸ਼ਾਇਰ ਤੇ ਚਿੱਤਰਕਾਰ
ਦੇਵ ਦੀ ਜ਼ਿੰਦਗੀ ਦਾ ਸਫ਼ਰ

ਤਿਕੋਨਾ ਸਫ਼ਰ



ਦੇਵ ਦੀ ਸ਼ਾਇਰੀ ਅਤੇ ਚਿੱਤਰਕਾਰੀ, ਦੋਵੇਂ ਹੀ ਪਿਆਰ-ਮੁਹੱਬਤ ਲਈ ਭਰੀ ਪਰਵਾਜ਼ ਹਨ। ਕਾਵਿ-ਰੂਪ ਵਿਚ ਬੰਨ੍ਹੀ ਉਹਦੀ ਸਵੈ-ਜੀਵਨੀ 'ਤਿਕੋਨਾ ਸਫ਼ਰ' ਵਿਚ ਇਹ ਪਰਵਾਜ਼ ਪਿੱਛੇ ਛੁੱਟਦੀ ਜਾਂਦੀ ਪਰੰਪਰਾ ਅਤੇ ਅਗਾਂਹ ਰਾਹ ਮੋਕਲੇ ਕਰਦੀ ਤਲਾਸ਼ ਦਾ ਕੋਈ ਜਲੌਅ ਹੈ। ਉਹਦੀ ਤਲਾਸ਼ ਦੀ ਪਿਆਸ ਅਮੁੱਕ, ਅਮੋੜ ਅਤੇ ਅਰੋਕ ਹੈ। 'ਤਿਕੋਨਾ ਸਫ਼ਰ' ਇਸ ਤਲਾਸ਼ ਅਤੇ ਪਿਆਸ ਦੀਆਂ ਵੰਨ-ਸੁਵੰਨੀਆਂ ਪਰਤਾਂ ਫਰੋਲਦੀ ਹੈ।

ਪੰਨੇ 86 ਸੁੰਦਰ ਦਿੱਖ ਮੁੱਲ 175 ਰੁਪਏ

ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ